

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 33
November 27, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ 'ਹਿੰਦ ਦੀ ਚਾਦਰ' ਗੁਰੂ ਤੇਗ ਬਹਾਦਰ ਜੀ' ਪ੍ਰੋ: ਐਚ. ਐਲ. ਕਪੂਰ ਦਾ ਲੇਖ ਦੇਖੋ ਸਫਾ 19 'ਤੇ

## ਨਿਊਜਰਸੀ ਦੇ ਗਵਰਨਰ ਵੱਲੋਂ ਸਿੱਖਾਂ ਦੇ ਯੋਗਦਾਨ ਦੀ ਸ਼ਲਾਘਾ

**ਵਾਸ਼ਿੰਗਟਨ (ਬਿਊਰੋ)–** ਨਿਊਜਰਸੀ ਦੇ ਗਵਰਨਰ ਫਿਲ ਮਰਫੀ ਨੇ ਸੂਬੇ ਦੇ ਵਿਕਾਸ 'ਚ ਸਿੱਖਾਂ ਵੱਲੋਂ ਪਾਏ ਗਏ ਯੋਗਦਾਨ ਦੀ ਸ਼ਲਾਘਾ ਕੀਤੀ ਹੈ। ਦਸਤਾਰ 'ਚ ਸਜੇ ਮਰਫੀ ਨੇ ਆਪਣੇ ਭਾਸ਼ਣ ਦੀ ਸ਼ੁਰੂਆਤ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਦੇ ਉਚਾਰਣ ਨਾਲ ਕੀਤੀ। ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਸਮਾਗਮ 'ਚ ਸੈਂਕੜੇ ਸਿੱਖ-ਅਮਰੀਕੀਆਂ ਨੂੰ ਸੰਬੋਧਨ ਹੁੰਦਿਆਂ ਮਰਫ਼ੀ ਨੇ ਕਿਹਾ ਕਿ ਨਿਊਜਰਸੀ 'ਚ ਵੱਖ ਵੱਖ ਭਾਂਤ ਦੇ ਵਿਅਕਤੀ ਨਜ਼ਰ ਆਉਂਦੇ ਹਨ ਅਤੇ ਹਰੇਕ ਭਾਈਚਾਰਾ ਪ੍ਰਾਂਤ ਦੇ ਵਿਕਾਸ 'ਚ ਆਪਣਾ ਯੋਗਦਾਨ ਪਾਉਂਦਾ ਹੈ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰੇ ਤੋਂ ਬਿਨਾਂ ਸਮਾਜ ਬੇਰੰਗ ਹੋ ਜਾਵੇਗਾ। ਮਰਫ਼ੀ ਮੁਤਾਬਕ ਸਮਾਜ 'ਚ ਸਿੱਖਾਂ ਦੀ ਹੋਂਦ ਨਾਲ ਨਿਊਜਰਸੀ ਰੰਗੀਨ ਹੋਇਆ ਪਿਆ ਹੈ। ਸਮਾਗਮ ਦਾ ਪ੍ਰਬੰਧ 'ਲੈਂਟਸ ਸ਼ੇਅਰ ਏ ਮੀਲ' ਨੇ ਸਿੱਖ ਚੈਂਬਰ ਆਫ਼ ਕਾਮਰਸ ਗਲੋਬਲ, ਧਨ ਗੁਰੂ ਨਾਨਕ ਜਥਾ ਅਤੇ ਐ-ਸਏਵੀਏ ਦੇ ਸਹਿਯੋਗ ਨਾਲ ਸ਼ਨਿਚਰਵਾਰ ਨੂੰ ਨਿਊਜਰਸੀ ਦੇ ਪਰਫਾਰਮਿੰਗ ਆਰਟਸ ਸੈਂਟਰ 'ਤੇ ਕਰਵਾਇਆ ਗਿਆ ਸੀ।



ਅਮਰੀਕੀ ਇਤਿਹਾਸ ਦੇ ਪਹਿਲੇ ਸਿੱਖ-ਅਮਰੀਕੀ ਅਟਾਰਨੀ ਜਨਰਲ ਅਤੇ ਨਿਊਜਰਸੀ ਦੇ 61ਵੇਂ ਅਟਾਰਨੀ ਜਨਰਲ ਗੁਰਬੀਰ ਸਿੰਘ ਗਰੇਵਾਲ ਨੇ ਭਾਰਤ-ਅਮਰੀਕੀ ਪੁਲੀਸ ਅਧਿਕਾਰੀ ਸੰਦੀਪ ਸਿੰਘ ਧਾਲੀਵਾਲ ਦੀ ਮਿਸਾਲ ਦੇ ਕੇ ਸਿੱਖ ਭਾਈਚਾਰੇ ਦੀ ਸ਼ਲਾਘਾ ਕੀਤੀ। ਧਾਲੀਵਾਲ ਦੀ ਸਤੰਬਰ 'ਚ ਡਿਊਟੀ ਦੌਰਾਨ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਡਿਪਟੀ ਧਾਲੀਵਾਲ ਨੇ ਆਪਣੇ ਫਿਰਕੇ ਦੀ ਰਾਖੀ ਕੀਤੀ ਅਤੇ ਹੋਰਾਂ ਦੀ ਸੇਵਾ ਕਰਦਿਆਂ ਉਸ ਨੇ ਆਪਣੀ ਜਾਨ ਦੀ ਬਾਜ਼ੀ ਲਾ ਦਿੱਤੀ। ਇਸ ਮੰਦਭਾਗੀ ਘਟਨਾ ਤੋਂ ਪੂਰੀ ਦੁਨੀਆਂ ਨੇ ਦੇਖਿਆ ਕਿ ਅਸੀ ਬਤੌਰ ਸਿੱਖ ਜਾਣਦੇ ਹਾਂ ਕਿ ਗੁਰੂ ਨਾਨਕ ਨੇ ਸਾਨੂੰ ਕੀ ਸਿਖਾਇਆ ਹੈ। ਉੱਘੇ ਅਮਰੀਕੀ ਕਾਮੇਡੀਅਨ ਅਤੇ ਮੁੱਖ ਬੁਲਾਰੇ ਹਸਨ ਮਿਨਹਾਜ ਨੇ ਪੱਤਰਕਾਰ ਸ਼ਵੇਤਾ ਸਿੰਘ ਨਾਲ ਬੈਠ ਕੇ ਗੁਰੂ ਨਾਨਕ ਦੀਆਂ ਸਿੱਖਿਆਵਾਂ ਅਤੇ ਦੁਨੀਆਂ ਦੇ ਹਾਲਾਤ ਬਾਰੇ ਵਿਸਥਾਰ ਨਾਲ ਵਿਚਾਰ ਵਟਾਂਦਰਾ ਕੀਤਾ। 'ਲੈਂਟਸ ਸ਼ੇਅਰ ਏ ਮੀਲ' ਸੰਸਥਾ ਦੇ ਬਾਨੀ ਓਂਕਾਰ ਸਿੰਘ ਨੇ ਕਿਹਾ ਕਿ ਸਮਾਗਮ ਦਾ ਮੁੱਖ ਮਕਸਦ ਗੁਰੂ ਨਾਨਕ ਦੀਆਂ ਸਿੱਖਿਆਵਾਂ ਅਤੇ ਸਿੱਖੀ ਬਾਰੇ ਲੋਕਾਂ ਨੂੰ ਜਾਣੂ ਕਰਾਉਣਾ ਸੀ।

## ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਫਰਿਜਨੋ ਵਲੋਂ ਸ਼ਹੀਦਾਂ ਦੀ ਯਾਦ ਵਿਚ ਪ੍ਰੋਗਰਾਮ



(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 3 'ਤੇ)

## ਵਲੇਹੋ 'ਚ "ਗਦਰੀ ਬਾਬਿਆਂ ਦਾ ਮੇਲਾ" ਸਫਲਤਾਪੂਰਵਕ ਸੰਪੰਨ



ਪ੍ਰੋਫੈਸਰ ਜਗਮੋਹਨ ਸਿੰਘ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ
(ਰਿਪੋਰਟ ਦੇਖੋ ਸਫਾ 6 'ਤੇ ਅਤੇ ਤਸਵੀਰਾਂ ਦੇਖੋ ਸਫਾ 11, 12, 13 'ਤੇ)




MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823



Sandeep Jony Bagga



RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# Raja
SWEETS & CATERING



AUTHORIZED CATERER FOR MAJOR 5-STAR HOTELS

ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets



# INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ


WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com




# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਬ ਵੀਬ ਡੀਬ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਬ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।



KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



# INDIA BAZAAR


Jai Ram Gaught
Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਫਰਿਜਨੋ ਵਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਹੋਰ ਸ਼ਹੀਦਾਂ ਦੀ ਯਾਦ ਵਿਚ ਪ੍ਰੋਗਰਾਮ









**ਫਰਿਜਨੋ (ਬਿਊਰੋ)-** ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਫਰਿਜਨੋ ਵਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਨਾਂ ਦੇ ਸਾਥੀ ਸ਼ਹੀਦਾ ਜਿਨਾਂ ਵਿਚ ਬਖਸ਼ੀਸ਼ ਸਿੰਘ, ਸਰੈਣ ਸਿੰਘ ਵੱਡਾ, ਸਰੈਣ ਸਿੰਘ ਛੋਟਾ, ਹਰਨਾਮ ਸਿੰਘ, ਜਗਤ ਸਿੰਘ ਅਤੇ ਵਿਸ਼ਨੂੰ ਗਣੇਸ਼ ਪਿਗਲੇ ਸ਼ਾਮਲ ਸਨ ਨੂੰ ਸਮਰਪਤ ਇਕ ਪ੍ਰੋਗਰਾਮ ਫਰਿਜ਼ਨੋ ਦੇ ਇੰਡੀਆ ਉਵਨ ਦੇ ਹਾਲ ਵਿਚ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਗੁਰੁ ਨਾਨਾਕ ਦੇਵ ਜੀ ਦੇ 550 ਵੇਂ ਪਰਕਾਸ਼ ਉਤਸਵ ਦੇ ਮੌਕੇ ਤੇ ਉਨਾਂ ਦੀ ਮਹਾਨ ਫਿਲਾਸਫੀ ਸਬੰਧੀ ਵੀ ਵਿਚਾਰਾ ਹੋਈਆ। ਇਸ ਪਰੋਗਰਾਮ ਦੀ ਪ੍ਰਧਾਨਗੀ ਫੋਰਮ ਦੇ ਕੈਸ਼ੀਅਰ ਸ੍ ਜਸਵੰਤ ਸਿੰਘ ਮਾਨ ਨੇ ਕੀਤੀ।

ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਪਿਛਲੇ ਲਈ ਸਾਲਾ ਤੋਂ ਆਪਣੇ ਸਾਰੇ ਪਰੋਗਰਾਮਾ ਵਿਚ ਬੱਚਿਆ ਨੂੰ ਬੋਲਣ ਦੇ ਵਿਸ਼ੇਸ ਮੌਕੇ ਦਿੰਦਾ ਆ ਰਿਹ ਹੈ।ਇਸ ਪ੍ਰੋਗਰਾਮ ਵਿਚ ਵੀ ਸ਼ੁਰੂ ਵਿਚ ਸੁਕਰੀਤੀ ਕੁਮਾਰ, ਰਵਨੀਤ ਸੇਖੋਂ ਅਤੇ ਰੀਤ ਕੌਰ ਨੇ ਆਪਣੀਆਂ ਲਿਖੀਆਂ ਹੋਈਆਂ ਤਕਰੀਰਾਂ ਪੇਸ਼ ਕੀਤੀਆ। ਸੁਕਰੀਤੀ ਨੇ ਆਪਣਾ ਹੱਥਾਂ ਨਾਲ ਸ਼ਹੀਦ ਕਰਤਾਰ ਸਿੰਘ ਸਰਾਭੇ ਦਾ ਰੇਖਾ ਚਿਤਰ ਵੀ ਬਣਾਇਆ।ਬੱਚਿਆਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ।

ਗਦਰੀ ਬਾਬਾ ਹਰਨਾਮ ਸਿੰਘ ਕਾਲੇ ਸੰਘਿਆ ਦੇ ਪੋਤੇ ਸ੍ ਸੁਰਿੰਦਰ ਸਿੰਘ ਸੰਘਾ ਨੇ ਕਰਤਾਰ ਸਿੰਘ ਸਰਾਭੇ ਬਾਰੇ ਇਕ ਭਾਵਪੂਰਤ ਗੀਤ ਸੁਣਾਇਆ। ਜਸਵੰਤ ਸਿੰਘ ਮਾਨ ਹੁਣਾ ਨੇ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਸ਼ਹੀਦ ਕਰਤਾਰ ਸਿੰਘ ਸਰਾਭੇ ਦਾ ਗਦਰ ਪਾਰਟੀ ਲਈ ਕੰਮ, ਭਾਰਤ ਪਹੁੰਚਣ ਦੀ ਗਾਥਾ, ਗਰਿਫਤਾਰੀ ਤੋਂ ਬਾਅਦ ਕੇਸ ਚਲਣਾ ਅਤੇ ਜਿਸ ਬਹਾਦਰੀ ਨਾਲ ਉਨਾਂ ਆਪ ਫਾਂਸੀ ਦਾ ਰੱਸਾ ਗਲ ਪਾਇਆ ਦਾ ਵਿਸਥਾਰ ਨਾਲ ਵਰਨਣ ਕੀਤਾ।

ਸ੍ ਮਲਕੀਤ ਸਿੰਘ ਕਿੰਗਰਾਂ ਨੇ ਲੋਕ ਕਵੀ ਸੰਤ ਰਾਮ ਉਦਾਸੀ ਦੀ ਕਵਿਤਾ ਨਾਲ ਸ਼ਹੀਦਾ ਨੂੰ ਸ਼ਰਧਾਜਲੀ ਦਿਤੀ ਅਤੇ ਅੱਜ ਦੇ ਭਾਰਤ ਵਿਚ ਹਰ ਦਿਨ ਵੱਧ ਰਹੀ ਫਿਰਕਾਪ੍ਰਸਤੀ ਤੇ ਚਿੰਤਾ ਪਰਗਟਾਈ। ਉਨਾਂ ਨੇ ਮਨਜੀਤ ਸਿੰਘ ਧਨੇਰ ਨੂੰ ਜੇਲ ਚੋਂ ਰਿਹਾ ਕਰਵਾਉਣ ਲਈ ਵਿਢੀ ਲੋਕ ਲਹਿਰ ਨੂੰ ਜਿਤ ਦੀ ਵਧਾਈ ਦਿਤੀ। ਇਸ ਦੇ ਨਾਲ ਹੀ ਉਨਾਂ ਜੇ ਐਨ ਯੂ ਦੇ ਵਿਦਿਆਰਥੀਆਂ ਦੀਆਂ ਵਧੀਆਂ ਫੀਸਾ ਲਈ ਸਘੰਰਸ਼ ਕਰਦੇ ਵਿਦਿਆਰਥੀਆ ਤੇ ਸਰਕਾਰ ਦੇ ਜੁਲਮ ਦੀ ਨਖੇਧੀ ਵੀ ਕੀਤੀ। ਰਣਜੀਤ ਜੋਤ ਨੇ ਆਪਣੀ ਮਿਠੀ ਤੇ ਬਲੁੰਦ ਆਵਾਜ ਵਿਚ ਦੇਸ਼ ਭਗਤੀ ਦੇ ਗੀਤ ਗਾ ਕੇ ਖੂਬ ਵਾਹ ਵਾਹ ਖੱਟੀ। ਜੀ ਐਚ ਜੀ ਡਾਂਸ ਐਂਡ ਸੰਗੀਤ ਅਕੈਡਮੀ ਦੀ ਟੀਮ ਨੇ ਭੰਗੜਾ ਪੇਸ਼ ਕੀਤਾ। ਮਾਸਟਰ ਸੋਹਣ ਲਾਲ ਹੁਰਾਂ ਨੇ ਇਕ ਕਵਿਤਾ ਸੁਣਾਈ।

ਇੰਦਰਜੀਤ ਚੁਗਾਵਾਂ ਨੇ ਬਾਬੇ ਨਾਨਕ ਦੀ ਸੋਚ ਨੂੰ ਯਾਦ ਕਰਵਾਉਦੀ ਆਪਣੀ ਇਕ ਨਵੀਂ ਕਵਿਤਾ 'ਇਹ ਨਹੀਂ ਨਾਨਕ' ਪੜੀ ਜਿਸਨੂੰ ਲੋਕਾਂ ਨੇ ਬਹੁਤ ਪਸੰਦ ਕੀਤਾ। ਫੋਰਮ ਦੇ ਸਰਪਰਤ ਮੈਂਬਰ ਸ੍ ਗੁਰਦੀਪ ਸਿੰਘ ਅਣਖੀ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਨਾਂ ਦੇ ਨਾਲ ਫਾਸ਼ੀ ਚੜਣ ਵਾਲੇ ਸਾਰੇ ਸ਼ਹੀਦਾ ਦੇ ਨਾਮ ਲੈਦਿਆਂ ਉਨਾਂ ਦੀ ਮਹਾਨ ਸ਼ਹੀਦੀ ਅਗੇ ਸਿਰ ਝੁਕਾਇਆ।

ਉਨਾਂ ਨੇ ਬਾਬਾ ਨਾਨਾਕ ਜੀ ਨੂੰ ਯਾਦ ਕਰਦਿਆਂ ਕਿਹਾ ਕਿ ਗੁਰੁ ਨਾਨਕ ਦੀ ਸੋਚ ਨਾਲ ਖੜਨ ਦਾ ਮਤਲਬ ਦੱਬੇ, ਕੁਚਲੇ ਤੇ ਲਤਾੜੇ ਜਾ ਰਹੇ ਲੋਕਾਂ ਦੇ ਹੱਕ ਵਿਚ ਖੜਨਾ ਹੈ, ਉਹ ਭਾਂਵੇ ਦੁਨੀਆਂ ਦੇ ਕਿਸੇ ਵੀ ਹਿਸੇ ਵਿਚ ਹੋਣ। ਉਨਾਂ ਨੇ ਗੁਰੁ ਨਾਨਾਕ ਦੀ ਸੋਚ ਨੂੰ ਦਰਸਾਉਦੀ ਆਪਣੀ ਲਿਖੀ ਹੋਈ ਇਕ ਕਵਿਤਾ ਤਰੰਨਮ ਵਿਚ ਸੁਣਾਈ।

ਡਾ ਹਰਸ਼ਿੰਦਰ ਕੌਰ ਨੇ ਆਪਣੇ ਮੁਖ ਭਾਸ਼ਨ ਵਿਚ ਜਿਥੇ ਸ਼ਹੀਦਾਂ ਨੂੰ ਯਾਦ ਕਰਨ ਵਾਲੇ ਸਾਰੇ ਲੋਕਾਂ ਨੂੰ ਵਧਾਈ ਵੀ ਦਿਤੀ ਉਥੇ ਉਨਾਂ ਨੇ ਇਸ ਗਲ ਤੇ ਦੁਖ ਜਾਹਰ ਕੀਤਾ ਕਿ ਅਸੀਂ ਅਜ ਉਨਾਂ ਗੁਰੂਆਂ ਪੀਰਾਂ, ਯੋਧਿਆਂ ਅਤੇ ਨਾਇਕਾਂ ਨੂੰ ਤਰਾਸ਼ਣ ਵਾਲੀਆਂ ਉਨਾਂ ਔਰਤਾ ਨੂੰ ਭੁਲਾ ਰਹੇ ਹਾਂ ਜਿਨਾਂ ਨੇ ਉਨਾਂ ਨੂੰ ਨਾ ਸਿਰਫ ਉਨਾਂ ਨੂੰ ਜਨਮ ਦਿਤਾ ਬਲਕਿ ਉਨਾਂ ਨੂੰ ਉਸ ਸੋਚ ਦੇ ਧਾਰਨੀ ਬਣਾਇਆ ਜਿਸ ਕਾਰਨ ਉਹ ਮਹਾਨ ਮਨੁੱਖ ਬਣ ਸਕੇ। ਅਜਿਹਾ ਕਰਕੇ ਅਸੀਂ ਅੱਜ ਦੀਆਂ ਔਰਤਾਂ ਨੂੰ ਵੀ ਪਿਛਾੜ ਰਹੇ ਹਾਂ। ਹਰਮਨ ਪਿਆਰੇ ਸ਼ਾਇਰ ਹਰਜਿੰਦਰ ਕੰਗ ਨੇ ਅਜਿਹੇ ਉਸਾਰੂ ਪਰੋਗਰਾਮ ਕਰਦੇ ਰਹਿਣ ਤੇ ਜੋਰ ਦਿਤਾ। ਹਰਮਨ ਗਿਲ ਨੇ ਡਾ ਹਰਸ਼ਿੰਦਰ ਕੌਰ ਹੁਰਾਂ ਦੀ ਗਲ ਦੀ ਪਰੋੜਤਾ ਕਰਦਿਆਂ ਸਾਰਿਆ ਨੂੰ ਇਹ ਪਰਣ ਲੈਣ ਲਈ ਕਿਹਾ ਕਿ ਉਹ ਅਜਿਹੇ ਉਸਾਰੂ ਪਰੋਗਰਾਮਾਂ ਵਿਚ ਆਪਣੀ ਮਾਵਾਂ ਭੈਣਾ ਅਤੇ ਘਰਵਾਲੀਆਂ ਨੂੰ ਵੀ ਲੈ ਕੇ ਆਉਣਗੇ। ਸਟੇਜ ਸਕੱਤਰ ਹਰਜਿੰਦਰ ਢੇਸੀ ਨੇ ਸਾਰੇ ਬੁਲਾਰਿਆ ਨੂੰ ਪੇਸ਼ ਕਰਦਿਆ ਆਪਣੀ ਇਕ ਕਵਿਤਾ 'ਸਬਰ ਸਿਦਕ ਵਿਚ ਬੱਝੇ ਲੋਕੀ' ਸੁਣਾਈ। ਗਲੋਬਲ ਪੰਜਾਬ ਟੀ ਵੀ ਵਲੋਂ ਕੁਲਵੰਤ ਧਾਲੀਆਂ ਅਤੇ ਰੇਡੀਓ 900 ਏ ਐਮ ਵਲੋਂ ਸੁਖੀ ਹੇਅਰ, ਹਰਜਿੰਦਰ ਕੰਗ ਅਤੇ ਸੰਤੋਖ ਮਿਨਹਾਸ ਵਿਸ਼ੇਸ ਤੌਰ ਤੇ ਸ਼ਾਮਲ ਹੋਏ।

ਫੋਰਮ ਦੇ ਇਸਤਰੀ ਵਿੰਗ ਦੀਆਂ ਮੈਂਬਰ ਸ਼ਰਨਜੀਤ ਧਾਲੀਵਾਲ ਅਤੇ ਹਰਿੰਦਰ ਬਦੇਸ਼ਾ ਨੇ ਆਪਣੀ ਇਕ ਇਕ ਕਵਿਤਾ ਨਾਲ ਹਾਜ਼ਰੀ ਲਵਾਈ। ਹਰਿੰਦਰ ਮੰਢਾਲੀ ਨੇ ਇਸ ਪ੍ਰੋਗਰਾਮ ਵਿਚ ਪਹੁੰਚੇ ਹੋਏ ਸਾਰੇ ਸਰੋਤਿਆਂ ਅਤੇ ਅਖਬਾਰਾਂ, ਰੇਡੀਓ ਅਤੇ ਟੀਵੀ ਮੀਡੀਏ ਦਾ ਫੋਰਮ ਵਲੋਂ ਧੰਨਵਾਦ ਵੀ ਕੀਤਾ।

# ਸੈਕਰਾਮੈਂਟੋ ਕਿੰਗਜ ਬਾਸਕਬਾਲ ਮੈਚ ਦੌਰਾਨ 13 ਸਾਲਾ ਭਾਰਤੀ ਲੜਕੇ ਨੇ ਰਾਸ਼ਟਰੀ ਗੀਤ 'ਤੇ ਪੇਸ਼ਕਾਰੀ ਕਰਕੇ ਵਾਹ ਵਾਹ ਖੱਟੀ




**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)—** ਭਾਰਤੀ ਮੂਲ ਦੇ 13 ਸਾਲਾ ਲੜਕੇ ਨੇ ਗੋਲਡਨ-1 ਸੈਂਟਰ ਸੈਕਰਾਮੈਂਟੋ ਕੈਲੀਫੋਰਨੀਆ ਵਿਚ ਸੈਕਰਾਮੈਂਟੋ ਕਿੰਗਜ਼ ਗੇਮ ਦੌਰਾਨ 15000 ਜੁੜੇ ਦਰਸ਼ਕਾਂ ਦੇ ਭਾਰੀ ਇਕੱਠ ਸਾਹਮਣੇ ਅਮਰੀਕੀ ਰਾਸ਼ਟਰੀ ਗੀਤ ਦੀ ਪੇਸ਼ਕਾਰੀ ਕਰਕੇ ਵਾਹ ਵਾਹ ਖੱਟੀ। ਉਸ ਨੇ ਇਕ ਵੱਡੇ ਅਮਰੀਕੀ ਝੰਡੇ ਦੇ ਪਿਛੋਕੜ 'ਚ ਵਾਜਾ ਵਜਾਇਆ। ਨੀਲ ਨਈਅਰ ਨਾਮੀ ਇਸ ਲੜਕੇ ਨੂੰ ਵਿਸ਼ਵ ਭਰ ਦੇ 107 ਸਾਜਾਂ ਨੂੰ ਵਜਾਉਣ ਵਿਚ ਮੁਹਾਰਤ ਹਾਸਲ ਹੈ। ਸੈਕਰਾਮੈਂਟੋ ਕਿੰਗਜ਼ ਦੇ ਮਾਲਕ ਵਿਵੇਕ ਰਾਣਾਦਿਵੇ ਤੇ ਹੋਰ ਵਿਅਕਤੀਆਂ ਨੇ ਨਈਅਰ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ ਹੈ। ਨਈਅਰ ਨੇ ਇਸ ਉਪਰ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਹੈ ਕਿ ਇਹ ਉਸ ਲਈ ਅਹਿਮ ਪ੍ਰਾਪਤੀ ਹੈ। ਇਹ ਮੇਰੇ ਤੇ ਮੇਰੇ ਨਾਲ ਜੁੜੇ ਲੋਕਾਂ ਲਈ ਮਹਾਨ ਅਵਸਰ ਹੈ। ਇਕ ਪ੍ਰੈਸ ਰਲੀਜ ਵਿਚ ਕਿਹਾ ਗਿਆ ਹੈ ਕਿ ਨਈਅਰ ਜਦੋਂ 5 ਸਾਲ ਦਾ ਸੀ ਤਾਂ ਉਸ ਨੂੰ ਡਰਮ ਵਜਾਉਣ ਲਈ ਚੁਣਿਆ ਗਿਆ ਸੀ। ਉਸ ਸਮੇਂ ਉਸ ਨੇ ਆਪਣੇ ਹੁਨਰ ਨਾਲ ਹਰ ਇਕ ਨੂੰ ਪ੍ਰਭਾਵਿਤ ਕੀਤਾ ਸੀ। ਉਸ ਤੋਂ ਬਾਅਦ ਉਸ ਨੇ ਮੁੜਕੇ ਨਹੀਂ ਵੇਖਿਆ।

# ਆਪਣਾ ਪੰਜਾਬ ਮੀਡੀਆ ਗਰੁੱਪ ਦੇ ਗੁਰਮੀਤ ਸਿੰਘ ਦਾ ਗੋਲਡ ਮੈਡਲ ਨਾਲ ਵਿਸ਼ੇਸ਼ ਸਨਮਾਨ



**ਨਿਊਯਾਰਕ (ਹੁਸਨ ਲੜੋਆ ਬੰਗਾ)-** ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਤੇ ਸਿੱਖ ਕਲਚਰਲ ਸੋਸਾਇਟੀ ਨਿਊਯਾਰਕ ਵਿਖੇ ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੋਸਾਇਟੀ ਵਲੋਂ ਆਪਣਾ ਪੰਜਾਬ ਦੇ ਸੀ, ਈ, ਓ ਤੇ ਵਰਲਡ ਪੰਜਾਬੀ ਮੀਡੀਆ ਕਲੱਬ ਦੇ ਚੇਅਰਮੈਨ ਗੁਰਮੀਤ ਸਿੰਘ ਪਿਛਲੇ 15 ਸਾਲਾਂ ਤੋਂ ਪੰਜਾਬੀਆਂ ਦੀ ਅਵਾਜ ਨੂੰ ਬੁਲੰਦ ਕਰਦਿਆਂ ਅਤੇ ਨਿਰਪੱਖ ਪੱਤਰਕਾਰਤਾ ਚ ਮੁੱਖ ਭੂਮਿਕਾ ਨਿਭਾਉਣ ਕਾਰਨ ਗੋਲਡ ਮੈਡਲ ਨਾਲ ਸਨਮਾਨ ਕੀਤਾ। ਇਸ ਮੌਕੇ ਸੋਸਾਇਟੀ ਦੇ ਪ੍ਰਧਾਨ ਹਰਜੀਤ ਸਿੰਘ ਬੇਗੋਵਾਲ ਨੇ ਕਿਹਾ ਕਿ ਸਾਡੇ ਸਮਾਜ ਚ ਨਿਰਪੱਖ ਪੱਤਰਕਾਰਤਾ ਦੀ ਜਿਆਦਾ ਲੋੜ ਹੈ। ਇਸਦੀ ਮਿਸਾਲ ਗੁਰਮੀਤ ਸਿੰਘ ਨੇ ਦਿਤੀ ਹੈ ਜਿਨ੍ਹਾਂ ਨੇ ਹਮੇਸ਼ਾ ਹੀ ਸੱਚ ਦਾ ਰਾਹ ਚੁਣਿਆ ਹੈ। ਇਸ ਮੌਕੇ ਕਈ ਪਤਵੰਤੇ ਸੱਜਨਾਂ ਨੇ ਆਪਣੀ ਹਾਜਰੀ ਲਵਾਈ ਜਿਨ੍ਹਾਂ ਵਿਚ ਸਿੱਖ ਕਲਚਰਲ ਸੋਸਾਇਟੀ ਦੇ ਵਾਈਸ ਪ੍ਰਧਾਨ ਕੁਲਵੰਤ ਸਿੰਘ ਮਿਆਣੀ ਅਤੇ ਚੇਅਰਮੈਨ ਰਾਜਿੰਦਰ ਸਿੰਘ ਲਾਲੀ ,ਹਿਊਮਨ ਰਾਈਟਸ ਕਮਿਸ਼ਨਰ ਅਤੇ ਸਿੱਖ ਕਲਚਰਲ ਸੋਸਾਇਟੀ ਦੇ ਸਾਬਕਾ ਪ੍ਰਧਾਨ ਗੁਰਦੇਵ ਸਿੰਘ ਕੰਗ ,ਸਾਬਕਾ ਪ੍ਰਧਾਨ ਕੁਲਦੀਪ ਸਿੰਘ ਢਿਲੋਂ ,ਚੇਤਨ ਸਿੰਘ ,ਜਸਵਿੰਦਰ ਸਿੰਘ ਖਖ ,ਮਹਿੰਦਰ ਸਿੰਘ ਪ੍ਰੋਜ ,ਕਸ਼ਮੀਰ ਸਿੰਘ ਆਦਿ ਹਾਜਿਰ ਸਨ।।

# ਔਰਤ ਨਾਲ ਛੇੜਛਾੜ ਦੇ ਮਾਮਲੇ ਵਿਚ ਇਕ ਭਾਰਤੀ ਵਿਰੁੱਧ ਚੱਲੇਗਾ ਮੁਕੱਦਮਾ, ਅਫਗਾਨਿਸਤਾਨ ਤੋਂ ਵਾਸ਼ਿੰਗਟਨ ਲਿਆਂਦਾ

**ਨਿਊਯਾਰਕ (ਹੁਸਨ ਲੜੋਆ ਬੰਗਾ)—** ਅਫ਼ਗਾਨਿਸਤਾਨ ਵਿਚ ਅਮਰੀਕੀ ਫੌਜ ਲਈ ਕੰਮ ਕਰਦੇ ਇਕ ਭਾਰਤੀ ਨੂੰ ਇਕ ਅਮਰੀਕਨ ਔਰਤ ਨਾਲ ਛੇੜਛਾੜ ਕਰਨ ਦੇ ਮਾਮਲੇ ਵਿਚ ਮੁਕੱਦਮੇ ਦਾ ਸਾਹਮਣਾ ਕਰਨਾ ਪਵੇਗਾ।

ਇਹ ਜਾਣਕਾਰੀ ਅਸਿਸਟੈਂਟ ਅਟਾਰਨੀ ਜਨਰਲ ਬਰੀਅਨ ਬੈਂਕੋਵਸਕੀ ਨੇ ਦਿੱਤੀ ਹੈ। ਨਿਆਂ ਵਿਭਾਗ ਵੱਲੋਂ ਜਾਰੀ ਰਲੀਜ ਅਨੁਸਾਰ 35 ਸਾਲਾ ਲੋਕੇਸ਼ ਨਾਇਕ ਜੋ ਅਮਰੀਕੀ ਫੌਜ ਲਈ ਠੇਕੇਦਾਰ ਵਜੋਂ ਕੰਮ ਕਰਦਾ ਹੈ, ਨੇ ਅਫਗਾਨਿਸਤਾਨ ਵਿਚ ਆਪਰੇਟਿੰਗ ਬੇਸ ਫੈਂਟੀ ਵਿਖੇ ਇਕ 24 ਸਾਲਾ ਅਮਰੀਕੀ ਲੜਕੀ ਉਪਰ ਮਾੜੀ ਨੀਅਤ ਨਾਲ ਹਮਲਾ ਕੀਤਾ ਸੀ।

ਉਸ ਨੂੰ 8 ਨਵੰਬਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਤੇ ਫੈਡਰਲ ਮਜਿਸਟ੍ਰੇਟ ਜੱਜ ਮਾਈਕਲ ਹਾਰਵੇ ਵਾਸ਼ਿੰਗਟਨ ਦੀ ਅਦਾਲਤ ਵਿਚ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਕੀਤਾ। ਅਦਾਲਤ ਨੇ ਉਸ ਨੂੰ ਅਮਰੀਕਾ ਲਿਆਉਣ ਦਾ ਆਦੇਸ਼ ਦਿੱਤਾ। ਜਿਸ ਉਪਰੰਤ ਉਸ ਨੂੰ ਵਾਸ਼ਿੰਗਟਨ ਲਿਆਂਦਾ ਗਿਆ ਹੈ। ਹਾਲਾਂ ਕਿ ਅਪਰਾਧ ਅਫ਼ਗਾਨਿਸਤਾਨ ਵਿਚ ਹੋਇਆ ਹੈ ਪਰ ਵਾਸ਼ਿੰਗਟਨ ਗਰੈਂਡ ਜਿਊਰੀ ਜੋ ਇਕ ਸ਼ਹਿਰੀਆਂ ਦਾ ਹੀ ਪੈਨਲ ਹੈ,ਨੇ ਦੋਸ਼ਾਂ ਦੀ ਜਾਂਚ ਕਰਨ ਉਪਰੰਤ ਸਿੱਟਾ ਕੱਢਿਆ ਸੀ ਕਿ ਦੋਸ਼ੀ ਵਿਰੁੱਧ ਮੁਕੱਦਮਾ ਚਲਾਉਣ ਲਈ ਜਾਹਿਰਾ ਤੌਰ 'ਤੇ ਮਾਮਲਾ ਬਣਦਾ ਹੈ।

ਇਥੇ ਵਰਣਨਯੋਗ ਹੈ ਕਿ 'ਮਿਲਟਰੀ ਐਕਸਟਰਾਟੈਰੀਟੋਰੀਅਲ ਜੁਰਿਸਡਿਕਸ਼ਨ ਐਕਟ' ਤਹਿਤ ਵਿਦੇਸ਼ਾਂ ਵਿਚ ਅਮਰੀਕੀ ਫੌਜੀ ਟਿਕਾਣਿਆਂ 'ਤੇ ਕੀਤੇ ਅਪਰਾਧ ਲਈ ਅਮਰੀਕਾ ਵਿਚ ਮੁਕੱਦਮਾ ਚਲਾਉਣ ਦੀ ਵਿਵਸਥਾ ਹੈ।

# ਪੰਜਾਬ ਚ ਵੱਧਦੇ ਜਬਰ ਜੁਲਮ ਅਤਿਆਚਾਰਾਂ ਖਿਲਾਫ ਬਸਪਾ ਸੂਬਾ ਪ੍ਰਧਾਨ ਨੇ ਮੀਟਿੰਗਾਂ ਕੀਤੀਆਂ

ਜਲੰਧਰ **(ਬਿਊਰੋ)--** ਮਿਤੀ 26 ਨਵੰਬਰ ਨੂੰ ਸੰਵਿਧਾਨ ਦਿਵਸ ਮੌਕੇ ਬਸਪਾ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਮੀਟਿੰਗਾ ਦੀ ਹਨੇਰੀ ਲਿਆਂਦੀ ਹੋਈ ਹੈ। ਪੰਜਾਬ ਬਸਪਾ ਇੰਚਾਰਜ ਸ਼੍ਰੀ ਰਣਧੀਰ ਸਿੰਘ ਬੈਣੀਵਾਲ ਜੀ ਹਰ ਮੀਟਿੰਗ ਵਿਚ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋ ਰਹੇ ਹਨ। ਅੱਜ ਲੋਕ ਸਭਾ ਹੋਸ਼ਿਆਰਪੁਰ ਵਿੱਚ ਹਲਕਾ ਸ਼ਾਮਚੁਰਾਸੀ ਦੀ ਮੀਟਿੰਗ 11ਵਜੇ, ਹਲਕਾ ਹੋਸ਼ਿਆਰਪੁਰ ਦੀ ਮੀਟਿੰਗ 1ਵਜੇ ਅਤੇ ਹਲਕਾ ਟਾਂਡਾ ਦੀ ਮੀਟਿੰਗ ਸ਼ਾਮ ਚਾਰ ਵਜੇ ਕੀਤੀ। ਇਹਨਾ ਮੀਟਿੰਗਾ ਵਿੱਚ ਜਿੱਥੇ ਸੰਗਠਨ ਨੂੰ ਚੁਸਤ ਦਰੁਸਤ ਕੀਤਾ ਉਥੇ ਹੀ 2022ਦੀ ਤਿਆਰੀ ਹਿੱਤ ਲਾਮਬੰਦੀ ਵੀ ਕੀਤੀ। ਬਹੁਜਨ ਸਮਾਜ ਪਾਰਟੀ ਨੇ ਅਪੀਲ ਕੀਤੀ ਹੈ ਕਿ ਛੇ ਦਸੰਬਰ ਨੂੰ ਬਾਬਾ ਸਾਹਿਬ ਅੰਬੇਡਕਰ ਜੀ ਦੇ ਪ੍ਰੀਨਿਰਵਾਣ ਦਿਵਸ ਮੌਕੇ ਜਲੰਧਰ ਵਰਕਰ ਸੰਮੇਲਨ ਵਿਚ ਸਾਰੇ ਵਰਕਰ ਅਤੇ ਸਮੁੱਚੀ ਲੀਡਰਸ਼ਿਪ ਪਹੁੰਚਣ। ਸਮੁੱਚੀ ਲੀਡਰਸ਼ਿਪ ਨੂੰ ਸੁਝਾਅ ਵੀ ਦਿੱਤਾ ਗਿਆ ਹੈ ਕਿ ਪਾਰਟੀ ਲਈ ਉਸਾਰੂ ਅਤੇ ਕੰਮ ਵਿੱਚ ਲੱਗਾ ਹੋਇਆ ਕੋਈ ਵੀ ਵਰਕਰ ਜਾਂ ਲੀਡਰ ਜਿੰਮੇਵਾਰੀ ਤੋ ਵਾਂਝਾ ਨਾ ਰਹੇ ਅਤੇ ਇਸਨੂੰ ਸਖਤੀ ਨਾਲ ਲਾਗੂ ਕੀਤਾ ਜਾਵੇ। ਇਸ ਮੌਕੇ ਸੂਬਾ ਜਨਰਲ ਸਕੱਤਰ ਠੇਕੇਦਾਰ ਭਗਵਾਨ ਦਾਸ ਜੀ, ਚੌਧਰੀ ਖੁਸੀ ਰਾਮ ਜੀ, ਇੰਜੀਨੀਅਰ ਮਹਿੰਦਰ ਸੰਧਰਾਂ, ਸ਼੍ਰੀ ਦਲਜੀਤ ਰਾਇ, ਸ਼੍ਰੀ ਮਨਦੀਪ ਕਲਸੀ, ਸ਼੍ਰੀ ਮਨਿੰਦਰ ਸ਼ੇਰਪੁਰੀ, ਸ਼੍ਰੀ ਨਿਸ਼ਾਨ ਚੌਧਰੀ, ਸ਼੍ਰੀ ਪਲਵਿੰਦਰ ਮਾਨਾ, ਸ਼੍ਰੀ ਮਨਜੀਤ ਸਿੰਘ ਸਹੋਤਾ, ਸ਼੍ਰੀ ਸਤਪਾਲ ਭਾਰਦਵਾਜ ਅਤੇ ਸੈਂਕੜੇ ਵਰਕਰ ਅਤੇ ਸਮੁੱਚੀ ਲੀਡਰਸ਼ਿਪ ਮੀਟਿੰਗਾ ਵਿੱਚ ਹਾਜ਼ਿਰ ਹੋਈ। ਇਹਨਾ ਮੀਟਿੰਗਾ ਦੀ ਹਨੇਰੀ ਵਿੱਚ 27 ਨਵੰਬਰ ਲੋਕ ਸਭਾ ਫਤਹਿਗੜ੍ਹ ਸਾਹਿਬ, 28 ਨਵੰਬਰ ਨੂੰ ਹਲਕਾ ਬਲਾਚੌਰ ਅਤੇ ਸ਼ਾਮ ਜਿਲ੍ਹਾ ਰੂਪਨਗਰ, 29 ਨਵੰਬਰ ਨੂੰ ਜਿਲ੍ਹਾ ਬਠਿੰਡਾ ਅਤੇ ਸ਼ਾਮ ਜਿਲ੍ਹਾ ਮਾਨਸਾ, 30 ਨਵੰਬਰ ਲੋਕ ਸਭਾ ਫਿਰੋਜ਼ਪੁਰ ਅਤੇ ਲੋਕ ਫਰੀਦਕੋਟ, 1 ਦਸੰਬਰ ਬਾਮਸੇਫ ਪਟਿਆਲਾ ਅਤੇ ਸ਼ਾਮ ਲੁਧਿਆਣਾ ਲੋਕ ਸਭਾ, 2 ਦਸੰਬਰ ਜਿਲ੍ਹਾ ਅੰਮ੍ਰਿਤਸਰ ਅਤੇ ਸ਼ਾਮ ਜਿਲ੍ਹਾ ਕਪੂਰਥਲਾ, 3 ਦਸੰਬਰ ਲੋਕ ਸਭਾ ਗੁਰਦਾਸਪੁਰ ਅਤੇ ਸ਼ਾਮ ਜਿਲ੍ਹਾ ਜਲੰਧਰ ਸਹਿਰੀ ਆਦਿ ਹੋਵੇਗਾ।

# ਅਮਰੀਕਾ, ਇਜ਼ਰਾਈਲ, ਜਾਪਾਨ ਚਾਹੁੰਦੇ ਹਨ 26/11 ਦੇ ਗੁਨਾਹਗਾਰਾਂ ਨੂੰ ਹੋਵੇ ਸਜ਼ਾ



ਵਾਸ਼ਿੰਗਟਨ- ਮੁੰਬਈ 'ਤੇ 26 ਨਵੰਬਰ, 2008 ਨੂੰ ਹੋਏ ਜ਼ਬਰਦਸਤ ਅੱਤਵਾਦੀ ਹਮਲੇ ਦੀ 11ਵੀਂ ਬਰਸੀ 'ਤੇ ਅਮਰੀਕਾ, ਇਜ਼ਰਾਈਲ ਤੇ ਜਾਪਾਨ ਨੇ ਕਿਹਾ ਹੈ ਕਿ ਇਸ ਘਿਣਾਉਣੇ ਅਪਰਾਧ ਨੂੰ ਅੰਜਾਮ ਦੇਣ ਵਾਲੇ ਪਾਕਿਸਤਾਨੀ ਸਾਜ਼ਿਸ਼ਕਰਤਾਵਾਂ ਨੂੰ ਛੇਤੀ ਤੋਂ ਛੇਤੀ ਸਜ਼ਾ ਮਿਲਣੀ ਚਾਹੀਦੀ ਹੈ। ਅਮਰੀਕੀ ਵਿਦੇਸ਼ ਵਿਭਾਗ ਦੀ ਤਰਜਮਾਨ ਮਾਰਗਨ ਓਰਟਾਗਸ ਨੇ ਮੰਗਲਵਾਰ ਨੂੰ ਟਵੀਟ ਕਰ ਕੇ ਕਿਹਾ ਕਿ 11 ਸਾਲ ਪਹਿਲਾਂ ਇਕ ਬੁਜ਼ਦਿਲੀ ਭਰਿਆ ਅੱਤਵਾਦੀ ਹਮਲਾ ਕੀਤਾ ਗਿਆ ਸੀ। ਇਸ 'ਚ ਛੇ ਅਮਰੀਕੀ ਨਾਗਰਿਕਾਂ ਸਮੇਤ 166 ਲੋਕ ਮਾਰੇ ਗਏ ਸਨ। ਪਾਕਿਸਤਾਨੀ ਅੱਤਵਾਦੀਆਂ ਦੇ ਇਸ ਹਮਲੇ 'ਚ 300 ਤੋਂ ਵੱਧ ਲੋਕ ਮਾਰੇ ਗਏ ਸਨ। ਓਰਟਾਗਸ ਨੇ ਕਿਹਾ ਕਿ ਅੱਜ ਅਸੀਂ ਮੁੰਬਈ ਹਮਲੇ ਦੇ ਪੀੜਤਾਂ ਨੂੰ ਯਾਦ ਕਰ ਰਹੇ ਹਾਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਖੜ੍ਹੇ ਹੋ ਕੇ ਮੰਗ ਕਰ ਰਹੇ ਹਾਂ ਕਿ ਇਸ ਅਪਰਾਧ ਨੂੰ ਅੰਜਾਮ ਦੇਣ ਵਾਲਿਆਂ ਨੂੰ ਸਜ਼ਾ ਮਿਲੇ। ਇਸੇ ਦੌਰਾਨ ਪਾਕਿਸਤਾਨੀ ਮੂਲ ਦੇ ਕੈਨੇਡੀਅਨ ਨਾਗਰਿਕ ਤਾਰਿਕ ਫ਼ਤਹਿ ਨੇ ਟਵੀਟ ਕੀਤਾ ਕਿ 2008 'ਚ ਅੱਜ ਲਸ਼ਕਰ-ਏ-ਤਇਬਾ ਦੇ 10 ਪਾਕਿਸਤਾਨੀ ਅੱਤਵਾਦੀਆਂ ਨੇ ਸਮੁੰਦਰ ਰਸਤੇ ਮੁੰਬਈ 'ਚ ਵੜ ਕੇ ਤਾਜ ਹੋਟਲ ਤੇ ਇਕ ਯਹੂਦੀ ਸੈਂਟਰ ਸਮੇਤ 166 ਮਾਸੂਮ ਲੋਕਾਂ ਦੀ ਹੱਤਿਆ ਕੀਤੀ ਸੀ।

ਉੱਥੇ ਹੀ ਯਰੁਸ਼ਲਮ 'ਚ ਇਜ਼ਰਾਈਲ ਨੇ ਪਾਕਿਸਤਾਨ ਨੂੰ ਸੰਬੋਧਨ ਹੁੰਦਿਆਂ ਮੁੰਬਈ ਹਮਲੇ ਦੇ ਗੁਨਾਹਗਾਰਾਂ ਨੂੰ ਸਜ਼ਾ ਦੇਣ ਲਈ ਕਿਹਾ ਹੈ। ਇਜ਼ਰਾਈਲੀ ਵਿਦੇਸ਼ ਮੰਤਰਾਲੇ ਦੇ ਏਡੀਜੀ ਗਿਲਾਡ ਕੋਹਨ ਨੇ ਟਵੀਟ ਕਰ ਕੇ ਕਿਹਾ ਕਿ ਨਰਿਮਨ ਹਾਊਸ ਨੂੰ ਨਿਸ਼ਾਨਾ ਬਣਾ ਕੇ ਲਸ਼ਕਰ ਅੱਤਵਾਦੀਆਂ ਨੇ ਛੇ ਇਜ਼ਰਾਈਲੀਆਂ ਦੀ ਹੱਤਿਆ ਕੀਤੀ ਸੀ। ਇਸ ਲਈ ਪਾਕਿਸਤਾਨ ਸਮੇਤ ਸਾਰੀਆਂ ਸਰਕਾਰਾਂ ਨੂੰ ਇਸ ਹਮਲੇ ਦੇ ਸਾਜ਼ਿਸ਼ਕਰਤਾਵਾਂ ਤੇ ਮਦਦਗਾਰਾਂ ਨੂੰ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਇਸੇ ਤਰ੍ਹਾਂ 2008 ਦੇ ਮੁੰਬਈ ਹਮਲੇ 'ਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਦਿੰਦਿਆਂ ਜਾਪਾਨ 'ਚ ਲੋਕਾਂ ਨੇ ਪਾਕਿਸਤਾਨੀ ਅੰਬੈਸੀ ਦੇ ਬਾਹਰ ਵਿਰੋਧ ਮੁਜ਼ਾਹਰੇ ਕੀਤੇ। ਮੁਜ਼ਾਹਰਾਕਾਰੀਆਂ ਨੇ ਸਾਜ਼ਿਸ਼ਕਰਤਾ ਹਾਫਿਜ਼ ਸਈਦ ਨੂੰ ਸਜ਼ਾ-ਏ-ਮੌਤ ਦਿੱਤੇ ਜਾਣ ਦੀ ਮੰਗ ਕੀਤੀ ਹੈ। ਇਸ ਅੱਤਵਾਦੀ ਹਮੇਲ 'ਚ ਬਿਜ਼ਨਸ ਟਰਿਪ 'ਤੇ ਆਇਆ ਇਕ ਜਾਪਾਨੀ ਨਾਗਰਿਕ ਹਿਸਾਸ਼ੀ ਸੁਡਾ ਵੀ ਮਾਰਿਆ ਗਿਆ ਸੀ।

# ਸੈਂਟਾ ਕਲੇਰੀਟਾ, ਕੈਲੀਫੋਰਨੀਆ ਦੇ ਹਾਈ ਸਕੂਲ ਦੀ ਸ਼ੂਟਿੰਗ ਦੌਰਾਨ ਦੋ ਵਿਦਿਆਰਥੀਆਂ ਦੀ ਮੌਤ ਤਿੰਨ ਜਖਮੀ

**ਸੈਂਟਾ ਕਲੋਰੀਟਾ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸੈਂਟਾ ਕਲੋਰੀਟਾ ਦੇ ਸੌਗਸ ਹਾਈ ਸਕੂਲ ਵਿਖੇ 16 ਸਕਿੰਟ ਦੀ ਹੋਈ ਗੋਲੀਬਾਰੀ ਵਿਚ ਦੋ ਵਿਦਿਆਰਥੀਆਂ ਦੀ ਮੌਤ ਹੋ ਗਈ ਅਤੇ ਤਿੰਨ ਜ਼ਖਮੀ ਹੋਏ, ਇਸ ਦੌਰਾਨ ਇਹ ਕਾਰਾ ਇਕ ਜਮਾਤੀ ਨੇ ਬੰਦੂਕ ਨਾਲ ਕੀਤਾ। ਜਾਣਕਾਰੀ ਦਿੰਦਿਆਂ ਲਾਸ ਏਂਜਲਸ ਕਾਊਂਟੀ ਸ਼ੈਰਿਫ ਅਲੈਕਸ ਵਿਲੇਨੁਏਵਾ ਨੇ ਦੱਸਿਆ ਕਿ ਗੋਲੀਬਾਰੀ ਸਵੇਰੇ ਸਾਢੇ ਸੱਤ ਵਜੇ ਸ਼ੁਰੂ ਹੋਈ ਜਦੋਂ ਸਕੂਲ ਦੇ ਵਿਦਿਆਰਥੀ ਆਪਣੇ ਪਹਿਲੇ ਪੀਰੀਅਡ ਦੀਆਂ ਕਲਾਸਾਂ ਵਿਚ ਸਨ। ਪੈਰਾਮੇਡੀਕਲ ਜ਼ਖਮੀਆਂ ਦਾ ਇਲਾਜ ਲਈ ਕੈਂਪਸ ਵਿੱਚ ਦਾਖਲ ਹੋਏ ਅਤੇ ਵੱਖ ਵੱਖ ਏਜੰਸੀਆਂ ਦੇ ਅਧਿਕਾਰੀ ਨੇੜਲੇ ਇਲਾਕੇ ਵਿੱਚ ਇੱਕ 16 ਸਾਲਾ ਲੜਕੇ ਦੀ ਤਲਾਸ਼ੀ ਲਈ ਜਿਸ ਬਾਰੇ ਉਨ੍ਹਾਂ ਸੋਚਿਆ ਕਿ ਗੋਲੀ ਚੱਲਣ ਤੋਂ ਬਾਅਦ ਭੱਜ ਗਿਆ ਸੀ। ਅਧਿਕਾਰੀਆਂ ਨੇ ਬਾਅਦ ਵਿਚ ਕਿਹਾ ਕਿ ਸ਼ੱਕੀ, ਜਿਸ ਦੀ ਪਛਾਣ ਗੁਆਂਢੀਆਂ ਅਤੇ ਸ਼ੈਰਿਫ ਦੇ ਅਧਿਕਾਰੀਆਂ ਦੁਆਰਾ ਨਥਨੀਏਲ ਬਰ੍ਹੋ ਵਜੋਂ ਕੀਤੀ ਗਈ ਸੀ, ਅਧਿਕਾਰੀਆਂ ਨੇ ਦੱਸਿਆ ਕਿ ਉਸਨੂੰ ਹਸਪਤਾਲ ਲਿਜਾਇਆ ਗਿਆ ਅਤੇ ਉਹ ਗੰਭੀਰ ਹਾਲਤ ਵਿੱਚ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਸ ਸ਼ੱਕੀ ਦਾ 16 ਵਾਂ ਜਨਮ ਦਿਨ ਸੀ।




21900 ਸੈਂਚੂਰੀਅਨ ਵੇਅ ਵਿਖੇ ਸਕੂਲ ਦਾ ਨਜ਼ਾਰਾ ਹਫੜਾ-ਦਫੜੀ ਵਾਲਾ ਸੀ, ਵਿਦਿਆਰਥੀਆਂ ਨੂੰ ਹਥਿਆਰਬੰਦ ਅਧਿਕਾਰੀਆਂ ਦੇ ਪਿੱਛੇ ਇਕ ਲਾਈਨ ਵਿਚ ਲਾ ਕੇ ਬਾਹਰ ਕੱਢਿਆ ਗਿਆ।ਬਹੁਤ ਸਾਰੇ ਜ਼ਖਮੀਆਂ ਦਾ ਇਲਾਜ ਕੈਂਪਸ ਚ ਹੀ ਕੀਤਾ ਗਿਆ ਸੀ ਅਤੇ ਬਦਾ ਚ ਸਕੂਲ ਦੀ ਪਾਰਕਿੰਗ ਵਿੱਚੋਂ ਐਂਬੂਲੈਂਸਾਂ ਵਿੱਚ ਲਿਜਾਇਆ ਗਿਆ। ਦੋ ਵਿਦਿਆਰਥੀਆਂ, ਇੱਕ 16 ਸਾਲਾਂ ਦੀ ਲੜਕੀ ਅਤੇ ਇੱਕ 14 ਸਾਲ ਦਾ ਲੜਕੇ, ਦੀ ਹਸਪਤਾਲ ਲਿਜਾਂਦਿਆਂ ਮੌਤ ਹੋ ਗਈ। ਇੱਕ 15 ਸਾਲਾ ਲੜਕੀ, ਇੱਕ 14 ਸਾਲ ਦੀ ਲੜਕੀ ਅਤੇ ਇੱਕ 14 ਸਾਲ ਦਾ ਲੜਕਾ ਉਨ੍ਹਾਂ ਦੇ ਸੱਟਾਂ ਦਾ ਇਲਾਜ ਚਲ ਰਿਹਾ ਹੈ। ਇਕ ਵਿਦਿਆਰਥੀ, ਜੋ ਚੰਗੀ ਹਾਲਤ ਵਿਚ ਚ ਸੀ, ਨੂੰ ਦੁਪਹਿਰ ਤੋਂ ਬਾਦ ਹਸਪਤਾਲ ਤੋਂ ਰਿਹਾ ਕੀਤਾ ਗਿਆ।

ਸਥਾਨਕ ਸ਼ੈਰਿਫ ਨੇ ਅੱਜ ਕਿਹਾ ਕਿ ਇਕ 16-ਸਾਲਾ ਲੜਕਾ ਜਿਸ ਨੇ ਆਪਣੇ ਹਾਈ ਸਕੂਲ ਵਿਚ ਗੋਲੀਬਾਰੀ ਕੀਤੀ, ਜਿਸ ਨੇ ਆਪਣੇ ਆਪ ਨੂੰ ਵੀ ਸਿਰ ਵਿਚ ਗੋਲੀ ਮਾਰਨ ਤੋਂ ਪਹਿਲਾਂ ਦੋ ਜਮਾਤੀਆਂ ਦੀ ਹੱਤਿਆ ਕਰ ਦਿੱਤੀ ਅਤੇ ਤਿੰਨ ਹੋਰ ਜ਼ਖਮੀ ਹੋ ਗਏ।

ਲਾਸ ਏਂਜਲਸ ਕਾਉਂਟੀ ਦੇ ਸ਼ੈਰਿਫ ਐਲੈਕਸ ਵਿਲੇਨੁਏਵਾ ਨੇ ਇਕ ਇੰਟਰਵੀਓ ਦੌਰਾਨ ਸਥਾਨਕ ਮੀਡੀਏ ਨੂੰ ਦੱਸਿਆ ਕਿ ਕਤਲ ਵਿੱਚ ਵਰਤਿਆ ਗਿਆ ਹਥਿਆਰ ਇੱਕ ਕਿੱਟ ਗਨ ਸੀ, ਇਸਦਾ ਕੋਈ ਸੀਰੀਅਲ ਨੰਬਰ ਨਹੀਂ ਸੀ। ਵਿਲੇਨੁਏਵਾ ਨੇ ਕਿਹਾ ਕਿ ਕਿੱਟ ਬੰਦੂਕਾਂ ਕਾਨੂੰਨੀ ਤੌਰ 'ਤੇ ਬੰਦੂਕ ਸ਼ੋਅ ਅਤੇ ਆਨਲਾਈਨ' ਤੇ ਵੇਚੀਆਂ ਜਾਂਦੀਆਂ ਹਨ। ਵਿਲੇਨੁਏਵਾ ਨੇ ਕਿਹਾ ਕਿ ਬਰਹੋ ਦੀ ਮਾਂ ਨੇ ਉਸ ਸਵੇਰੇ ਸਕੂਲ ਤੋਂ ਪਹਿਲਾਂ ਉਸ ਦੇ ਬੈਗ ਵਿਚ ਅੰਗੂਰ ਅਤੇ ਘਰੇਲੂ ਬਣੇ ਕੂਕੀਜ਼ ਪੈਕ ਕੀਤੇ ਸਨ, ਇਸ ਗੱਲ ਦਾ ਸਬੂਤ ਹੈ ਕਿ "ਇੱਥੋਂ ਤੱਕ ਕਿ ਮਾਂ ਨੂੰ ਪਤਾ ਨਹੀਂ ਸੀ ਕਿ ਕੀ ਵਾਪਰਨਾ ਹੈ।"

# ਗੁਰਦੁਆਰਾ ਸਨਵਾਕੀਨ ਵਿਖੇ ਗੁਰਪੁਰਬ 'ਤੇ ਵਿਸ਼ੇਸ਼ ਸਮਾਗਮ







**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਸੈਂਟਰਲ ਵੈਲੀ ਦੇ ਸਭ ਤੋਂ ਪੁਰਾਤਨ 'ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ' ਵਿਖੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਗੁਰਪੁਰਬ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਹੋਏ। ਜਿਸ ਦੌਰਾਨ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰੂਘਰ ਦੇ ਕੀਰਤਨੀ ਜੱਥੇ ਭਾਈ ਰਣਜੀਤ ਸਿੰਘ ਅਤੇ ਸਾਥੀਆ ਨੇ ਰਸ਼ ਭਿੰਨੇ ਕੀਰਤਨ ਰਾਹੀ ਹਾਜ਼ਰੀ ਭਰਦੇ ਹੋਏ ਗੁਰੂ ਨਾਨਕ ਦੇਵ ਜੀ ਦੇ ਮਾਰਗ ਦਰਸ਼ਨ ਅਤੇ ਜੀਵਨ ਸੰਬੰਧੀ ਵਿਚਾਰਾ ਕੀਤੀਆ। ਇਸ ਉਪਰੰਤ ਗਾਇਕਾ ਜੋਤ ਰਣਜੀਤ ਕੌਰ ਨੇ ਜਿੱਥੇ ਗੁਰੂ ਦੀ ਮਹਿਮਾ ਵਿੱਚ ਧਾਰਮਿਕ ਗੀਤਾ ਰਾਹੀ ਹਾਜ਼ਰੀ ਭਰੀ, ਉੱਥੇ ਸੰਗਤਾਂ ਨੂੰ ਗੁਰਸਿੱਖੀ ਵਾਲਾ ਜੀਵਨ ਧਾਰਨ ਕਰਨ ਦੀ ਅਪੀਲ ਵੀ ਕੀਤੀ। ਇਸ ਤੋਂ ਇਲਾਵਾ ਅਵਤਾਰ ਸਿੰਘ ਗਰੇਵਾਲ ਅਤੇ ਭਾਈ ਸਤਿਨਾਮ ਸਿੰਘ ਨੇ ਹਾਜ਼ਰੀ ਭਰੀ। ਗੁਰੂਘਰ ਦੇ ਸਟੇਜ਼ ਸਕੱਤਰ ਗੁਰਬਿੰਦਰ ਸਿੰਘ ਧਾਲੀਵਾਲ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ 'ਤੇ ਵਿਚਾਰਾ ਕਰਦੇ ਹੋਏ ਸਮੂੰਹ ਸੰਗਤਾਂ ਦਾ ਧੰਨਵਾਦ ਕੀਤਾ। ਸਮੁੱਚੇ ਪ੍ਰੋਗਰਾਮਾਂ ਦੀ ਸੇਵਾ ਸ.ਗੁਰਦਰਸ਼ਨ ਸਿੰਘ ਬਰਾੜ ਨੇ ਸਮੂੰਹ ਸੰਗਤ ਦੇ ਸਹਿਯੋਗ ਨਾਲ ਨਿਭਾਈ। ਗੁਰੂ ਦੇ ਲੰਗਰ ਅਤੁੱਟ ਵਰਤੇ।

# ਫਰਿਜ਼ਨੋ ਨਿਵਾਸੀ ਸ.ਜਸਪਾਲ ਸਿੰਘ ਢੇਸੀ ਦੇ ਅਕਾਲ ਚਲਾਣੇ 'ਤੇ ਸਮੂਹ ਢੇਸੀ ਪਰਿਵਾਰ ਨੂੰ ਭਾਰੀ ਸਦਮਾ

**ਫਰਿਜ਼ਨੋ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਬੀਤੇ ਦਿਨੀ ਫਰਿਜ਼ਨੋ ਨਿਵਾਸੀ ਸ. ਜਸਪਾਲ ਸਿੰਘ ਢੇਸੀ (ਸਪੁੱਤਰ ਸਵ: ਸ. ਸਾਧੂ ਸਿੰਘ ਢੇਸੀ ਅਤੇ ਮਾਤਾ ਸਵ: ਮਹਿੰਦਰ ਕੌਰ ਢੇਸੀ) ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ 21 ਨਵੰਬਰ 2019, ਦਿਨ ਵੀਰਵਾਰ ਦੀ ਸਵੇਰ ਅਕਾਲ ਚਲਾਣਾ ਕਰ ਗਏ ਸਨ। ਇਸ ਸਮੇਂ ਉਨ੍ਹਾਂ ਦੀ ਉਮਰ 62 ਸਾਲ ਸੀ। ਉਨ੍ਹਾਂ ਦਾ ਪਿਛਲਾ ਪਿੰਡ ਢੇਸੀਆ ਕਾਨ੍ਹਾਂ ਸੀ, ਜੋ ਜਿਲ੍ਹਾਂ ਜਲੰਧਰ ਵਿੱਚ ਹੈ। ਸਵ: ਜਸਪਾਲ ਸਿੰਘ ਪਿਛਲੇ ਲੰਮੇ ਅਰਸੇ ਤੋਂ ਆਪਣੇ ਪਰਿਵਾਰ ਸਮੇਤ ਪਹਿਲਾ ਪੰਜਾਬ ਤੋਂ ਆ ਕਸਬਾ ਸਨਵਾਕੀਨ, ਬਾਅਦ ਵਿੱਚ ਕਰਮਨ ਸ਼ਹਿਰ ਰਹੇ ਅਤੇ ਹੁਣ ਫਰਿਜ਼ਨੋ ਵਿਖੇ ਰਹਿ ਰਹੇ ਸਨ। ਇਹ ਸਾਰੇ ਇਲਾਕੇ ਵਿੱਚ ਪੰਜਾਬੀ ਭਾਈਚਾਰੇ ਦੀ ਸਤਿਕਾਰਯੋਗ ਸ਼ਖਸੀਅਤ ਸਨ। ਜਿੰਨ੍ਹਾਂ ਆਪਣੇ ਪਰਿਵਾਰਕ ਕੰਮਾਂ-ਕਾਰਾ ਤੋਂ ਇਲਾਵਾ ਪੰਜਾਬੀ ਗੀਤਕਾਰੀ ਵਿੱਚ ਵੀ ਹਿੱਸਾ ਪਾਇਆ। ਹਰ ਸਮੇਂ ਸਮਾਜਿਕ ਅਤੇ ਭਾਈਚਾਰਿਕ ਕਾਰਜਾਂ ਵਿੱਚ ਵੱਧ-ਚੜਕੇ ਹਿੱਸਾ ਲੈਂਦੇ ਸਨ। ਇਹ ਆਪਣੇ ਪਰਿਵਾਰਕ ਮੈਬਰਾਂ ਵਿੱਚ ਪਤਨੀ ਦਲਜੀਤ ਕੌਰ, ਪੁੱਤਰ ਪੁਨੀਤ ਢੇਸੀ ਅਤੇ ਤਿੰਨ ਧੀਆਂ ਰੀਟਾ, ਜਸਦੀਪ, ਆਇਸਾ ਨੂੰ ਛੱਡ ਗਏ ਹਨ।



ਇੰਨ੍ਹਾਂ ਦਾ ਅੰਤਮ ਸੰਸ਼ਕਾਰ ਅਤੇ ਸਰਧਾਜ਼ਲੀਆਂ ਦੀ ਰਸ਼ਮ 27 ਨਵੰਬਰ 2019, ਦਿਨ ਬੁੱਧਵਾਰ ਨੂੰ "ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ" ਵਿਖੇ ਸਵੇਰੇ 11 ਵਜ਼ੇ ਤੋਂ 1 ਵਜ਼ੇ ਹੋਵੇਗੀ। ਜਿਸ ਦਾ ਪਤਾ: 4800 El. Clayton Ave, Fowler, CA-93625 ਹੈ। ਇਸ ਉਪਰੰਤ ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਮ ਅਰਦਾਸ "ਗੁਰਦੁਆਰਾ ਸਿੰਘ ਸਭਾ" ਫਰਿਜ਼ਨੋ ਵਿਖੇ ਬਾਅਦ ਦੁਪਹਿਰ 2:00 ਵਜ਼ੇ ਤੋਂ 4:00 ਵਜ਼ੇ ਤੱਕ ਹੋਵੇਗੀ। ਗੁਰੂਘਰ ਦਾ ਪਤਾ: 4827 N. Parkway Drive, Fresno, CA-93722 ਹੈ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਹੋਰ ਜਾਣਕਾਰੀ ਲਈ ਉਨ੍ਹਾਂ ਦੀ ਪਤਨੀ ਦਲਜੀਤ ਕੌਰ ਢੇਸੀ (559) 548-0155 ਜਾਂ ਭਰਾ ਗੁਲਬਿੰਦਰ ਗੈਰੀ ਢੇਸੀ (559) 567-8033 ਨਾਲ ਫ਼ੋਨ ਨੰਬਰ 'ਤੇ ਸੰਪਰਕ ਕੀਤਾ ਜਾ ਸਕਦਾ ਹੈ।


A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu



Law Office of
NIRWAN & ASSOCIATES
www.nirwanlaw.com

Business Incorporation
Articles of Incorp
Dissolution
501 © Non-Profit
Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

# ਗੁਰੂ ਨਾਨਕ ਸਾਹਿਬ ਜੀ ਦਾ 550ਵਾਂ ਜਨਮ ਪ੍ਰਕਾਸ਼ ਉਤਸਵ ਨਾਰਵੇ ਦੀ ਅੰਬੈਸੀ ਓਸਲੋ 'ਚ ਸ਼ਰਧਾਪੂਰਵਕ ਮਨਾਇਆ ਗਿਆ

**ਸਲੋ (ਰੁਪਿੰਦਰ ਢਿੱਲੋ ਮੋਗਾ)–** ਸਿੱਖ ਕੋਮ ਦੇ ਸਿਰਮੋਰ ਧੰਨ ਧੰਨ ਪਹਿਲੀ ਪਾਤਸ਼ਾਹੀ ਸ਼੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦਾ 550ਂ ਪ੍ਰਕਾਸ਼ ਉਤਸਵ ਨਾਰਵੇ ਦੀ ਰਾਜਧਾਨੀ ਓਸਲੋ ਵਿਖੇ ਭਾਰਤ ਸਰਕਾਰ ਦੇ ਨਿਰਦੇਸ਼ਾ ਅਨੁਸਾਰ ਇੰਡੀਅਨ ਅੰਬੈਸੀ ਵਿਖੇ ਬੜੀ ਧੂਮ ਧਾਮ ਅਤੇ ਸ਼ਰਧਾਪੂਰਵਕ ਮਨਾਇਆ ਗਿਆ। ਇਸ ਮੋਕੇ ਨਾਰਵੇ ਸਥਿਤ ਓਸਲੋ ਅਤੇ ਦਰਾਮਨ ਦੀਆ ਗੁਰੂ ਘਰਾ ਦੀਆ ਪ੍ਰੰਬਧਕ ਕਮੇਟੀਆ ਤੋ ਇਲਾਵਾ ਨਾਰਵੇ ਦੀਆ ਸਿੱਖ ਸੰਗਤਾ ਨੇ ਹਿੱਸਾ ਲਿਆ । ਇਸ ਮੋਕੇ ਨਾਰਵ ਸਥਿਤ ਭਾਰਤੇ ਅੰਬੇਸੀ ਦੇ ਸ਼ੀਮਤੀ ਅਰੁਨਦਤੀ ਦਾਸ, ਅਮਰਜੀਤ ਜੀ ਨੇ ਗੁਰੂ ਸਾਹਿਬ ਦੇ ਮਹਾਨ ਜੀਵਨ ਦੇ ਇਤਿਹਾਸ ਅਤੇ ਮਨੁੱਖਤਾ ਲਈ ਕੀਤੇ ਕਾਰਜਾ ਨੂੰ ਅੰਬੈਸੀ ਜੁੜੀਆ ਸੰਗਤਾ ਨਾਲ ਸਾਂਝਾ ਕੀਤਾ । ਗੁਰਦੁਆਰਾ ਸਿਹਬ ਓਸਲੋ ਨਾਲ ਜੁੜੀ ਸੰਗਤ ਵੱਲੋ ਇਸ ਮੋਕੇ ਗੁਰੂ ਦੀ ਅ੍ਰਿੰਮਤ ਬਾਣੀ ਦਾ ਕੀਰਤਨ ਕਰ ਅੰਬੈਸੀ ਚ ਜੁੜੀ ਸੰਗਤ ਨੂੰ ਨਿਹਾਲ ਕੀਤਾ ਅਤੇ ਦੋਨੋ ਗੁਰੂ ਘਰਾ ਦੀਆ ਕਮੇਟੀਆ ਦੇ ਚੁਣਵੇ ਪ੍ਰੰਬੱਧਕਾ ਵੱਲੋ ਵੀ ਗੁਰੂ ਸਿਹਬ ਦੇ ਮਹਾਨ ਜੀਵਨ ਸੰਬੱਧੀ ਇਤਿਹਾਸ ਸਾਂਝਾ ਕੀਤਾ ਗਿਆ।



ਅੰਬੇਸੀ ਵੱਲੋ ਮੈਡਮ ਪ੍ਰਿਆ ਉਬਰਾਏ ਵੱਲੋ ਸਟੇਜ ਸਕੈਟਰੀ ਦੀ ਸੇਵਾ ਨਿਭਾਈ ਗਈ,ਇਸ ਮੋਕੇ ਭਾਰਤ ਸਰਕਾਰ ਵੱਲੋ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਤੇ ਬਣਾਈ ਡਾਕੂਮੈਟਰੀ ਵੀ ਵਿਖਾਈ ਗਈ ਅਤੇ ਹਾਲ ਵਿੱਚ ਹੀ ਇਸ ਪ੍ਰਕਾਸ਼ ਉਤਸਵ ਨੂੰ ਸਮਰਪਿਤ ਖੂੱਲੇ ਕਰਤਾਰਪੁਰ ਸਾਹਿਬ ਕਾਰੀਡੋਰ ਦੇ ਸੰਬੱਧ ਚ ਭਾਰਤੀ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਅਤੇ ਦੂਸਰੇ ਨੇਤਾਵਾ ਦੇ ਗੁਰੂ ਨਾਨਕ ਸਾਹਿਬ ਦੀ ਸ਼ਰਧਾ ਚ ਕੀਤੀਆ ਤਕਰੀਰਾ ਵੀ ਵਿਖਾਈਆ ਗਈਆ।

ਭਾਰਤੀ ਅੰਬੈਸੀ ਵੱਲੋ ਇਸ ਮੋਕੇ ਇੱਕਠੇ ਹੋਏ ਭਾਈਚਾਰੇ ਲਈ ਸ਼ਾਮ ਦੀ ਚਾਹ ਦਾ ਵੀ ਸੋਹਣਾ ਪ੍ਰੰਬੱਧ ਕੀਤਾ ਗਿਆ ਅਤੇ ਆਖਿਰ ਚ ਅੰਬੈਸੀ ਵੱਲੋ ਹਰ ਇੱਕ ਦਾ ਤਹਿ ਦਿੱਲੋ ਧੰਨਵਾਦ ਕੀਤਾ ਗਿਆ।

# ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਪੰਜਾਹਵੇਂ ਪੁਰਬ ਤੇ ਮਹਾਨ ਕਵੀ ਦਰਬਾਰ


**ਸੈਕਰਾਮੈਂਟੋ–** ਲੰਘੇ ਸ਼ਨਿੱਚਰਵਾਰ ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ (ਕੈਲ) ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਪੰਜਾਹਵੇਂ ਪੁਰਬ ਦੇ ਸੰਦਰਭ ਵਿੱਚ ਕਵੀ ਦਰਬਾਰ ਆਯੋਜਿਤ ਕੀਤਾ ਗਿਆ, ਜਿਸ ਵਿੱਚ ਪੰਜਾਬੀ ਸਾਹਿਤ ਸਭਾਵਾਂ ਦੀਆਂ ਸਮੁਚੀਆਂ ਇਕਾਈਆਂ ਤੇ ਪੰਜਾਬੀ ਭਾਈਚਾਰੇ ਨੂੰ ਹਿਸਾ ਲੈਣ ਲਈ ਖੁਲ੍ਹਾ ਸੱਦਾ ਦਿੱਤਾ ਗਿਆ ਸੀ । ਸੰਗਤ ਦੀ ਭਰਪੂਰ ਹਾਜਰੀ ਵਿੱਚ ਗੁਰੂ ਨਾਨਕ ਦੇਵ ਜੀ ਦੀ ਵਡਿਆਈ ਤੇ ਸ਼ਬਦ ਰਚਨਾ ਦੇ ਸਬੰਧ ਵਿੱਚ ਕਵਿਤਾਵਾਂ ਪੇਸ਼ ਕੀਤੀਆਂ ਗਈਆਂ । ਕਵੀ ਦਰਬਾਰ ਵਿੱਚ ਮਨਜੀਤ ਕੌਰ ਸੇਖੋਂ, ਜੀਵਨ ਰੱਤੂ, ਪਰਮਿੰਦਰ ਸਿੰਘ ਰਾਏ, ਹਰਬੰਸ ਸਿੰਘ ਜਗਿਆਸੂ, ਜੋਤੀ ਸਿੰਘ, ਸੁੱਖਦੇਵ ਸਿੰਘ ਢਿੱਲੋਂ, ਜਗਜੋਤ ਸਿੰਘ, ਜਿੰਦ ਜੋਗਿੰਦਰ ਕੌਰ, ਮਲਿਕ ਇਮਤਿਆਜ, ਜਗਦੇਵ ਸਿੰਘ ਭੰਡਾਲ, ਗੁਰਪਾਲ ਸਿੰਘ ਖੈਹਰਾ, ਡਾ: ਅਮਰੀਕ ਸਿੰਘ ਸ਼ਾਮਲ ਹੋਏ । ਕਰਤਾਰ-ਪੁਰ ਸਾਹਿਬ ਲਾਂਘੇ ਦੇ ਅਰਥਾਂ ਨੂੰ ਹੋਰ ਗੂਹੜੇ ਕਰਦੇ ਹੋਏ, ਪਾਕਿਸਤਾਨੀ ਵੀਰ ਮਲਿਕ ਇਮਤਿਆਜ ਨੇ ਪੰਜਾਬੀਆਂ ਦੀ ਸਾਂਝ ਨੂੰ ਅਟੁੱਟ ਦਰਸਾਇਆ।




ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ: ਬਲਬੀਰ ਸਿੰਘ ਢਿਲੋਂ ਹੁਰਾਂ ਹਰੇਕ ਕਵੀ ਨੂੰ ਨਕਦ ਨਜ਼ਰਾਨਾ ਦੇਕੇ ਸਨਮਾਨਿਤ ਕੀਤਾ । ਇਸ ਦਿਵਸ ਤੇ ਗਿਆਨੀ ਵਧਾਵਾ ਸਿੰਘ ਹੁਰਾਂ ਨੂੰ ਵੀ ਯਾਦ ਕੀਤਾ ਗਿਆ, ਜਿਨ੍ਹਾਂ ਨੇ ਸਾਲਾਨਾ ਕਵੀ ਦਰਬਾਰ ਤੇ ਕਵੀ ਜਨਾਂ ਦੇ ਮਾਣ ਸਨਮਾਨ ਦੀ ਪਿਰਤ ਪਾਈ ਸੀ । ਮੌਜੂਦਾ ਕਮੇਟੀ ਵਧਾਈ ਦੀ ਪਾਤਰ ਹੈ ਜਿਨ੍ਹਾਂ ਇਸ ਰਵਾਇਤ ਨੂੰ ਬਰਕਰਾਰ ਰੱਖਿਆ । ਭਰਵੇਂ ਸੰਗਤ ਦੇ ਇਕੱਠ ਤੋਂ ਇਲਾਵਾ ਬਹੁੱਤ ਸਾਰੇ ਸਰੋਤਿਆਂ ਨੇ ਪ੍ਰੋਗਰਾਮ ਨੂੰ ਲਾਈਵ ਘਰੀਂ ਬੈਠਕੇ ਵੀ ਸੁਣਿਆ।

# ਟਾਈਟਲਰ ਮਾਮਲੇ 'ਚ ਅਦਾਲਤ ਵੱਲੋਂ ਸੀਬੀਆਈ ਦੀ ਝਾੜ-ਝੰਬ

**ਨਵੀਂ ਦਿੱਲੀ–** ਸਿੱਖ ਕਤਲੇਆਮ ਦੇ ਮਾਮਲੇ 'ਚ ਦਿੱਲੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਨੂੰ ਅੱਜ ਉਸ ਸਮੇਂ ਵੱਡੀ ਕਾਮਯਾਬੀ ਹਾਸਲ ਹੋਈ ਜਦ ਅਦਾਲਤ ਨੇ ਸ਼ਿਕਾਇਤਕਰਤਾ ਦੀ ਅਰਜ਼ੀ 'ਤੇ ਕਾਰਵਾਈ ਕਰਦੇ ਹੋਏ ਸੀਬੀਆਈ ਨੂੰ ਫ਼ਟਕਾਰ ਲਗਾਉਂਦਿਆਂ ਐਸਪੀ ਨੂੰ ਸਵਾਲ ਕੀਤਾ ਕਿ ਜਗਦੀਸ਼ ਟਾਈਟਲਰ ਕੇਸ ਵਿਚ 164 ਗਵਾਹਾਂ ਦੇ ਬਿਆਨ ਦਰਜ ਕਿਉਂ ਨਹੀਂ ਹੋਏ। ਉਨ੍ਹਾਂ ਦੇ ਬਿਆਨ ਦਰਜ ਕਰਵਾਉਣ ਸਬੰਧੀ ਐਸਪੀ ਨੂੰ 15 ਦਿਨਾਂ ਅੰਦਰ ਰਿਪੋਰਟ ਪੇਸ਼ ਕਰਨ ਨੂੰ ਕਿਹਾ ਗਿਆ ਹੈ। ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਦਿੱਲੀ ਕਮੇਟੀ ਵੱਲੋਂ ਅਦਾਲਤ ਵਿਚ ਅਪੀਲ ਕੀਤੀ ਗਈ ਸੀ ਕਿ ਸੀ.ਬੀ.ਆਈ ਵੱਲੋਂ ਕੇਸ ਵਿਚ ਢਿੱਲ ਵਰਤੀ ਜਾ ਰਹੀ ਹੈ। ਗਵਾਹਾਂ ਦੇ ਬਿਆਨ ਤੱਕ ਦਰਜ ਨਹੀਂ ਕਰਵਾਏ ਜਾ ਰਹੇ। 35 ਸਾਲ ਹੋ ਗਏ ਹਨ ਤੇ ਕਈ ਗਵਾਹ ਹੁਣ ਇਸ ਦੁਨੀਆ ਵਿਚ ਵੀ ਨਹੀ ਰਹੇ। ਇਸ ਲਈ ਬਿਨਾਂ ਕਿਸੇ ਦੇਰੀ ਗਵਾਹਾਂ ਦੇ ਬਿਆਨ ਦਰਜ ਕਰਵਾਏ ਜਾਣ ।



ਅਦਾਲਤ ਦੇ ਆਦੇਸ਼ਾਂ ਦੇ ਬਾਵਜੂਦ ਸੀਬੀਆਈ ਨੂੰ 3 ਸਾਲ ਲੱਗ ਗਏ ਤੇ ਜਗਦੀਸ਼ ਟਾਈਟਲਰ ਦੇ ਖ਼ਿਲਾਫ਼ ਗਵਾਹੀ ਦੇਣ ਵਾਲੇ ਅਭਿਸ਼ੇਕ ਵਰਮਾ ਦਾ ਪੋਲੀਗ੍ਰਾਫ਼ ਟੈਸਟ ਕਰਵਾਉਣ ਤੋਂ ਬਾਅਦ ਰਿਪੋਰਟ ਹਾਲੇ ਤੱਕ ਜਨਤਕ ਨਹੀਂ ਕੀਤੀ ਗਈ ਹੈ।

ਸਿਰਸਾ ਨੇ ਦੱਸਿਆ ਕਿ ਦਿੱਲੀ ਕਮੇਟੀ ਦੇ ਲੀਗਲ ਸੈੱਲ ਦੇ ਚੇਅਰਮੈਨ ਜਗਦੀਪ ਸਿੰਘ ਕਾਹਲੋਂ ਦੀ ਅਗਵਾਈ ਵਿਚ ਕਮੇਟੀ ਵੱਲੋਂ ਐਡਵੋਕੇਟ ਗੁਰਬਖ਼ਸ਼ ਸਿੰਘ ਅਤੇ ਹਰਪ੍ਰੀਤ ਸਿੰਘ ਰਾਹੀਂ ਅਦਾਲਤੀ ਕਾਰਵਾਈ ਕੀਤੀ ਜਾ ਰਹੀ ਹੈ। ਕਮੇਟੀ ਦੀ ਲੀਗਲ ਟੀਮ ਨੇ ਅਦਾਲਤ ਤੋਂ ਬਿਆਨ ਦਰਜ ਕਰਵਾਉਣ ਦੀ ਅਪੀਲ ਦੇ ਨਾਲ-ਨਾਲ ਗਵਾਹਾਂ ਦੀ ਸੁਰੱਖਿਆ ਦੇ ਮੁੱਦੇ 'ਤੇ ਵੀ ਧਿਆਨ ਦੇਣ ਦੀ ਅਪੀਲ ਕੀਤੀ ਸੀ। ਅਦਾਲਤ ਨੇ ਜਾਂਚ ਅਧਿਕਾਰੀ ਦੀ ਵੀ ਜਵਾਬਤਲਬੀ ਕੀਤੀ ਕਿ ਗਵਾਹਾਂ ਨੂੰ ਧਮਕੀਆਂ ਮਿਲਣ ਦੇ ਬਾਵਜੂਦ 195ਏ ਦੇ ਤਹਿਤ ਐਫ਼.ਆਈ.ਆਰ ਕਿਉਂ ਨਹੀਂ ਕੀਤੀ ਗਈ ਜਦਕਿ ਅਜਿਹਾ ਕਰਨਾ ਏਜੰਸੀ ਦੇ ਅਧਿਕਾਰ ਖੇਤਰ ਵਿਚ ਹੈ।



ਦੇਸ਼ ਦੁਆਬਾ

# ਮਹਾਰਾਸ਼ਟਰ ’ਚ ਸਿਆਸਤ

ਮਹਾਰਾਸ਼ਟਰ ’ਚ ਸਿਆਸਤ ਦੀ ਨੰਬਰ ਗੇਮ ’ਚ ਉਹੀ ਹੋਇਆ, ਜਿਸ ਦੇ ਕਿਆਸ ਲਾਏ ਜਾ ਰਹੇ ਸਨ। ਮੰਗਲਵਾਰ ਸਵੇਰੇ ਸੁਪਰੀਮ ਕੋਰਟ ਜਿਵੇਂ ਹੀ ਬੁੱਧਵਾਰ ਨੂੰ ਸ਼ਾਮ ਪੰਜ ਵਜੇ ਤਕ ਪ੍ਰੋਟਮ ਸਪੀਕਰ ਦੁਆਰਾ ਵਿਧਾਇਕਾਂ ਨੂੰ ਸਹੁੰ ਚੁਕਾਉਣ ਤੇ ਉਸ ਤੋਂ ਤੁਰੰਤ ਬਾਅਦ ਫਲੋਰ ਟੈਸਟ ਦਾ ਅੰਤਰਿਮ ਹੁਕਮ ਦਿੱਤਾ, ਉਸ ਮਗਰੋਂ ਫਿਰ ਪਾਸਾ ਪਲਟਿਆ ਤੇ ਬਾਜ਼ੀ ਮੁੜ ਸ਼ਿਵ ਸੈਨਾ, ਕਾਂਗਰਸ ਤੇ ਐੱਨਸੀਪੀ ਗੱਠਜੋੜ ਦੇ ਹੱਥ ਆ ਗਈ। ਅਚਾਨਕ ਬਣੀ ਦੇਵੇਂਦਰ ਫੜਨਵੀਸ ਸਰਕਾਰ ਨੂੰ ਬਹੁਮਤ ਸਿੱਧ ਕਰਨ ਤੋਂ ਪਹਿਲਾਂ ਹੀ ਜਿਸ ਤਰ੍ਹਾਂ ਅਸਤੀਫ਼ਾ ਦੇਣ ਵਾਸਤੇ ਮਜਬੂਰ ਹੋਣਾ ਪਿਆ, ਉਸ ਕਾਰਨ ਭਾਜਪਾ ਨੇ ਹਮਦਰਦੀ ਹਾਸਲ ਕਰਨ ਦਾ ਮੌਕਾ ਵੀ ਖੁੰਝਾ ਦਿੱਤਾ। ਅਜਿਹਾ ਲੱਗਦਾ ਹੈ ਕਿ ਉਸ ਨੇ ਸੋਚ-ਵਿਚਾਰ ਕੀਤੇ ਬਿਨਾਂ ਹੀ ਅਜੀਤ ਪਵਾਰ ’ਤੇ ਭਰੋਸਾ ਕਰ ਲਿਆ ਸੀ। ਕਿਤੇ ਭਾਜਪਾ ਸੱਤਾ ਦੇ ਲਾਲਚ ਵਿਚ ਅਜੀਤ ਪਵਾਰ ਦੇ ਝਾਂਸੇ ਵਿਚ ਤਾਂ ਨਹੀਂ ਸੀ ਜਾ ਫਸੀ? ਹੈਰਤ ਨਹੀਂ ਕਿ ਅਜੀਤ ਪਵਾਰ ਨੇ ਸ਼ਰਦ ਪਵਾਰ ਤੋਂ ਕਿਨਾਰਾ ਕਰਨ ਦਾ ਦਿਖਾਵਾ ਇਸ ਲਈ ਕੀਤਾ ਹੋਵੇ ਤਾਂ ਕਿ ਭਾਜਪਾ ਨੂੰ ਨਾ ਸੱਤਾ ਮਿਲੇ ਅਤੇ ਨਾ ਹੀ ਹਮਦਰਦੀ। ਜੋ ਵੀ ਹੋਵੇ, ਭਾਜਪਾ ਨੂੰ ਸਰਕਾਰ ਗਠਨ ਦੇ ਮਾਮਲੇ ਵਿਚ ਕਾਹਲ ਦਿਖਾਉਣ ਤੋਂ ਬਚਣਾ ਚਾਹੀਦਾ ਸੀ। ਆਖ਼ਰ ਉਸ ਨੇ ਕਰਨਾਟਕ ਤੇ ਤਜਰਬੇ ਤੋਂ ਕੋਈ ਸਬਕ ਕਿਉਂ ਨਹੀਂ ਸਿੱਖਿਆ? ਸਿਆਸੀ ਨਫ਼ਾ-ਨੁਕਸਾਨ ਦੀ ਪਰਵਾਹ ਨਾ ਕਰਦੇ ਹੋਏ ਭਾਜਪਾ ਨੇ ਜਿਸ ਤਰ੍ਹਾਂ ਸਰਕਾਰ ਬਣਾਈ ਅਤੇ ਫਿਰ ਗੁਆਈ, ਉਸ ਸਦਕਾ ਉਸ ਦੀਆਂ ਵਿਰੋਧੀ ਪਾਰਟੀਆਂ ਨੂੰ ਖ਼ੁਦ ਨੂੰ ਸਹੀ ਸਿੱਧ ਕਰਨ ਦਾ ਮੌਕਾ ਮਿਲ ਗਿਆ ਹੈ। ਭਾਜਪਾ ਨੂੰ ਇਹ ਅਹਿਸਾਸ ਹੋਵੇ ਤਾਂ ਬਿਹਤਰ ਹੋਵੇਗਾ ਕਿ ਤਿੰਨ ਦਿਨ ਵਾਲੀ ਫੜਨਵੀਸ ਸਰਕਾਰ ਕਾਰਨ ਉਹ ਮਜ਼ਾਕ ਦਾ ਪਾਤਰ ਹੀ ਬਣੀ ਹੈ। ਹੁਣ ਸ਼ਿਵ ਸੈਨਾ ਆਪਣੀਆਂ ਧੁਰ ਵਿਰੋਧੀ ਪਾਰਟੀਆਂ ਕਾਂਗਰਸ ਅਤੇ ਐੱਨਸੀਪੀ ਨਾਲ ਮਿਲ ਕੇ ਕਿਤੇ ਵੱਧ ਗਾਜੇ-ਵਾਜੇ ਨਾਲ ਸਰਕਾਰ ਬਣਾਵੇਗੀ। ਸ਼ਿਵ ਸੈਨਾ ਆਪਣੀ ਅਤੇ ਨਾਲ ਹੀ ਲੋਕਤੰਤਰ ਦੀ ਜਿੱਤ ਦੇ ਕਿੰਨੇ ਵੀ ਦਾਅਵੇ ਕਰੇ, ਇਹ ਹਕੀਕਤ ਨੂੰ ਕੋਈ ਨਹੀਂ ਬਦਲ ਸਕਦਾ ਕਿ ਮਹਾਰਾਸ਼ਟਰ ਦੀ ਭਾਵੀ ਸਰਕਾਰ ਮੌਕਾਪ੍ਰਸਤੀ ਵਾਲੀ ਸਿਆਸਤ ਦੀ ਸ਼ਰਮਨਾਕ ਮਿਸਾਲ ਹੋਵੇਗੀ। ਮਹਾਰਾਸ਼ਟਰ ਦਾ ਲੋਕ ਫ਼ਤਵਾ ਇਸ ਦੇ ਲਈ ਨਹੀਂ ਸੀ ਕਿ ਸ਼ਿਵ ਸੈਨਾ ਵਿਰੋਧੀ ਪਾਰਟੀਆਂ ਨਾਲ ਮਿਲ ਕੇ ਸਰਕਾਰ ਬਣਾਵੇ। ਹੁਣ ਅਜਿਹਾ ਹੀ ਹੋਣ ਜਾ ਰਿਹਾ ਹੈ। ਇਹ ਲੋਕ ਫ਼ਤਵੇ ਦੇ ਨਾਲ-ਨਾਲ ਜਮਹੂਰੀ ਕਦਰਾਂ-ਕੀਮਤਾਂ, ਮਰਿਆਦਾਵਾਂ ਦਾ ਉਸੇ ਤਰ੍ਹਾਂ ਨਿਰਾਦਰ ਹੈ ਜਿਸ ਤਰ੍ਹਾਂ ਦੀ ਬੇਅਦਬੀ ਫੜਨਵੀਸ ਸਰਕਾਰ ਬਣਨ ਸਮੇਂ ਹੋਈ ਸੀ। ਕਿਉਂਕਿ ਸਿਆਸੀ ਕਦਰਾਂ-ਕੀਮਤਾਂ ਦੇ ਬੇਅਦਬੀ ਦੇ ਨਾਲ-ਨਾਲ ਲੋਕ ਫ਼ਤਵੇ ਦੀ ਮਨਮਾਨੀ ਵਿਆਖਿਆ ਕਰ ਕੇ ਪਹਿਲਾਂ ਵੀ ਸਰਕਾਰਾਂ ਬਣਦੀਆਂ ਰਹੀਆਂ ਹਨ, ਇਸ ਲਈ ਇਹ ਲਾਜ਼ਮੀ ਹੈ ਕਿ ਛਲਾਵੇ ਨਾਲ ਸਰਕਾਰ ਬਣਾਉਣ ’ਤੇ ਰੋਕ ਲਗਾਉਣ ਵਾਸਤੇ ਕਦਮ ਚੁੱਕਣੇ ਚਾਹੀਦੇ ਹਨ। ਫ਼ੈਸਲਾਕੁੰਨ ਲੋਕ ਫ਼ਤਵੇ ਦੀ ਘਾਟ ਸਮੇਂ ਜਾਂ ਤਾਂ ਫਿਰ ਤੋਂ ਚੋਣਾਂ ਕਰਵਾਈਆਂ ਜਾਣ ਜਾਂ ਫਿਰ ਅਜਿਹੇ ਕਾਇਦੇ-ਕਾਨੂੰਨ ਬਣਾਏ ਜਾਣ ਜਿਨ੍ਹਾਂ ਸਦਕਾ ਸਰਕਾਰ ਬਣਾਉਣ ਵਾਲੇ ਲੋਕ ਫ਼ਤਵੇ ਨੂੰ ਅੰਗੂਠਾ ਨਾ ਦਿਖਾਇਆ ਜਾ ਸਕੇ। ਘੱਟੋ-ਘੱਟ ਚੋਣਾਂ ਤੋਂ ਪਹਿਲਾਂ ਹੋਏ ਗੱਠਜੋੜ ਨੂੰ ਤੋੜਨ ਵਾਲਿਆਂ ਨੂੰ ਤਾਂ ਫਿਰ ਤੋਂ ਲੋਕ ਫ਼ਤਵਾ ਲੈਣ ਵਾਸਤੇ ਮਜਬੂਰ ਕੀਤਾ ਹੀ ਜਾਣਾ ਚਾਹੀਦਾ ਹੈ। ਕੱਲ੍ਹ ਤਕ ਇਹੀ ਮੰਨਿਆ ਜਾਂਦਾ ਸੀ ਕਿ ਚੋਣਾਂ ਤੋਂ ਪਹਿਲਾਂ ਵਾਲੇ ਗੱਠਜੋੜ ਮੌਕਾਪ੍ਰਸਤੀ ਵਾਲੀ ਸਿਆਸਤ ਨੂੰ ਨੱਥ ਪਾਉਣ ਦਾ ਕੰਮ ਕਰਦੇ ਹਨ ਪਰ ਮਹਾਰਾਸ਼ਟਰ ਦੀ ਮਿਸਾਲ ਤੋਂ ਇਹੀ ਸਪਸ਼ਟ ਹੈ ਕਿ ਹੁਣ ਉਹ ਮੌਕਾਪ੍ਰਸਤੀ ਵਾਲੀ ਸਿਆਸਤ ਨੂੰ ਮਜ਼ਬੂਤੀ ਵੀ ਬਖ਼ਸ਼ ਸਕਦੇ ਹਨ। ਜੇ ਚੋਣਾਂ ਤੋਂ ਬਾਅਦ ਗੱਠਜੋੜ ਤੋੜਨ ਵਾਲੀਆਂ ਸਿਆਸੀ ਪਾਰਟੀਆਂ ਸ਼ਿਵ ਸੈਨਾ ਦੀ ਤਰ੍ਹਾਂ ਸੱਤਾ ਹਾਸਲ ਕਰਨ ਲੱਗਣਗੀਆਂ ਤਾਂ ਇਸ ਨਾਲ ਅਨੈਤਿਕਤਾ ਵਾਲੀ ਸਿਆਸਤ ਹੋਰ ਜ਼ਿਆਦਾ ਵਧੇ-ਫੁੱਲੇਗੀ। ਜੇ ਸਿਆਸੀ ਪਾਰਟੀਆਂ ਨੂੰ ਨੈਤਿਕਤਾ ਵਾਲੀ ਸਿਆਸਤ ਦਾ ਜ਼ਰਾ ਵੀ ਖ਼ਿਆਲ ਹੈ ਤਾਂ ਉਨ੍ਹਾਂ ਨੂੰ ਗ਼ੈਰ-ਇਖਲਾਕੀ ਚੋਰ ਮੋਰੀਆਂ ਨੂੰ ਬੰਦ ਕਰਨ ’ਤੇ ਗੌਰ ਫਰਮਾਉਣਾ ਚਾਹੀਦਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖ਼ਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖ਼ਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-120

## ਗੁਰੂ ਗਿਆਨ ਰਹਬਰ ਬਾਰੇ



ਅਵਤਾਰ ਸਿੰਘ ਮਿਸ਼ਨਰੀ
510-432-5827

“ਰਹਬਰ” ਫਾਰਸੀ ਦਾ ਸ਼ਬਦ ਤੇ ਅਰਥ-ਰਾਹ ਉਪਰ ਲੈ ਜਾਣ ਵਾਲਾ ਆਗੂ। ਦੁਨੀਆਂ ’ਚ ਬਹੁਤ ਸਾਰੇ ਰਹਬਰ ਆਏ ਜਿੰਨ੍ਹਾਂ ਨੇ ਆਪੋ ਆਪਣੇ ਰਾਹ ਦਿਖਾਏ। ਇਸਲਾਮ ’ਚ ਜੋ ਕੋਈ ਮੌਜਜਾ ਜਾਂ ਕਰਾਮਾਤ ਕਰਕੇ ਦਿਖਾਵੇ ਉਹ ਹੀ ਰਹਬਰ ਹੈ। ਦੁਨੀਆਂ ਦੇ ਚੋਣਵੇਂ ਰਹਬਰਾਂ ਚੋਂ ਰਾਮ ਚੰਦਰ, ਸ੍ਰੀ ਕ੍ਰਿਸ਼ਨ, ਹਜਰਤ ਮੂਸਾ, ਹਜਰਤ ਈਸਾ, ਹਜਰਤ ਮੁਹੰਮਦ, ਮਹਾਤਮਾ ਬੁੱਧ, ਮਹਾਵੀਰ ਅਤੇ ਬਾਬਾ ਨਾਨਕ ਆਦਿਕ ਹਨ। ਗੁਰਮਤਿ ਨੇ ਵੀ ਰਹਬਰ ਦੇ ਅਰਥ ਅਗਵਾਈ ਕਰਨ ਵਾਲਾ ਗੁਰੂ ਆਗੂ ਕੀਤੇ ਹਨ-ਸਤਿਗੁਰੁ ਵਿਸਟੁ ਮੇਲਿ ਮੇਰੇ ਗੋਵਿੰਦਾ ਹਰਿ ਮੇਲੇ ਕਰਿ ਰੈਬਾਰੀ ਜੀਉ॥(ਮ:੪-੧੭੪) ਰਹਬਰ ਭੁੱਲੇ, ਭਟਕਿਆਂ ਤੇ ਅਗਿਆਨੀਆਂ ਨੂੰ ਸੱਚੇ ਮਾਰਗ ਤੇ ਚੱਲਣ ਦਾ ਉਪਦੇਸ਼ ਦਿੰਦਾ ਤੇ ਉਨ੍ਹਾਂ ਦੀ ਅਗਵਾਈ ਕਰਦਾ ਹੈ-ਜਨ ਨਾਨਕ ਬਲਿਹਾਰੀ ਗੁਰ ਆਪਣੇ ਵਿਟਹੁ ਜਿਨਿ ਭ੍ਰਮਿ ਭੂਲਾ ਮਾਰਗਿ ਪਾਇਆ॥(ਮ:੩-੫੧੩) ਭੂਲੇ ਮਾਰਗੁ ਜਿਨਹਿ ਬਤਾਇਆ ਐਸਾ ਗੁਰੁ ਵਡਭਾਗੀ ਪਾਇਆ॥(ਮ:੫-੮੦੪) ਭਾਈ ਗੁਰਦਾਸ ਜੀ ਵੀ ਦਰਸਾਉਂਦੇ ਹਨ ਕਿ ਉਹ ਹੀ ਰਹਬਰ ਸਤਿਗੁਰੂ ਆਗੂ ਹੈ ਜੋ ਅਗਿਆਨੀ ਅੰਧਲਿਆਂ ਦਾ ਵੀ ਉਧਾਰ ਕਰ ਦਿੰਦਾ ਹੈ ਭਾਵ ਉਨ੍ਹਾਂ ਨੂੰ ਵੀ ਰਸਤਾ ਵਿਖਾਉਂਦਾ ਹੈ-ਸਤਿਗੁਰੁ ਆਗੂ ਜਾਣੀਐ ਬਾਹ ਪਕਰਿ ਅੰਧਲੇ ਉਧਾਰੇ॥੧੯॥

ਜਦ ਗਿਆਨ ਵਿਕਸਤ ਨਹੀਂ ਸੀ ਹੋਇਆ ਤਦ ਸਿਆਣੇ ਮਨੁੱਖ ਹੀ ਆਗੂ ਰਹਬਰ ਹੁੰਦੇ ਸਨ। ਅੱਜ ਇਕਵੀ ਸਦੀ ਵਿੱਚ ਗਿਆਨ ਹੀ ਮਨੁੱਖਤਾ ਦਾ ਰਹਬਰ ਆਗੂ ਹੈ। ਇਸ ਸ਼ਬਦ ਗਿਆਨ ਰਹਬਰ ਬਾਰੇ ਗੁਰੂ ਸਾਹਿਬ ਫੁਰਮਾਂਦੇ ਹਨ-ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥(ਮ:੧-੬੩੫) ਪੁਰਾਨੇ ਜਮਾਨੇ ਵਿਚ ਖਾਸ ਕਰ ਹਿੰਦੂ, ਇਸਲਾਮ, ਈਸਾਈ ਤੇ ਮੁਸਾਈ ਅਣਹੋਣੀਆਂ ਕਰਾਮਾਤਾਂ ਨੂੰ ਰਹਬਰੀ ਗੁਣ ਮੰਨਦੇ ਸਨ ਪਰ ਅੱਜ ਇਕਵੀਂ ਸਦੀ ’ਚ ਗੁਰੂ ਗਿਆਨ ਰਹਬਰ ਦੀਆਂ ਵਿਗਿਆਨ ਤੇ ਪ੍ਰਤੱਖ ਕਰਾਮਾਤਾਂ ਨੇ ਮਨੁੱਖ ਨੂੰ ਮਸ਼ੀਨ ਰਾਹੀਂ ਅਕਾਸ਼ ’ਚ ਉਡਾ ਦਿੱਤਾ ਮੰਗਲ, ਚੰਦ ਸੂਰਜ ਤੇ ਸ਼ਨੀ ਆਦਿਕ ਜੋ ਧਰਤੀਆਂ ਹਨ ਜਿੰਨ੍ਹਾਂ ਨੂੰ ਗ੍ਰਹ ਮੰਨ ਚਲਾਕ ਧਰਮ ਪੁਜਾਰੀਆਂ ਵੱਲੋਂ ਮਨੁੱਖ ਨੂੰ ਡਰਾਇਆ ਤੇ ਲੁੱਟਿਆ ਜਾਂਦਾ ਸੀ ਗਿਆਨ ਰਹਬਰ ਦੀ ਅਗਵਾਈ ’ਚ ਮਨੁੱਖ ਕਈ ਥਾਈਂ ਓਥੇ ਪਹੁੰਚ ਚੁੱਕਾ ਹੈ। ਗਿਆਨ ਰਹਬਰ ਨੇ ਧਰਮ ਪੁਜਾਰੀਆਂ ਵੱਲੋਂ ਪਾਇਆ ਗਿਆ ਡਰ ਸਾਰਾ ਚੁੱਕਾ ਦਿੱਤਾ ਹੈ-ਗੁਰ ਪੂਰੇ ਡਰੁ ਸਗਲ ਚੁਕਾਇਆ॥(ਮ:੫-੧੧੫੨)

ਰਹਬਰ ਸਦਾ ਨਵੀਨ ਤੇ ਅਗਾਹ ਵਧੂ ਹੁੰਦਾ ਹੈ। ਜਿਉਂ ਜਿਉਂ ਗਿਆਨ ਦਾ ਦਾਇਰਾ ਵਧਦਾ ਹੈ ਤਿਉਂ ਤਿਉਂ ਮਨੁੱਖ ਵਿਕਸਤ ਹੁੰਦਾ ਹੈ। ਪਰ ਵਿਕਸਤ ਉਹ ਹੀ ਹੁੰਦੈ ਜੋ ਹੋਣਾ ਚਾਹੁੰਦੈ ਵਰਨਾ ਪੁਰਾਨੀਆਂ ਮਨੌਤਾਂ ਨੂੰ ਹੀ ਮੱਥੇ ਟੇਕਦਾ, ਸਿਜਦੇ ਕਰੀ ਜਾਂਦਾ ਹੈ। ਰੱਬੀ ਭਗਤਾਂ ਤੇ ਸਿੱਖ ਗੁਰੂ ਸਹਿਬਾਨਾਂ ਨੇ "ਸ਼ਬਦ ਗੁਰੂ" ਨੂੰ ਹੀ ਮਨੁੱਖਤਾ ਦਾ "ਰਹਬਰ" ਦਰਸਾਇਆ ਹੈ।

ਗੁਰੂ ਰਹਬਰ ਤੇ ਸਿੱਖ ਸਿਖਿਆਰਥੀ ਹੈ ਇਸੇ ਲਈ ਸੱਚੇ ਸਿੱਖ "ਸ਼ਬਦ ਗੁਰੂ ਗ੍ਰੰਥ" ਨੂੰ ਆਪਣਾ ਤੇ ਮਨੁੱਖਤਾ ਦਾ ਰਹਬਰ ਗੁਰੂ ਮੰਨਦੇ, ਇਸ ਦੀ ਅਗਵਾਈ ’ਚ ਚਲਦੇ ਤੇ ਮਨੁੱਖਤਾ ਨੂੰ ਚੱਲਣ ਦੀ ਪ੍ਰੇਣਨਾ ਦਿੰਦੇ ਜੀਵਨ ਨੂੰ ਅੱਗੇ ਤੋਰਦੇ ਹਨ। ਜਰਾ ਸੋਚੋ! ਸਾਨੂੰ ਅੰਧਵਿਸ਼ਵਾਸ਼ੀ ਅਣਹੋਣੀਆਂ ਕਰਾਮਾਤਾਂ ਦੀ ਮਨੌਤ ਤੋਂ ਉਪਰ ਉੱਠ, ਗੁਰੂ ਰਹਬਰ ’ਚ ਗਿਆਨ-ਵਿਗਿਆਨ ਤੇ ਮਨੁੱਖਤਾ ਦੀ ਭਲਾਈ ਵਾਲੀਆਂ ਕਰਾਮਾਤਾਂ ਵੇਖਣੀਆਂ ਚਾਹੀਦੀਆਂ ਹਨ ਨਹੀਂ ਤਾਂ ਅਸੀਂ ਭ੍ਰਮ ਭੁਲੇਖਿਆਂ ਦੀਆਂ ਭਟਕਾਊ ਕਰਾਮਤਾਂ ਦੀ ਚੱਕਰੀ ’ਚ ਹੀ ਘੁੰਮੀ ਜਾਂਵਾਗੇ ਜਿੰਨ੍ਹਾਂ ’ਚ ਚਲਾਕ ਸੰਤ-ਸਾਧ ਪੁਜਾਰੀ ਤੇ ਨੇਤਾ ਸਾਨੂੰ ਘੁੰਮਾ ਰਹੇ ਹਨ। ਸੋ ਗਿਆਨ ਰਹਬਰ ਨੂੰ ਜਾਣੋ, ਪਛਾਣੋ ਤੇ ਜੀਵਨ ਦਾ ਅਨੰਦ ਮਾਣੋ।

# ਵਲੇਹੋ ’ਚ “ਗਦਰੀ ਬਾਬਿਆਂ ਦਾ ਮੇਲਾ” ਸਫਲਤਾਪੂਰਵਕ ਸੰਪੰਨ

**ਵਲੇਹੋ (ਕੈਲੇਫੋਰਨੀਆ) (ਡੀ. ਡੀ. ਬੀ.)-** ਵੀਹਵੀਂ ਸਦੀ ਦੇ ਸ਼ੁਰੂਆਤ ’ਚ ਬਰਤਾਨਵੀ ਸਾਮਰਾਜ ਦੇ ਪਤਨ ਦਾ ਮੁੱਢ ਬੱਝਣਾ ਸ਼ੁਰੂ ਹੋ ਚੁੱਕਾ ਸੀ। ਇਸੇ ਦੇ ਦੂਜੇ ਦਹਾਕੇ ’ਚ ਵਿਦੇਸ਼ੀ ਧਰਤੀ ਤੇ ਜਿੱਥੇ ਗਦਰ ਲਹਿਰ ਦਾ ਉਥਾਨ ਹੁੰਦਾ ਹੈ, ਉਥੇ ਦੂਜੇ ਪਾਸੇ ਕੁਝ ਹੀ ਸਾਲਾਂ ਬਾਅਦ ਭਾਵ 13 ਅਪ੍ਰੈਲ 1919 ਨੂੰ ਵਿਸਾਖੀ ਵਾਲੇ ਦਿਨ ਬਸਤੀਵਾਦੀ ਬਰਤਾਨਵੀ ਰਾਜ ਵੱਲੋਂ ਵਹਿਸ਼ੀਆਨਾ ਕਤਲੇਆਮ ਇਕ ਅਭੁੱਲ ਦਰਦਨਾਕ ਕਾਂਡ ਕੀਤਾ ਗਿਆ। ਇਸ ਦੇ 100 ਸਾਲਾ ਸ਼ਰਧਾਂਜਲੀ ਸਮਾਗਮ ਦੇਸ਼-ਵਿਦੇਸ਼ਾਂ ਵਿਚ ਲਗਾਤਾਰ ਕੀਤੇ ਜਾ ਰਹੇ ਹਨ।

ਇਸੇ ਲੜੀ ਤਹਿਤ ਕੈਲੇਫੋਰਨੀਆ ਦੇ ਸ਼ਹਿਰ ਵਲੇਹੋ ਵਿਖੇ 17 ਨਵੰਬਰ 2019 ਨੂੰ ਗਦਰ ਹੈਰੀਟੇਜ਼ ਫਾਊਂਡੇਸ਼ਨ, ਇੰਡੀਅਨ ਐਜੂਕੇਸ਼ਨ ਐਂਡ ਕਲਚਰਲ ਆਰਗੇਨਾਈਜੇਸ਼ਨ ਆਫ ਯੂਬਾ ਸਿਟੀ, ਇੰਡੀਅਨ ਅਮੈਰਿਕਨ ਕਲਚਰਲ ਐਂਡ ਸਪੋਰਟਸ ਆਫ ਬੇ-ਏਰੀਆ ਅਤੇ ਸਪੋਰਟਸ ਕਲੱਬ ਆਫ ਸੋਲਾਨੋ ਕਾਉਂਟੀ ਦੇ ਸਹਿਯੋਗ ਨਾਲ “ਮੇਲਾ ਗਦਰੀ ਬਾਬਿਆਂ ਦਾ” ਸਫਲਤਾਪੂਰਵਕ ਕਰਵਾਇਆ ਗਿਆ। ਇਸੇ ਮੇਲੇ ਦੇ ਮੁੱਖ ਮਹਿਮਾਨ ਵਜੋਂ ਸ਼ਹੀਦੇ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਭਾਣਜੇ ਪ੍ਰੋਫੈਸਰ ਜਗਮੋਹਨ ਸਿੰਘ ਜੀ ਨੇ ਸ਼ਿਰਕਤ ਕੀਤੀ। ਉਹਨਾਂ ਆਪਣੇ ਵਿਸ਼ੇਸ਼ ਸੰਬੋਧਨ ਦੌਰਾਨ ਗਦਰ ਇਤਿਹਾਸ ਦੇ ਗਦਰੀ ਬਾਬਿਆਂ ਦਾ ਜ਼ਿਕਰ ਕਰਦਿਆਂ ਵਰਤਮਾਨ ਸਮੇਂ ਅੰਦਰ ਭਾਰਤ ਵਿਚਲੀ ਸਥਿਤੀ ਦਾ ਜ਼ਿਕਰ ਕਰਦਿਆਂ ਖਾਸ ਕਰਕੇ ਭਾਰਤ ਅੰਦਰ ਇਕ ਵਿਸ਼ੇਸ਼ ਵਰਗ ਵੱਲੋਂ ਵਿਸ਼ੇਸ਼ ਰਾਸ਼ਟਰਵਾਦ ਦਾ ਹਊਆ ਵਿਸ਼ੇਸ਼ ਜ਼ਿਕਰ ਕੀਤਾ।

ਉਹਨਾਂ ਇਸ ਨੂੰ ਲੋਕ ਹਿਤੈਸ਼ੀ ਦੇਸ਼ ਪ੍ਰੇਮ ਬਨਾਮ ਰਾਸ਼ਟਰਵਾਦ ਸਬੰਧਤ ਕਿਹਾ ਕਿ ਦੇਸ਼ ਦੇ ਹਿੱਤ ਵਿਚ ਦੇਸ਼ ਪ੍ਰੇਮ ਅਤੇ ਜਿਸ ਵਿਸ਼ੇਸ਼ ਰਾਸ਼ਟਰਵਾਦ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ, ਬੜਾ ਅੰਤਰ ਹੈ। ਇਸ ਵਿਸ਼ੇਸ਼ ਭਾਸ਼ਣ ਸਬੰਧਤ ‘ਦੇਸ਼ ਦੁਆਬਾ’ ਦੇ ਅੰਕਾਂ ਵਿਚ ਲਿਖਿਆ ਜਾਵੇਗਾ। (ਸੰਪਾਦਕ)

ਇਹਨਾਂ ਤੋਂ ਇਲਾਵਾ ਫਰਿਜ਼ਨੋ ਤੋਂ ਗਦਰੀ ਬਾਬਿਆਂ ਦੀ ਵਿਚਾਰਧਾਰਾ ਨੂੰ ਅੱਗੇ ਵਧਾਉਣ ਵਾਲੇ ਬਜ਼ੁਰਗ ਸ. ਗੁਰਦੀਪ ਸਿੰਘ ਅਣਖੀ ਅਤੇ ਦੋ ਲੜਕੀਆਂ ਨੇ ਆਪੋ-ਆਪਣੇ ਵਿਚਾਰਾਂ ਦੀ ਸਾਂਝ ਪਾਈ। ਇਸ ਉਪਰੰਤ ਇਕ-ਦੋ ਗੀਤਾਂ ਨੂੰ ਛੱਡ ਕੇ ਬਾਕੀ ਸਭ ਦੇਸ਼ ਭਗਤੀ ਦੇ ਗੀਤਾਂ ਨਾਲ ਹਾਜ਼ਰੀਆਂ ਭਰਨ ਵਾਲੇ ਕਲਾਕਾਰ ਜੀਤਾ ਗਿੱਲ, ਸੱਤੀ ਸਤਵਿੰਦਰ ਅਤੇ ਕਿਸ਼ੋਰ ਜੂਨੀਅਰ ਆਦਿ ਗਾਇਕ ਕਲਾਕਾਰਾਂ ਦੇ ਨਾਂ ਵਰਣਨਯੋਗ ਹਨ।

ਇਸ ਮੇਲੇ ਦੀ ਵਿਸ਼ੇਸ਼ਤਾ ਇਹ ਵੀ ਸੀ ਕਿ ਅਪਨਾ ਪੰਜਾਬ ਐਸੋਸੀਏਸ਼ਨ ਕੈਲੇਫੋਰਨੀਆ ਦੇ ਸਰਗਰਮ ਮੈਂਬਰ ਸ. ਮਹਿੰਗਾ ਸਿੰਘ ਸੰਧੂ ਸਰਪੰਚ ਵੱਲੋਂ ਗਦਰੀ ਬਾਬਿਆਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਅਤੇ ਕਿਤਾਬਾਂ ਵਿਸ਼ੇਸ਼ ਖਿੱਚ ਦੇ ਕੇਂਦਰ ਸਨ।

ਸਰੋਤਿਆਂ ਦੇ ਮਨ ਦੀ ਖੁਰਾਕ ਬੁਲਾਰਿਆਂ ਦੇ ਵਿਚਾਰ, ਮਨੋਰੰਜਨ ਲਈ ਗੀਤ-ਸੰਗੀਤ ਤੇ ਤਨ ਦੀ ਖੁਰਾਕ ਚਾਹ ਪਾਣੀ ਦੇ ਨਾਲ ਵੱਖ ਵੱਖ ਕਿਸਮ ਦੇ ਸਨੈਕਸ ਇੰਡੀਆ ਗਾਰਡਨ ਵਾਲੇ ਸ੍ਰੀ ਪ੍ਰਦੀਪ ਸ਼ਰਮਾ ਜੀ ਵੱਲੋਂ ਸਟਾਲ ਲਗਾਇਆ ਗਿਆ। ਸਟੇਜ ਦੀ ਸੇਵਾ ਬੀਬੀ ਆਸ਼ਾ ਸ਼ਰਮਾ ਜੀ ਨੇ ਬਾਖੂਬੀ ਨਾਲ ਨਿਭਾਈ ਅਤੇ ਸਾਰੇ ਸਮਾਗਮ ਨੂੰ ਲੋਕਾਂ ਤੱਕ ਲਿਜਾਣ ਦੀ ਸੇਵਾ ’ਅਦਾਰਾ ਦੇਸ਼ ਦੁਆਬਾ ਅਤੇ ਅੰਬੇਦਕਰ ਟਾਈਮਜ਼’ ਤੋਂ ਇਲਾਵਾ ਬਲਵੰਤ ਸਿੰਘ ਮੱਲਾ ਅਤੇ ਜਗਤਾਰ ਸਿੰਘ ਜੱਗੀ ਨਿਭਾਅ ਰਹੇ ਸਨ। **(ਤਸਵੀਰਾਂ ਦੇਖੋ ਸਫਾ 11, 12, 13 ‘ਤੇ)**

# ਹਾਂਗਕਾਂਗ: ਲੋਕਤੰਤਰ ਪੱਖੀਆਂ ਦੀ ਜ਼ਿਲ੍ਹਾ ਕੌਂਸਲ ਚੋਣਾਂ ’ਚ ਸ਼ਾਨਦਾਰ ਜਿੱਤ




ਹਾਂਗਕਾਂਗ- ਹਾਂਗਕਾਂਗ ਦੀਆਂ ਲੋਕਤੰਤਰ ਪੱਖੀ ਧਿਰਾਂ ਨੇ ਕਮਿਊਨਿਟੀ ਪੱਧਰ (ਜ਼ਿਲ੍ਹਾ ਕੌਂਸਲ) ਦੀਆਂ ਚੋਣਾਂ ਵਿਚ ਜ਼ੋਰਦਾਰ ਜਿੱਤ ਹਾਸਲ ਕੀਤੀ ਹੈ। ਇਸ ਦੇ ਨਾਲ ਉਨ੍ਹਾਂ ਚੀਨ ਨੂੰ ਸਪੱਸ਼ਟ ਸੁਨੇਹਾ ਦਿੱਤਾ ਹੈ ਕਿ ਲੰਮੇ ਸਮੇਂ ਤੋਂ ਜਿਨ੍ਹਾਂ ਮੰਗਾਂ ਲਈ ਸੰਘਰਸ਼ ਕੀਤਾ ਜਾ ਰਿਹਾ ਹੈ, ਉਨ੍ਹਾਂ ਲਈ ਆਗੂਆਂ ਕੋਲ ਜਨਤਾ ਦੀ ਵੱਡੀ ਹਮਾਇਤ ਹੈ। ਐਤਵਾਰ ਨੂੰ ਰਿਕਾਰਡ ਪੱਧਰ ’ਤੇ ਪਈਆਂ ਵੋਟਾਂ ਦੀ ਗਿਣਤੀ ਦੇਰ ਸ਼ਾਮ ਤੱਕ ਜਾਰੀ ਰਹੀ। 18 ਜ਼ਿਲ੍ਹਾ ਕੌਂਸਲਾਂ ’ਚੋਂ ਜ਼ਿਆਦਾਤਰ ’ਤੇ ਲੋਕਤੰਤਰ ਪੱਖੀ ਧਿਰਾਂ ਨੇ ਜਿੱਤ ਦਰਜ ਕੀਤੀ ਹੈ ਤੇ ਪਹਿਲਾਂ ਕਾਬਜ਼ ਸਰਕਾਰ ਪੱਖੀ ਧਿਰਾਂ ਨੂੰ ਤਕੜਾ ਝਟਕਾ ਦਿੱਤਾ ਹੈ। ਇਹ ਨਤੀਜੇ ਪੇਈਚਿੰਗ ਲਈ ’ਸ਼ਰਮਨਾਕ’ ਦੱਸੇ ਜਾ ਰਹੇ ਹਨ ਤੇ ਹਾਂਗਕਾਂਗ ਦੀ ਆਗੂ ਕੈਰੀ ਲੈਮ ਦੀ ਨੀਤੀ ਨੂੰ ਵੀ ਝਟਕਾ ਲੱਗਾ ਹੈ। ਲੈਮ ਨੂੰ ਆਸ ਸੀ ਕਿ ਮੁਜ਼ਾਹਰਾਕਾਰੀਆਂ ਵੱਲੋਂ ਹਿੰਸਕ ਨੀਤੀ ਅਪਣਾਉਣ ਨਾਲ ਸ਼ਾਇਦ ਚੁੱਪ ਬੈਠੇ ਲੋਕ ਪ੍ਰਸ਼ਾਸਨ ਦੇ ਹੱਕ ਵਿਚ ਭੁਗਤਣਗੇ। ਤਬਦੀਲੀ ਦੇ ਹੱਕ ਵਿਚ ਭੁਗਤ ਰਹੇ ਰਾਜਸੀ ਆਗੂਆਂ ਦੀ ਜਿੱਤ ਸਾਫ਼ ਕਰਦੀ ਹੈ ਕਿ ਲੋਕ ਸ਼ਹਿਰ ਦੇ ਪ੍ਰਸ਼ਾਸਕੀ ਢਾਂਚੇ ਵਿਚ ਜ਼ਿਆਦਾ ਹੱਕ ਚਾਹੁੰਦੇ ਹਨ। ਸਿਆਸੀ ਕਾਰਕੁਨਾਂ ਮੁਤਾਬਕ ’ਕੈਰੀ ਲੈਮ ਭਾਵੇਂ ਕਿੰਨੀ ਵੀ ਤਾਕਤਵਰ ਕਿਉਂ ਨਾ ਹੋਵੇ, ਆਸ ਕਰਦੇ ਹਾਂ ਕਿ ਉਹ ਲੋਕਾਂ ਦੀਆਂ ਉਮੀਦਾਂ ਮੁਤਾਬਕ ਚੱਲੇਗੀ, ਪੰਜ ਦੀਆਂ ਪੰਜ ਮੰਗਾਂ ਪੂਰੀਆਂ ਕਰੇਗੀ ਤੇ ਨੌਜਵਾਨਾਂ ਨੂੰ ਮੌਕਾ ਦੇਵੇਗੀ।’ ਰੋਸ ਮੁਜ਼ਾਹਰਿਆਂ ਦੌਰਾਨ ਪੰਜ ਮੰਗਾਂ ਵਿਚ ਸਿੱਧੀਆਂ ਚੋਣਾਂ ਕਰਵਾਉਣੀਆਂ, ਪੁਲੀਸ ਤਸ਼ੱਦਦ ਦੀ ਜਾਂਚ ਸ਼ਾਮਲ ਸੀ। ਜ਼ਿਕਰਯੋਗ ਹੈ ਕਿ ਹਾਂਗਕਾਂਗ ਵਿਚ ਕਈ ਮਹੀਨਿਆਂ ਤੋਂ ਲੋਕਾਂ ਦੇ ਵੱਡੇ ਇਕੱਠ ਰੋਸ ਮੁਜ਼ਾਹਰੇ ਕਰ ਰਹੇ ਹਨ।

# ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ 21 ਹੋਰ ਅਧਿਕਾਰੀ ਸੇਵਾਮੁਕਤ ਕੀਤੇ

**ਨਵੀਂ ਦਿੱਲੀ-** ਕੇਂਦਰ ਸਰਕਾਰ ਨੇ ਭ੍ਰਿਸ਼ਟਾਚਾਰ ਤੇ ਗੈਰ ਕਾਨੂੰਨੀ ਗਤੀਵਿਧੀਆਂ ’ਚ ਸ਼ਾਮਲ ਅਧਿਕਾਰੀਆਂ ਨੂੰ ਬਾਹਰ ਦਾ ਰਾਹ ਦਿਖਾਉਣ ਦੀ ਮੁਹਿੰਮ ਦੇ ਪੰਜਵੇਂ ਗੇੜ ਤਹਿਤ ਆਮਦਨ ਕਰ ਵਿਭਾਗ ਦੇ 21 ਹੋਰ ਅਧਿਕਾਰੀਆਂ ਨੂੰ ਸਮੇਂ ਤੋਂ ਪਹਿਲਾਂ ਸੇਵਾ-ਮੁਕਤ ਕਰ ਦਿੱਤਾ ਹੈ।

ਵਿੱਤ ਮੰਤਰਾਲੇ ਦੇ ਸੂਤਰਾਂ ਨੇ ਇਹ ਜਾਣਕਾਰੀ ਦਿੱਤੀ। ਸੂਤਰਾਂ ਨੇ ਦੱਸਿਆ ਕਿ ਕੇਂਦਰੀ ਪ੍ਰਤੱਖ ਟੈਕਸ ਬੋਰਡ (ਸੀਬੀਡੀਟੀ) ਨੇ ਕੇਂਦਰ ਸਰਕਾਰ ਦੇ ਕਰਮਚਾਰੀਆਂ ਦੇ ਸੇਵਾ ਨਿਯਮਾਂ ਦੇ ਨਿਯਮ 56 (ਜੇ) ਤਹਿਤ 21 ਆਮਦਨ ਕਰ ਅਧਿਕਾਰੀਆਂ ਨੂੰ ਭ੍ਰਿਸ਼ਟਾਚਾਰ ਤੇ ਹੋਰਨਾਂ ਦੋਸ਼ਾਂ ਹੇਠ ਲਾਜ਼ਮੀ ਸੇਵਾਮੁਕਤੀ ’ਤੇ ਭੇਜ ਦਿੱਤਾ ਹੈ। ਇਸ ਸਾਲ ਜੂਨ ਤੋਂ ਬਾਅਦ ਇਹ ਪੰਜਵਾਂ ਮੌਕਾ ਹੈ ਜਦੋਂ ਸਰਕਾਰ ਨੇ ਭ੍ਰਿਸ਼ਟ ਟੈਕਸ ਅਧਿਕਾਰੀਆਂ ਨੂੰ ਨੌਕਰੀ ਤੋਂ ਕੱਢਿਆ ਹੈ।

ਇਸ ਦੇ ਨਾਲ ਹੀ 85 ਟੈਕਸ ਅਧਿਕਾਰੀਆਂ ਨੂੰ ਬਾਹਰ ਕੱਢਿਆ ਜਾ ਚੁੱਕਾ ਹੈ। ਇਨ੍ਹਾਂ ’ਚੋਂ 64 ਅਧਿਕਾਰੀ ਉੱਚ ਪੱਧਰ ਦੇ ਸੀ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਪੰਜਾਬੀ ਸਾਹਿਤ ਸਭਾ ਅਤੇ ਸੱਚ ਐਜੂਕੇਸ਼ਨ ਟ੍ਰੱਸਟ ਵਲੋਂ "ਗੁਰੂ ਨਾਨਕ ਬਾਣੀ ਦੇ ਸਮਾਜਿਕ ਸਰੋਕਾਰ" ਤੇ ਸੈਮੀਨਾਰ





**ਹੁਸ਼ਿਆਰਪੁਰ (ਬਿਊਰੋ)-** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਅਤੇ ਸੱਚ ਐਜੂਕੇਸਨ ਟ੍ਰੱਸਟ ਹੁਸ਼ਿਆਰਪੁਰ ਵਲੋਂ "ਗੁਰੂ ਨਾਨਕ ਬਾਣੀ ਦੇ ਸਮਾਜਿਕ ਸਰੋਕਾਰ" ਵਿਸ਼ੇ ਤੇ ਸਾਂਝੇ ਰੂਪ ਵਿਚ ਇੱਕ ਸੈਮੀਨਾਰ ਸਰਕਾਰੀ ਕਾਲਜ ਹੁਸ਼ਿਆਰਪੁਰ ਵਿਖੇ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਪ੍ਰਿੰ. ਪਰਮਜੀਤ ਸਿੰਘ, ਡਾ. ਕਰਮਜੀਤ ਸਿੰਘ, ਡਾ. ਐੱਸ.ਪੀ. ਸਿੰਘ, ਡਾ. ਸਰਦੂਲ ਸਿੰਘ ਨੇ ਕੀਤੀ।

ਮੁੱਖ ਵਕਤਾ ਵਜੋਂ ਡਾ. ਰਾਜ ਕੁਮਾਰ ਹੰਸ ਬੜੌਦਾ ਯੂਨੀਵਰਸਿਟੀ ਨੇ ਹਾਜ਼ਰੀ ਭਰੀ। ਗੁਰੂ ਸਾਹਿਬ ਦੇ 550 ਵੇਂ ਜਨਮ ਦਿਨ ਨੂੰ ਮਨਾਉਣ ਦੀ ਅਸਲ ਸਾਰਥਕਤਾ ਦੀ ਗੱਲ ਕਰਦਿਆਂ ਪ੍ਰਿੰ. ਪਰਮਜੀਤ ਸਿੰਘ ਹੁਰਾਂ ਨੇ ਆਏ ਹੋਏ ਮਹਿਮਾਨਾਂ ਲਈ ਜੀ ਆਇਆਂ ਸ਼ਬਦ ਆਖੇ।

ਐੱਡਵੋਕੇਟ ਰਣਜੀਤ ਕੁਮਾਰ ਨੇ ਸੱਚ ਐਜੂਕੁਸ਼ਨ ਟ੍ਰੱਸਟ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਮੁਖ ਵਕਤਾ ਦਾ ਤੁਆਰਫ਼ ਕਰਾਇਆ। ਡਾ. ਰਾਜ ਕੁਮਾਰ ਹੰਸ ਨੇ ਬਾਬੇ ਨਾਨਕ ਦੀ ਬਾਣੀ ਦੇ ਸਮਾਜਿਕ ਸਰੋਕਾਰਾਂ ਦੀ ਗੱਲ ਕਰਦਿਆਂ ਕਿਹਾ ਕਿ ਇਸ ਦੀਆਂ ਜੜ੍ਹਾਂ ਅੱਜ ਤੋਂ 2500 ਸਾਲ ਪਹਿਲਾਂ ਮਹਾਤਮਾ ਬੁੱਧ ਅਤੇ ਜੈਨ ਧਰਮ ਦੇ ਇਤਿਹਾਸਕ ਪਿਛੋਕੜ ਵਿਚ ਪਈਆਂ ਹਨ। ਇਸ ਧਰਤੀ ਤੇ ਇੰਨਕਲਾਬੀ ਚਿੰਤਨ ਦਾ ਸਫਰ ਬੁਧ ਤੋਂ ਸ਼ੁਰੂ ਹੋਇਆ। ਪੰਜਾਬ ਦੀ ਧਰਤੀ ਤੇ ਡਾਇਲਾਗ ਦੀ ਪ੍ਰੰਪਰਾ ਪੁਰਾਣੀ ਰਹੀ ਹੈ। ਬਾਬੇ ਨਾਨਕ ਦੁਆਰਾ ਸ਼ੁਰੂ ਕੀਤੀ ਗਈ ਤਰਕ ਅਤੇ ਬਰਾਬਰੀ ਦੀ ਜੰਗ ਨੂੰ ਬਾਕੀ ਗੁਰੂ ਸਹਿਬਾਨਾਂ ਨੇ ਅਗਾਂਹ ਤੋਰਿਆ ਅਤੇ ਬਾਬਾ ਬੰਦਾ ਸਿੰਘ ਬਹਾਦਰ ਨੇ ਇਸੇ ਮਿਸ਼ਨ ਤਹਿਤ ਪੰਜਾਬ ਵਿਚ ਪਹਿਲੇ ਲੋਕ ਰਾਜ ਦਾ ਮੁਢ ਬੰਨ੍ਹਿਆਂ।

ਡਾ. ਕਰਮਜੀਤ ਸਿੰਘ ਨੇ ਬਾਬੇ ਨਾਨਕ ਦੀ ਰਾਜਨੀਤਿਕ ਚੇਤਨਾ ਨੂੰ ਬੌਧਿਕ ਸਾਹਸ ਦਾ ਉਤਮ ਨਮੂਨਾ ਕਿਹਾ।9 ਦੇਸ਼ਾਂ ਦੀਆਂ ਜ਼ੁਬਾਨਾਂ ਸਿੱਖ ਕੇ ਵੀ ਬਾਬੇ ਨੇ ਆਪਣੀ ਮਾਤ ਭਾਸ਼ਾ ਨੂੰ ਵਡਿਆਇਆ। ਉਨ੍ਹਾਂ ਦੁਆਰਾ ਰਚੇ 974 ਸ਼ਬਦਾਂ ਨੂੰ ਨਿਰੋਲ ਸ਼ਰਧਾ ਦੀ ਬਿਜਾਏ ਅਮਲ 'ਚ ਲਿਆਉਣ ਦੀ ਵੱਧ ਜ਼ਰੂਰਤ ਹੈ।

ਸ਼ਾਇਰ ਮਦਨ ਵੀਰਾ ਨੇ ਸਵਾਲ ਉਠਾਉਂਦਿਆਂ ਕਿਹਾ ਕਿ ਅਜੋਕੇ ਪਿੰਡਾਂ ਵਿਚ ਜਾਤ ਤੇ ਧਰਮ ਦੇ ਨਾਂ ਤੇ ਉਸਰ ਰਹੇ ਧੜਾ-ਧੜ ਗੁਰਦੁਆਰੇ ਅਤੇ ਸਿਵੇ ਸਾਡੀ ਸੰਕੀਰਨ ਸੋਚ ਦਾ ਨਮੂਨਾ ਹਨ।

ਬਾਬਾ ਨਾਨਕ ਧੜਿਆਂ ਟੋਟਿਆਂ ਵਿਚ ਵੰਡੀ ਮਨੁਖਤਾ ਦੇ ਹਾਮੀ ਨਹੀਂ ਸਨ।ਕੁਲਤਾਰ ਸਿੰਘ ਕੁਲਤਾਰ ਨੇ ਬਾਬੇ ਨਾਨਕ ਦੇ ਜੀਵਨ ਫਲਸਫੇ ਤੇ ਲਿਖੀ ਇੱਕ ਲੰਬੀ ਨਜ਼ਮ ਵੀ ਸਾਂਝੀ ਕੀਤੀ।ਇਸ ਮੌਕੇ ਡਾ. ਬਲਵਿੰਦਰ ਸਿੰਘ ਦੁਆਰਾ ਸੰਪਾਦਿਤ ਕੀਤੀ ਪੁਸਤਕ "ਮਲਕੀਤ ਜੌੜਾ ਦਾ ਕਾਵਿ-ਚਿੰਨਤ" ਵੀ ਲੋਕ-ਅਰਪਣ ਕੀਤੀ ਗਈ।

ਸੱਚ ਐਜੂਕੇਸ਼ਨ ਟ੍ਰੱਸਟ ਵਲੋਂ ਪੰਜ ਲੋੜਵੰਦ ਵਿਦਿਆਰਥੀਆਂ ਨੂੰ ਚੈੱਕ ਤਕਸੀਮ ਕੀਤੇ ਗਏ।ਦੋਹਾਂ ਸਭਾਵਾਂ ਵਲੋਂ ਡਾ. ਰਾਜ ਕੁਮਾਰ ਹੰਸ ਦਾ ਕਿਤਾਬਾਂ ਦੇ ਸੈੱਟ ਅਤੇ ਲੋਈ ਨਾਲ ਸਨਮਾਨ ਕੀਤਾ ਗਿਆ। ਪ੍ਰੋਗਰਾਮ ਦੌਰਾਨ ਸਟੇਜ ਦੀ ਕਾਰਵਾਈ ਸਾਹਿਤ ਸਭਾ ਦੇ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਬਾਖ਼ੂਬੀ ਨਿਭਾਈ।

ਇਸ ਮੌਕੇ ਡਾ. ਸੁਰਿੰਦਰ ਸਿੰਘ, ਡਾ. ਬਲਵਿੰਦਰ ਸਿੰਘ, ਜਸਬੀਰ ਸਿੰਘ ਧੀਮਾਨ, ਪ੍ਰਿੰ. ਸਤਵੰਤ ਕਲੋਟੀ, ਪ੍ਰੋ. ਸ਼ਕੁੰਤਲਾ ਹੰਸ, ਡਾ. ਸ਼ਮਸ਼ੇਰ ਮੋਹੀ, ਡਾ. ਮਨਮੋਹਨ ਸਿੰਘ ਤੀਰ, ਡਾ. ਹਰਪ੍ਰੀਤ ਸਿੰਘ, ਡਾ. ਅਵਤਾਰ ਸਿੰਘ ਓਠੀ, ਸੁਰਿੰਦਰ ਸਿੰਘ ਕੰਗਵੀ, ਡਾ. ਅੰਮ੍ਰਿਤਪਾਲ ਕੌਰ, ਪ੍ਰਿੰ. ਗੁਰਦਿਆਲ ਸਿੰਘ ਫੁਲ, ਯੋਧਾ ਮੱਲ, ਲਖਵਿੰਦਰ ਰਾਮ, ਐੱਚ.ਐੱਲ. ਸਿੱਧੂ, ਡਾ. ਤੇਜ ਪਾਲ ਸਿੰਘ, ਕਿਰਨ, ਅੰਜਲੀ, ਕੁਲਦੀਪ ਕੌਰ, ਡਾ. ਜੋਗਿੰਦਰ ਪਾਲ, ਡਾ. ਹਰਜਿੰਦਰ ਓਬਰਾਏ, ਡਾ. ਮਨੋਜ ਕੁਮਾਰ, ਡਾ. ਬਲਪ੍ਰੀਤ ਕੌਰ ਅਤੇ ਸੈਕੜੇ ਮਿਸ਼ਨਰੀ ਸਾਥੀ ਹਾਜ਼ਰ ਸਨ।

# ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (ਰਜਿ.) ਦੀ ਮਾਸਿਕ ਇਕੱਤਰਤਾ

ਸੈਕਰਾਮੈਂਟੋ - ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆਂ (ਰਜਿ.) ਦੀ ਮਾਸਿਕ ਇਕੱਤਰਤਾ, ਮਾਊਂਟੇਨ ਮਾਈਕਸ ਪੀਜਾ 2069 ਅਰੀਨਾ ਬੂਲੇਵਾਰਡ ਸੈਕਰਾਮੈਂਟੋ ਵਿਖੇ ਬਾਅਦ ਦੁਪਹਿਰ ਦੋ ਤੋਂ ਛੇ ਵਜੇ ਤੱਕ ਹੋਈ ! ਪਸਸਕ ਦੀ ਇਸ ਮਹੀਨੇ ਦੀ ਇਕੱਤਰਤਾ ਜਗਤ ਗੁਰੂ ਬਾਬਾ ਨਾਨਕ ਜੀ ਦੇ ਪੰਜ ਸੌ ਪੰਜਾਹਵੇਂ ਅਵਤਾਰ ਦਿਵਸ ਨੂੰ ਸਮਰਪਿਤ ਕਰਦੇ ਹੋਏ ਹਾਜਰ ਸਾਹਿਤਕਾਰਾਂ ਨੇ ਗੁਰੂ ਨਾਨਕ ਜੀ ਦੇ ਜੀਵਨ ਅਤੇ ਉਹਨਾ ਦੇ ਸਰਬੱਤ ਦੇ ਭਲੇ ਦੇ ਫਲਸਫੇ ਪ੍ਰਤੀ ਆਪਣੀਆਂ ਰਚਨਾਵਾਂ ਨਾਲ ਸ਼ਰਧਾ ਭੇਟ ਕੀਤੀ!

ਪਹਿਲੇ ਸ਼ੈਸ਼ਨ ਵਿੱਚ ਸਭ ਨੇ ਆਪਣੀਆਂ ਧਾਰਮਿਕ ਰਚਨਾਵਾਂ ਅਤੇ ਆਪੋ ਆਪਣੇ ਵਿਚਾਰ ਪ੍ਰਗਟ ਕੀਤੇ! ਘੱਟ ਹਾਜਰੀ ਦਾ ਹਾਜਰ ਸਾਥੀਆਂ ਨੇ ਭਰਪੂਰ ਅਨੰਦ ਮਾਣਦਿਆਂ ਆਪਣੀਆਂ ਵੱਧ ਤੋਂ ਵੱਧ ਰਚਨਾਵਾਂ, ਗੀਤਾਂ ਅਤੇ ਗਜ਼ਲਾਂ ਨਾਲ ਮਹਿਫਲ ਨੂੰ ਚਾਰ ਚੰਨ ਲਾ ਦਿੱਤੇ!

ਮੀਟਿੰਗ ਵਿੱਚ ਜੋਤੀ ਸਿੰਘ ,ਬੀਬੀ ਜੋਗਿੰਦਰ ਕੌਰ, ਤਤਿੰਦਰ ਕੌਰ, ਗੁਰਦੀਪ ਕੌਰ, ਮਨਰੀਤ ਗਰੇਵਾਲ, ਮਨਜੀਤ ਸੇਖੋਂ, ਗੁਰਿੰਦਰ ਸੂਰਾਪੁਰੀ, ਕਮਲ ਬੰਗਾ,



ਮੇਜਰ ਭੁਪਿੰਦਰ ਸਿੰਘ ਦਲੇਰ, ਜੀਵਨ ਅਤੇ ਏਕਮ ਰੱਤੂ, ਇੰਦਰਜੀਤ ਸਿੰਘ ਗਰੇਵਾਲ ਥਰੀਕੇ ਆਦਿ ਨੇ ਹਾਜਰੀ ਲਵਾਈ! ਪਸਸਕ ਦੀ ਅਗਲੀ ਮਾਸਿਕ ਇਕੱਤਰਤਾ ਦਸੰਬਰ ਦੇ ਆਖਰੀ ਐਤਵਾਰ ਭਾਵ ਦਸੰਬਰ ਉਨੱਤੀ ਨੂੰ ਹੋਵੇਗੀ! ਕਿਸੇ ਵੀ ਤਰਾਂ ਦੀ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ -

ਇੰਦਰਜੀਤ ਸਿੰਘ ਗਰੇਵਾਲ ਥਰੀਕੇ (ਪ੍ਰਧਾਨ)
916-248-1535 ਜਾਂ
ਰਮੇਸ਼ ਬੰਗੜ (ਸਕੱਤਰ)
916-821-2175


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਅੰਬੇਡਕਰ ਮਿਸ਼ਨ ਸੋਸਾਇਟੀ ਨੇ ਮਨਾਇਆ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਜਨਮ ਦਿਵਸ

**ਜਲੰਧਰ (ਬਿਊਰੋ)--** ਅੰਬੇਡਕਰ ਮਿਸ਼ਨ ਸੋਸਾਇਟੀ ਵੱਲੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਵਸ ਦੇ ਸੰਬੰਧ ਵਿਚ 'ਗੁਰੂ ਨਾਨਕ ਦੇਵ ਜੀ ਦੇ ਸਮਾਜਿਕ ਸਰੋਕਾਰ' ਵਿਸ਼ੇ ਤੇ ਸੈਮੀਨਾਰ ਦਾ ਆਯੋਜਨ ਅੰਬੇਡਕਰ ਭਵਨ ਜਲੰਧਰ ਵਿਖੇ ਕੀਤਾ ਗਿਆ. ਪ੍ਰਿੰਸੀਪਲ ਡਾ. ਸਰਵਨ ਸਿੰਘ ਪ੍ਰਦੇਸੀ ਨੇ ਸੈਮੀਨਾਰ ਵਿਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ. ਉਨ੍ਹਾਂ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਸਮਾਜਿਕ ਸਰੋਕਾਰਾਂ ਤੇ ਬਹੁਤ ਗਹਿਰਾਈ ਨਾਲ ਚਾਨਣਾ ਪਾਇਆ. ਸਰਵਨ ਸਿੰਘ ਪ੍ਰਦੇਸੀ ਨੇ ਕਿਹਾ ਕਿ ਮੂਸਾ ਨੇ ਖੁਦ ਨੂੰ ਰੱਬ ਦਾ ਦੂਤ (ਪੈਗੰਬਰ) ਕਿਹਾ. ਫਿਰ ਈਸਾ ਮਸੀਹ ਅਤੇ ਹਜਰਤ ਮੁਹੰਮਦ ਨੇ ਖੁਦ ਨੂੰ ਪੈਗੰਬਰ ਕਿਹਾ।






ਖ਼ੁਦ ਕ੍ਰਿਸ਼ਨ ਕਹਿ ਰਿਹਾ ਹੈ ਕਿ ਮੈਂ ਹੀ ਅਬਿਨਾਸ਼ੀ ਰੱਬ ਹਾਂ ਤੇ ਮੈਂ ਹੀ ਆਪਣੀ ਮਾਇਆ ਨਾਲ ਜਦੋਂ ਦਿਲ ਕਰੇ ਜਨਮ ਲੈ ਕੇ (ਅਵਤਾਰ) ਆ ਜਾਂਦਾ ਹਾਂ, ਪਰ ਗੌਤਮ ਬੁੱਧ ਤੋਂ ਬਾਅਦ ਗੁਰੂ ਨਾਨਕ ਨੇ ਆਪਣੇ ਆਪ ਨੂੰ ਇਨਸਾਨ ਆਖਿਆ ਹੈ। ਉਨ੍ਹਾਂ ਨੇ ਲੋਕਾਈ ਦੀ ਭਲਾਈ ਵਾਸਤੇ ਸਾਰਾ ਜੀਵਨ ਲਗਾ ਦਿੱਤਾ।

ਕੁਦਰਤ ਦੇ ਕਾਨੂੰਨ ਨੂੰ ਰੱਬ ਦੱਸਿਆ ਜੋ ਹਰ ਇਨਸਾਨ ਵਾਸਤੇ ਮੰਨਣਯੋਗ ਹੈ। ਉਨ੍ਹਾਂ ਨੇ ਸਮਾਜਿਕ ਬੁਰਾਈਆਂ ਤੇ ਅੰਧ ਵਿਸ਼ਵਾਸਾਂ ਨੂੰ ਦੂਰ ਕਰਨ ਵਾਸਤੇ ਗੰਗਾ ਵਿਚ ਪੰਡਤਾਂ ਦੇ ਉਲਟ ਆਪਣੇ ਖੇਤਾਂ ਨੂੰ ਪਾਣੀ ਦਿੱਤਾ, ਜਨੇਊ ਪਾਉਣ ਤੋਂ ਇਨਕਾਰ ਕੀਤਾ, ਮੱਕੇ ਵੱਲ ਪੈਰ ਕਰਕੇ ਸੁੱਤੇ, ਨਾਰੀ ਜਾਤੀ ਦਾ ਸਤਿਕਾਰ ਵਧਾਉਣ ਵਾਸਤੇ ਕਿਹਾ : ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥, ਊਚ ਨੀਚ ਦਾ ਅੰਤਰ ਮਿਟਾਉਣ ਵਾਸਤੇ ਉਨ੍ਹਾਂ ਕਿਹਾ: 'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ. ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥' ਗਰੀਬਾਂ ਦਾ ਸਨਮਾਨ ਵਧਾਉਣ ਵਾਸਤੇ ਗੁਰੂ ਨਾਨਕ ਦੇਵ ਜੀ ਨੇ ਧਨਾਢ ਮਲਿਕ ਭਾਗੋ ਦੇ ਪਕਵਾਨ ਛੱਡ ਕੇ ਗਰੀਬ ਭਾਈ ਲਾਲੋ ਦੀ ਹੱਕ ਹਲਾਲ ਦੀ ਰੁਖੀ ਮਿੱਸੀ ਰੋਟੀ ਖਾਧੀ, ਰਾਜਾਸ਼ਾਹੀ ਦਾ ਵਿਰੋਧ ਕਰਦਿਆਂ ਉਨ੍ਹਾਂ ਕਿਹਾ: 'ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ ਬੈਠੇ ਸੁਤੇ ॥'. ਗ੍ਰਿਹਸਥ ਜੀਵਨ ਬਤੀਤ ਕੀਤਾ ਅਤੇ 17 ਸਾਲ ਖ਼ੁਦ ਖੇਤੀ ਕਰਕੇ ਗੁਰੂ ਨਾਨਕ ਦੇਵ ਜੀ ਨੇ ਆਦਰਸ਼ ਮਨੁੱਖ ਤੇ ਸਮਾਜ ਦੀ ਸਥਾਪਨਾ ਲਈ ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ ਦੇ ਤਿੰਨ ਮਹਾਨ ਉਪਦੇਸ਼ ਦਿੱਤੇ ਜੋ ਅੱਗੇ ਜਾ ਕੇ ਸਿੱਖ ਫਲਸਫੇ ਦਾ ਮੂਲ ਸਿਧਾਂਤ ਬਣੇ. ਸੋਹਣ ਲਾਲ ਡੀਪੀਆਈ ਕਾਲਜਾਂ (ਰਿਟਾਇਰਡ) ਨੇ ਮੁੱਖ ਮਹਿਮਾਨ ਦੀ ਜਾਨ ਪਹਿਚਾਣ ਬਾਬਤ ਕੁਝ ਸ਼ਬਦ ਕਹੇ। ਡਾ. ਜੀ. ਸੀ. ਕੌਲ ਦੀ ਪੰਜਾਬੀ ਵਿਚ ਲਿਖੀ ਪੁਸਤਕ 'ਗੁਰੂ ਨਾਨਕ ਦਾ ਮਾਨਵਵਾਦੀ ਸੰਦੇਸ਼' ਲੋਕਅਰਪਨ ਕੀਤੀ ਗਈ. ਇਸ ਉਪਰੰਤ ਡਾ. ਕੌਲ ਨੇ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਨੇ ਆਪਣੀ ਬਹੁਤ ਹੀ ਮਹੱਤਵਪੂਰਨ ਪੁਸਤਕ "ਜਾਤ ਪਾਤ ਦਾ ਬੀਜ ਨਾਸ਼" ਵਿਚ ਜਾਤ ਪਾਤ ਨੂੰ ਖਤਮ ਕਰਨ ਲਈ ਬੁੱਧ ਅਤੇ ਗੁਰੂ ਨਾਨਕ ਦੇ ਫਲਸਫੇ ਤੇ ਚੱਲਣ ਲਈ ਕਿਹਾ ਹੈ. ਸੋਸਾਇਟੀ ਦੀ ਪ੍ਰਧਾਨ ਮੈਡਮ ਸੁਦੇਸ਼ ਕਲਿਆਣ ਨੇ ਆਏ ਹੋਏ ਸਾਥੀਆਂ ਦਾ ਧੰਨਵਾਦ ਕੀਤਾ।

ਸਟੇਜ ਸੰਚਾਲਨ ਵਰਿੰਦਰ ਕੁਮਾਰ ਨੇ ਬਾਖ਼ੂਬੀ ਕੀਤਾ। ਇਸ ਮੌਕੇ ਲਾਹੌਰੀ ਰਾਮ ਬਾਲੀ, ਚਰਨ ਦਾਸ ਸੰਧੂ, ਬਲਦੇਵ ਰਾਜ ਭਾਰਦਵਾਜ, ਜਸਵਿੰਦਰ ਵਰਿਆਣਾ, ਰਮੇਸ਼ ਚੰਦਰ ਅੰਬੈਸਡਰ (ਰਿਟਾ.), ਹਰਮੇਸ਼ ਜੱਸਲ, ਰਾਮ ਲਾਲ ਦਾਸ ਅਤੇ ਹੋਰ ਬਹੁਤ ਸਾਰੀਆਂ ਸੰਸਥਾਵਾਂ ਦੇ ਆਗੂ ਹਾਜਰ ਸਨ।

# ਆਸਾ ਸਿੰਘ ਮਸਤਾਨਾ ਨੂੰ ਸਮਰਪਿਤ '8ਵਾਂ ਛਣਕਾਟਾ ਵੰਗਾਂ ਦਾ' ਪ੍ਰੋਗਰਾਮ ਫਰੀਮਾਂਟ 'ਚ 5 ਜਨਵਰੀ ਨੂੰ

## ਦੇਬੀ ਮਖਸੂਸਪੁਰੀ, ਅੰਮ੍ਰਿਤਾ ਵਿਰਕ ਤੇ ਭਜਨਾ ਅਮਲੀ ਲਾਉਣਗੇ ਨਵੇਂ ਸਾਲ ਦੇ ਇਸ ਪ੍ਰੋਗਰਾਮ 'ਚ ਰੌਣਕਾਂ- ਗਾਖਲ

**ਫਰੀਮਾਟ (ਬਿਓਰੋ)** – ਇੱਕੀ ਇੰਟਰਨੈਸ਼ਨਲ ਇੰਟਰਟੇਨਮੈਂਟ ਇੰਕ ਵਲੋਂ ਸ. ਅਮੋਲਕ ਸਿੰਘ ਗਾਖ਼ਲ, ਰਾਮ ਮੂਰਤੀ ਸਰੋਏ ਅਤੇ ਐੱਸ.ਅਸ਼ੋਕ ਭੌਰਾ ਦੇ ਸਹਿਯੋਗ ਨਾਲ ਪਿਛਲੇ ਸਾਲਾਂ ਵਾਂਗ ਇਸ ਸਾਲ ਵੀ ਨਵੇਂ ਵਰ੍ਹੇ ਨੂੰ ਜੀ ਆਇਆਂ ਆਖਦਾ ਅੱਠਵਾਂ ਰੰਗਾ ਰੰਗ ਪ੍ਰੋਗਰਾਮ 'ਛਣਕਾਟਾ ਵੰਗਾਂ ਦਾ' ਮਿਤੀ 5 ਜਨਵਰੀ ਦਿਨ ਐਤਵਾਰ ਨੂੰ ਸਵੇਰੇ 11 ਵਜੇ ਤੋਂ ਦੇਰ ਸ਼ਾਮ ਤੱਕ ਪੈਰਾਡਾਈਜ਼ ਬਾਲਰੂਮ 4100 ਪਰਿਆਲਟਾ ਬੁਲੇਵਾਰਡ ਫਰੀਮਾਂਟ ਵਿਖੇ ਕਰਵਾਇਆ ਜਾਵੇਗਾ। ਅਜੇ ਭੰਗੜਾ ਅਕੈਡਮੀ, ਪੰਜਾਬੀ ਧੜਕਣ ਅਕੈਡਮੀ, ਡਾਂਸ ਕ੍ਰਿਸ਼ਮਾ ਅਕੈਡਮੀ ਦੇ ਕਲਾਕਾਰ ਗਿੱਧਾ ਭੰਗੜਾ ਅਤੇ ਹੋਰ ਰਵਾਇਤੀ ਲੋਕ ਨਾਚਾਂ ਦੀ ਪੇਸ਼ਕਾਰੀ ਕਰਨਗੇ ਜਦੋਂਕਿ ਪੰਜਾਬ ਦੇ ਨਾਮੀ ਸ਼ਾਇਰ ਅਤੇ ਗਾਇਕ ਦੇਬੀ ਮਖਸੂਸਪੁਰੀ, ਗਾਇਕਾ ਅੰਮ੍ਰਿਤਾ ਵਿਰਕ ਤੇ ਸੱਤੀ ਪਾਬਲਾ ਆਪਣੀ ਗਾਇਕੀ ਨਾਲ ਇਸ ਨਵੇਂ ਵਰ੍ਹੇ ਦੀ ਆਮਦ ਨੂੰ







ਗੀਤ ਸੰਗੀਤ ਨਾਲ ਗਹਿਗੱਚ ਕਰਨਗੇ। ਪ੍ਰੋਗਰਾਮ ਨੂੰ ਹਾਸਰਸ ਸੁਆਦ ਦੇਣ ਲਈ ਭਜਨਾ ਅਮਲੀ ਅਤੇ ਸੰਤੀ ਕਮੇਡੀ ਤੜਕਾ ਲਾਉਣਗੇ। ਇਹ ਪ੍ਰੋਗਰਾਮ ਸਹਾਇਤਾ ਸੰਸਥਾ ਦੇ ਲਈ ਹੋਵੇਗਾ ਜਿਸਦਾ ਉਦਘਾਟਨ ਰਾਮ ਮੂਰਤੀ ਸਰੋਏ ਅਤੇ ਬੋਪਾਰਾਏ ਬ੍ਰਦਰਜ਼ ਕਰਨਗੇ। ਸ਼ਮਾ ਰੌਸ਼ਨ ਦੀ ਰਸਮ ਡਾਇਮੰਡ ਟਰਾਂਸਰਪੋਰਟ ਦੇ ਗੁਲਵਿੰਦਰ ਗਾਖਲ, ਪਿੰਕੀ ਅਟਵਾਲ ਤੇ ਨੇਕੀ ਅਟਵਾਲ ਅਤੇ ਪ੍ਰਸਿੱਧ ਬਿਜ਼ਨਸਮੈਨ ਭਰਾ ਜੁਗਰਾਜ ਸਿੰਘ ਸਹੋਤਾ ਅਤੇ ਨਰਿੰਦਰ ਸਿੰਘ ਸਹੋਤਾ ਕਰਨਗੇ। ਇਸ ਵਾਰ ਦਾ ਇਹ '8ਵਾਂ ਛਣਕਾਟਾ ਵੰਗਾਂ ਦਾ' ਪ੍ਰੋਗਰਾਮ ਪੰਜਾਬੀ ਗਾਇਕੀ ਦੀ ਇਕ ਵਿਲੱਖਣ ਅਵਾਜ਼ ਤੇ ਅੰਦਾਜ਼ ਮਰਹੂਮ ਪਦਮਸ੍ਰੀ ਆਸਾ ਸਿੰਘ ਮਸਤਾਨਾ ਨੂੰ ਸਮਰਪਿਤ ਹੋਵੇਗਾ। ਮੱਖਣ ਬੈਂਸ ਤੇ ਗਿਆਨੀ ਰਵਿੰਦਰ ਸਿੰਘ ਦੇ ਸਹਿਯੋਗ ਨਾਲ ਨੇਪਰੇ ਚੜ੍ਹਨ ਵਾਲੇ ਇਸ ਸੰਗੀਤਕ ਪ੍ਰੋਗਰਾਮ ਵਿਚ ਵਿਸ਼ੇਸ਼ ਮਹਿਮਾਨ ਵਜੋਂ ਕੁਲਦੀਪ ਸਿੰਘ ਘੁੰਮਣ, ਸੁਰਿੰਦਰ ਬਡਿਆਲ, ਨਛੱਤਰ ਸਿੰਘ ਗੋਸਲ ਅਤੇ ਅਵਤਾਰ ਸਿੰਘ ਤੋਂ ਇਲਾਵਾ ਅਮਰੀਕਾ ਅਤੇ ਕਨੇਡਾ ਤੋਂ ਵੱਖ ਵੱਖ ਸੰਗੀਤਕ ਹਸਤੀਆਂ ਸ਼ਾਮਿਲ ਹੋਣਗੀਆਂ। ਇਸ ਪ੍ਰੋਗਰਾਮ ਨੂੰ ਪਿਛਲੇ ਸਾਲਾਂ ਵਾਂਗ ਯੋਗ ਅਗਵਾਈ ਦੇਣ ਵਾਲੇ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਇਹ ਰੰਗਾਰੰਗ ਪ੍ਰੋਗਰਾਮ ਪੰਜਾਬੀ ਜ਼ੁਬਾਨ ਅਤੇ ਸਿਹਤਮੰਦ ਸੰਗੀਤ ਲਈ ਆਏ ਵਰ੍ਹੇ ਨਵੀਂ ਅੰਗੜਾਈ ਦਿੰਦਾ ਹੈ ਤੇ ਬੱਚਿਆਂ ਨੂੰ ਆਪਣੇ ਲੋਕ ਨਾਚ ਅਤੇ ਵਿਰਸੇ ਨਾਲ ਜੋੜਨ ਦਾ ਇੱਕ ਇੰਟਰਨੈਸ਼ਨਲ ਦਾ ਸਲਾਹੁਣਯੋਗ ਉਪਰਾਲਾ ਹੈ। ਐਂਟਰੀ ਮੁਫਤ ਹੋਵੇਗੀ ਅਤੇ ਮੰਚ ਸੰਚਾਲਨ ਸ਼ਕਤੀ ਮਾਣਕ ਕਰੇਗੀ। ਜਾਣਕਾਰੀ ਲਈ ਮਨਵੀਰ ਭੌਰਾ (510 695 4836) ਜਾਂ ਅਨਮੋਲ ਭੌਰਾ (510-512-3401) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।
ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com

AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Transmission, Body and Paint Work We Sell Used Cars at a Good Price



Prop: Jasbir Singh Takhar
510-755-2132
Free Estimates
Free Towing
510- 733- 2222
1421 Industrial PKWY West#F Hayward, CA 94544



Harmandeep Singh

# ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇ ਆਗਮਨ ਪੁਰਬ ਸ੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ ਵਿਖੇ ਮਨਾਏ ਗਏ









ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇ ਆਗਮਨ ਪੁਰਬ ਨੂੰ ਸਮਰਪਿਤ ਸਮਾਗਮ ਸ਼੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ ਵਿਖੇ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਏ ਗਏ। ਇਸ ਮੌਕੇ ਤੇ ਸ਼੍ਰੀ ਅਖੰਡ ਪਾਠ ਸਾਹਿਬ ਦੇ ਆਰੰਭ ਸ਼ੁੱਕਰਵਾਰ 22 ਨਵੰਬਰ 2019 ਨੂੰ ਹੋਏ ਅਤੇ ਜਿਨ੍ਹਾਂ ਦੇ ਭੋਗ ਐਤਵਾਰ ਸਵੇਰੇ 24 ਨਵੰਬਰ 2019 ਨੂੰ ਪਏ ਗਏ।

ਇਨ੍ਹਾਂ ਸਮਾਗਮਾਂ ਦੀ ਸੇਵਾ ਸ੍ਰੀ ਅਵਤਾਰ ਸਿੰਘ ਪਲਾਹੀ, ਬੀਬੀ ਜਸਵੀਰ ਕੌਰ ਪਲਾਹੀ ਦੇ ਪਰਿਵਾਰ ਵਲੋਂ ਹਰ ਸਾਲ ਦੀ ਤਰ੍ਹਾਂ ਹੋਈ। ਇਸ ਮੌਕੇ ਗੁਰੂਘਰ ਦੇ ਹਜ਼ੂਰੀ ਰਾਗੀ ਜਥਾ ਭਾਈ ਜਸਪਾਲ ਸਿੰਘ ਜੀ, ਭਾਈ ਗੁਰਦੀਪ ਸਿੰਘ ਜੀ ਅਤੇ ਭਾਈ ਅਮਰਜੀਤ ਸਿੰਘ ਜੀ ਅਤੇ ਭਾਈ ਜਸਪਾਲ ਸਿੰਘ ਸਾਰੰਗ ਜੀ ਦੇ ਜਥੇ ਵਲੋਂ ਕੀਰਤਨ ਦੀਵਾਨ ਸਜਾਏ ਗਏ। ਗੁਰੂਘਰ ਵਲੋਂ ਸੇਵਾਦਾਰ ਪਰਿਵਾਰਾਂ ਨੂੰ ਸ਼੍ਰੀ ਸਿਰੋਪਾਓ ਸਾਹਿਬ ਦੇ ਕੇ ਨਿਹਾਲ ਕੀਤਾ ਗਿਆ।




ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹਿ
ਧੰਨ ਧੰਨ ਸਤਿਗੁਰੂ ਨਾਮਦੇਵ ਜੀ ਅਤੇ ਧੰਨ ਧੰਨ ਸਤਿਗੁਰੂ ਸੈਣ ਜੀ ਦੇ ਪਵਿੱਤਰ ਆਗਮਨ ਪੁਰਬ
ਧੰਨ ਧੰਨ ਸਤਿਗੁਰੂ ਤੇਗ ਬਹਾਦਰ ਜੀ ਦੇ ਪਵਿੱਤਰ ਸ਼ਹੀਦੀ ਦਿਹਾੜੇ
ਦਿਨ: ਐਤਵਾਰ, 01 ਦਸੰਬਰ 2019
ਨੂੰ ਸਮੂੰਹ ਸਾਧਸੰਗਤਿ ਵਲੋਂ ਸ਼ਰਧਾ ਅਤੇ ਸਤਿਕਾਰ ਨਾਲ ਮਨਾਏ ਜਾਣਗੇ।
ਸਮਾਂ: ਸਵੇਰੇ 9:30 ਵਜੇ ਤੋਂ ਦੁਪਹਿਰ 1:30 ਵਜੇ ਤੱਕ
ਸ਼੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਉਪਰੰਤ ਕਥਾ ਕੀਰਤਨ ਦੀਵਾਨ

ਸ਼੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ
6221 16th Street , Rio linda, CA 95673
ਗੁਰੂਘਰ ਫ਼ੋਨ: (916) 992-1710


## ਸੀਵਰੇਜ ਜਾਮ ਹੋਣ ਕਾਰਨ ਗਲੀਆਂ ਵਿੱਚ ਗੰਦਾ ਪਾਣੀ ਭਰਨ ਕਾਰਨ ਲੋਕ ਪ੍ਰੇਸ਼ਾਨ

ਅਲਾਵਲਪੁਰ (ਮਦਨ ਬੰਗੜ)– ਅਲਾਵਲਪੁਰ ਦੇ ਮੁਹੱਲਾ ਨਿਊ ਮਾਡਲ ਟਾਊਨ ਨਿਵਾਸੀ ਧਰਮਪਾਲ ਮੈਹਮੀ, ਬਲਵਿੰਦਰ, ਤਰਸੇਮ ਲਾਲ ਮੈਹਮੀ, ਪਰਮਜੀਤ, ਨਰਿੰਦਰ ਕੁਮਾਰ, ਸ਼ਕੁੰਤਲਾ, ਰੇਸ਼ਮ ਕੌਰ, ਅਮਰਜੀਤ ਕੌਰ ਆਦਿ ਨੇ ਦੱਸਿਆ ਕਿ ਲੰਬੇ ਸਮੇਂ ਤੋਂ ਮੁਹੱਲੇ ਨੂੰ ਆਉਂਦੀ ਸੜਕ ਉੱਤੇ ਮੁਹੱਲਾ ਨਿਊ ਮਾਡਲ ਟਾਊਨ ਤੋਂ ਗੰਦੇ ਪਾਣੀ ਦੀ ਨਿਕਾਸੀ ਲਈ ਪਾਈ ਗਈ ਪਾਈਪ ਲਾਈਨ ਦੀ ਸਫ਼ਾਈ ਨਾ ਹੋਣ ਦੇ ਚੱਲਦੇ ਗੰਦਾ ਪਾਣੀ ਓਵਰਫਲੋ ਹੋ ਕੇ ਭਰ ਜਾਂਦਾ ਹੈ ਜਿਸ ਨਾਲ ਮੁਹੱਲਾ ਨਿਵਾਸੀਆਂ ਅਤੇ ਸੜਕ ਤੇ ਆਉਣ ਜਾਣ ਵਾਲੇ ਮਜ਼ਦੂਰਾਂ, ਵਿਦਿਆਰਥੀਆਂ, ਕਾਮਿਆਂ, ਕਿਸਾਨਾਂ ਅਤੇ ਰਾਹਗੀਰਾਂ ਨੂੰ ਸੜਕ ਉੱਤੇ ਖੜ੍ਹੇ ਗੰਦੇ ਪਾਣੀ ਤੋਂ ਹੋ ਕੇ ਗੁਜ਼ਰਨਾ ਪੈਂਦਾ ਹੈ ਮੁਹੱਲੇ ਵਿੱਚ ਪੂਰਾ ਦਿਨ ਬਦਬੂ ਫੈਲੀ ਰਹਿੰਦੀ ਹੈ ਜਿਸ ਨਾਲ ਬਿਮਾਰੀ ਫੈਲਣ ਦਾ ਖਤਰਾ ਬਣਿਆ ਹੋਇਆ ਹੈ ਮੁਹੱਲਾ ਨਿਵਾਸੀਆਂ ਨੇ ਦੱਸਿਆ ਕਿ ਨਗਰ ਕੌਂਸਲ ਨੂੰ ਕਈ ਵਾਰ ਗੰਦੇ ਪਾਣੀ ਦੀ ਨਿਕਾਸੀ ਦੀ ਸਮੱਸਿਆ ਤੋਂ ਜਾਣੂ ਕਰਾ ਚੁੱਕੇ ਹਨ ਪਰ ਇਸ ਵੱਲ ਧਿਆਨ ਨਹੀਂ ਦਿੱਤਾ ਗਿਆ ਲੋਕਾਂ ਦਾ ਘਰਾਂ ਵਿੱਚ ਆਉਣਾ ਜਾਣਾ ਮੁਸ਼ਕਿਲ ਹੋ ਚੁੱਕਿਆ ਹੈ ਕੀ ਨਗਰ ਕੌਂਸਲ ਅਧਿਕਾਰੀ ਇਸ ਵੱਲ ਧਿਆਨ ਦੇਣਗੇ ਜਦ



ਇਸ ਮਾਮਲੇ ਸਬੰਧੀ ਨਗਰ ਕੌਂਸਲ ਪ੍ਰਧਾਨ ਜਸਵੀਰ ਕੌਰ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਨੇ ਕਿਹਾ ਕਿ ਪਾਈਪ ਲਾਈਨਾਂ ਦੀ ਸਫਾਈ ਲਈ ਕਰਮਚਾਰੀ ਲਗਾਏ ਗਏ ਹਨ ਜਲਦ ਹੀ ਮੁਹੱਲਾ ਨਿਵਾਸੀਆਂ ਨੂੰ ਆਉਂਦੀ ਸਮੱਸਿਆ ਤੋਂ ਛੁਟਕਾਰਾ ਮਿਲੇਗਾ ਦੋ ਤਿੰਨ ਦਿਨਾਂ ਵਿੱਚ ਸਮੱਸਿਆ ਦਾ ਹੱਲ ਕੱਢ ਦਿੱਤਾ ਜਾਵੇਗਾ।


L.A. MERCHANDISE
Whole Sale +Retail
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
Loose Fabrics, Groceries, Blankets, Vegetables




New folding bed verities
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।







Baksho Kaur Bisla Hardev Singh Bisla

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
530-671-0439, Fax 530-822-0439 Cell- 530-844-3250



ਜੋ ਦਿਨ ਆਵਹਿ ਸੋ ਦਿਨ ਜਾਹੀ ॥ ਕਰਨਾ ਕੂਚੁ ਰਹਨੁ ਥਿਰੁ ਨਾਹੀ ॥



ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ
ਸ਼੍ਰੀ ਬੀਰ ਚੰਦ ਬਸਰਾ ਜੀ
【ਸ਼੍ਰੀ ਸਤਨਾਮ ਬਸਰਾ (ਸਾਬਕਾ ਪ੍ਰਧਾਨ ਗੁਰੂਘਰ) ਦੇ ਪਿਤਾ ਜੀ】
ਜੋ ਕਿ ਪਿੰਡ ਡਿਗਰੀਆ (ਫਗਵਾੜਾ) ਦੇ ਵਾਸੀ ਸਨ।
ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ।
ਗੁਰੂਘਰ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਵਲੋਂ ਅਰਦਾਸ ਹੈ ਕਿ ਅਕਾਲਪੁਰਖ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ।
ਸ਼੍ਰੀ ਸਤਨਾਮ ਬਸਰਾ (ਸਾਬਕਾ ਪ੍ਰਧਾਨ): (916) 214-0181



BERKSHIRE HATHAWAY
Home Services



Shangara Ram
ELITE REAL ESTATE
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ। ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ
7412 Elsie Ave., Sacramento, CA 95828

# ਭੋਗਪੁਰ ਨੇੜਲੇ ਪਿੰਡ ਮਾਧੋਪੁਰ ਵਿੱਚ 42ਵਾਂ ਕਬੱਡੀ ਕੱਪ ਕਰਵਾਇਆ







**ਭੋਗਪੁਰ (ਬਿਊਰੋ)--** ਜ਼ਿਲ੍ਹਾ ਜਲੰਧਰ ਦੇ ਭੋਗਪੁਰ ਨੇੜਲੇ ਪਿੰਡ ਮਾਧੋਪੁਰ ਸੀਰੂੰਵਾਲ ਵਿੱਚ 42ਵਾਂ ਕ੍ਰਿਸ਼ਨ ਅਤੇ ਪ੍ਰੋ. ਰਣਜੀਤ ਮਾਧੋਪੁਰੀ ਯਾਦਗਾਰੀ ਕਬੱਡੀ ਕੱਪ ਐਨ ਆਰ ਆਈ ਵੀਰਾਂ, ਗ੍ਰਾਮ ਪੰਚਾਇਤ, ਨੌਜਵਾਨ ਸਭਾ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਟੂਰਨਾਮੈਂਟ ਕਰਾਉਣ ਲਈ ਰਾਕੇਸ਼ ਟੌਨੀ, ਕੁਲਵੀਰ ਸਿੰਘ ਰਾਣਾ, ਅਵਤਾਰ ਸਿੰਘ ਗੁਗਲੂ, ਅਵਤਾਰ ਸਿੰਘ ਤਾਰੀ, ਬਿਕਰਮਜੀਤ ਸਿੰਘ ਵਿੱਕੀ, ਦਿਲਬਾਗ ਸਿੰਘ ਬਾਗੀ ਵਿਸ਼ੇਸ਼ ਤੌਰ ਤੇ ਆਏ। ਰਣਧੀਰ ਸਿੰਘ ਧੀਰੀ, ਮਨਜੀਤ ਸਿੰਘ ਸੰਘਾ, ਗੁਰਿੰਦਰ ਸਿੰਘ ਸੰਘਾ, ਅੰਮ੍ਰਿਤਪਾਲ ਸਿੰਘ ਮਾਣੂ, ਲਵਜੀਤ ਸਿੰਘ ਸੰਘਾ, ਸਤਨਾਮ ਸਿੰਘ ਘੋਲੂ, ਚਮਕੌਰ ਸਿੰਘ ਸੰਘਾ, ਰਣਬੀਰ ਸਿੰਘ ਸੰਘਾ ਨੇ ਵਿਦੇਸ਼ਾਂ ਤੋਂ ਟੂਰਨਾਮੈਂਟ ਦੀ ਸਫਲਤਾ ਲਈ ਮਾਲੀ ਸਹਾਇਤਾ ਭੇਜੀ। ਟੂਰਨਾਮੈਂਟ ਦੇ ਮੁੱਖ ਪ੍ਰਬੰਧਕ ਸੀਤਾ ਰਾਮ ਮਾਧੋਪੁਰੀ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਐਨ ਆਰ ਆਈ ਵੀਰਾਂ ਦਾ ਪਿੰਡ ਦੇ ਵਿਕਾਸ ਵਿੱਚ ਬਹੁਤ ਯੋਗਦਾਨ ਹੈ। ਖੇਡ ਮੇਲੇ ਕਰਾ ਕੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਮਾਰੂ ਅਸਰ ਤੋਂ ਬਚਾਇਆ ਜਾ ਰਿਹਾ ਹੈ। ਵੱਖ ਵੱਖ ਕਮੇਟੀਆਂ ਦੇ ਇੰਚਾਰਜ ਗੁਰਦੇਵ ਸਿੰਘ, ਬਲਰਾਜ ਸਿੰਘ, ਕੁਲਵਿੰਦਰ ਸਿੰਘ ਸੋਢੀ,ਸਤਿੰਦਰ ਸਿੰਘ ਸੰਘਾ, ਕਿਰਤੀ ਸਿੰਘ, ਸੂਰਤਾ ਰਾਮ, ਨਛੱਤਰ ਸਿੰਘ ਸੱਤਾ, ਦਲਵਿੰਦਰ ਸਿੰਘ, ਕੁਲਵਿੰਦਰ ਸਿੰਘ ਕਿੰਦੂ, ਅਮਨਦੀਪ ਸਿੰਘ ਮਿੰਟੂ ਦੀ ਅਗਵਾਈ ਵਿੱਚ ਕਮੇਟੀ ਮੈਂਬਰਾਂ ਨੇ ਸਾਰੇ ਪ੍ਰਬੰਧ ਸੁਚੱਜੇ ਢੰਗ ਨਾਲ ਕੀਤੇ।

42 ਕਿਲੋ ਟੀਮ ਵਿੱਚ ਪਹਿਲਾ ਪੱਕੇ ਕਲਾਂ, ਦੂਜਾ ਮਾਧੋਪੁਰ, 47 ਕਿਲੋ ਟੀਮ ਵਿੱਚ ਮਾਧੋਪੁਰ ਪਹਿਲੇ, ਸਲੌਦੀ ਸਿੰਘਾਂ ਦੂਜੇ, 57 ਕਿਲੋ ਕਲੱਬ ਵਿੱਚ ਪਹਿਲਾ ਮਾਧੋਪੁਰ, ਦੂਜਾ ਇੰਦਗੜ੍ਹ, 65 ਕਿਲੋ ਕਲੱਬ ਵਿੱਚ ਪਹਿਲਾ ਮਾਧੋਪੁਰ, ਦੂਜਾ ਨਿ-ਰਆਲਾਂ ਅਤੇ ਓਪਨ ਕਲੱਬ ਵਿੱਚ ਆਜ਼ਾਦ ਕਬੱਡੀ ਕਲੱਬ ਸ਼ਕਰਪੁਰ ਨੇ ਪਹਿਲਾ ਅਤੇ ਬਾਬਾ ਨਾਮਦੇਵ ਕਲੱਬ ਘੁਮਾਣ ਨੇ ਦੂਜਾ ਸਥਾਨ ਹਾਸਲ ਕੀਤਾ। ਮੁੱਖ ਮਹਿਮਾਨ ਰਾਮ ਲੁਭਾਇਆ ਬੀ ਡੀ ਓ, ਮਾਧੋਪੁਰ ਦੀ ਸਰਪੰਚ ਲਖਵਿੰਦਰ ਕੌਰ ਅਤੇ ਐਨ ਆਰ ਆਈ ਵੀਰਾਂ ਨੇ ਜੇਤੂ ਟੀਮਾਂ ਨੂੰ ਇਨਾਮ ਵੰਡੇ।

ਰਾਮ ਲੁਭਾਇਆ ਨੇ ਪਿੰਡ ਦੇ ਵਿਕਾਸ ਲਈ ਸਰਕਾਰ ਵੱਲੋਂ ਹਰ ਸੰਭਵ ਸਹਾਇਤਾ ਦੇਣ ਦਾ ਭਰੋਸਾ ਦੁਆਇਆ। ਇਸ ਮੌਕੇ ਬੋਲਦਿਆਂ ਰਾਕੇਸ਼ ਟੌਨੀ ਤੇ ਕੁਲਵੀਰ ਸਿੰਘ ਰਾਣਾ ਨੇ ਐਨ ਆਰ ਵੀਰਾਂ ਵੱਲੋਂ ਪਹਿਲਾਂ ਵਾਂਗ ਪਿੰਡ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਬਾਰੇ ਵਚਨਬੱਧਤਾ ਦੁਹਰਾਈ। ਪਿੰਡ ਵਿੱਚ ਸੀਵਰੇਜ ਅਤੇ ਗੰਦੇ ਪਾਣੀ ਦੇ ਨਿਕਾਸ ਲਈ ਸੀਚੇਵਾਲ ਮਾਡਲ ਅਪਣਾਇਆ ਜਾਵੇਗਾ। ਰਣਧੀਰ ਸਿੰਘ ਧੀਰੀ, ਕਸ਼ਮੀਰ ਸਿੰਘ ਭੋਲਾ ਤੇ ਜਗੀਰ ਸਿੰਘ ਜੀਰੀ ਦੀ ਮਾਤਾ ਗਿਆਨ ਕੌਰ ਨੇ ਆਪਣੀ ਇੱਕ ਜਾਇਦਾਦ ਡਿਸਪੈਂਸਰੀ ਬਣਾਉਣ ਲਈ ਪਿੰਡ ਨੂੰ ਦਾਨ ਕਰਨ ਦਾ ਐਲਾਨ ਕੀਤਾ ਜੋ ਕਿ ਆਪਣੇ ਆਪ ਵਿੱਚ ਪਿੰਡ ਵਿੱਚ ਹੋਇਆ ਵਿਲੱਖਣ ਰਿਕਾਰਡ ਸੀ। ਕਮੇਟੀ ਵੱਲੋਂ ਹੁਸ਼ਿਆਰ, ਖੇਡਾਂ ਵਿੱਚ ਵਿਸ਼ੇਸ਼ ਪ੍ਰਾਪਤੀਆਂ ਵਾਲੇ ਬੱਚਿਆਂ ਤੇ ਇਲਾਕੇ ਦੇ ਆਏ ਹੋਏ ਪਤਵੰਤੇ ਸੱਜਣਾਂ ਨੂੰ ਵਿਸ਼ੇਸ਼ ਸਨਮਾਨਾ ਨਾਲ ਸਨਮਾਨਿਤ ਕੀਤਾ। ਸ਼੍ਰੀਮਤੀ ਕ੍ਰਿਸ਼ਨਾ ਤੇ ਮੀਰੇ ਨੇ ਹਨ ਮਾਧੋਪੁਰ ਦੀਆਂ 42 ਤੇ 47 ਕਿੱਲੋ ਟੀਮਾਂ ਦੇ ਖਿਡਾਰੀਆਂ ਨੂੰ ਟਰੈਕ ਸੂਟ ਤੇ ਸਪੋਰਟਸ ਕਿੱਟਾਂ ਭੇਟ ਕੀਤੀਆਂ। ਇਸ ਮੌਕੇ ਭੁਪਿੰਦਰ ਸੈਣੀ, ਕੁਲਵਿੰਦਰ ਸਿੰਘ ਸਰਪੰਚ ਰਾਸਤਗੋ, ਬਲਜੀਤ ਸਿੰਘ ਬਿੱਲਾ ਸਨੌਰਾ, ਗੁਰਪ੍ਰੀਤ ਸਿੰਘ ਗੋਪੀ ਭੱਟੀਆਂ, ਰਣਜੀਤ ਸਿੰਘ ਸਹੋਤਾ ਮਾਣਕਢੇਰੀ, ਧਰਮਿੰਦਰ ਸਿੰਘ ਜੰਡੀਰ, ਹਰ-ਜੰਦਰ ਸਿੰਘ ਸਰਪੰਚ ਗੀਗਨਵਾਲ, ਵਰਿੰਦਰ ਚੋਪੜਾ ਰਾਸਤਗੋ, ਬਿਕਰਮਜੀਤ ਸਿੰਘ ਸਿੱਧੂ, ਕ੍ਰਿਪਾਲ ਸਿੰਘ ਕਸਬਾ, ਪ੍ਰੀਤਮ ਸਿੰਘ ਸੱਗਰਾਂਵਾਲੀ, ਪ੍ਰਿਤਪਾਲ ਸਿੰਘ ਮਾਣਕਢੇਰੀ, ਬਲਦੇਵ ਸਿੰਘ ਨੰਬਰਦਾਰ ਰਾਮਪੁਰ, ਅਮ੍ਰਿਤਪਾਲ ਸਿੰਘ ਖਰਲ ਕਲਾਂ ਨਗਰ ਨਿਵਾਸੀਆਂ ਦੇ ਸੱਦੇ ਤੇ ਵਿਸ਼ੇਸ਼ ਤੌਰ ਤੇ ਹਾਜਰ ਹੋਏ। ਟੂਰਨਾਮੈਂਟ ਕਮੇਟੀ ਨੇ ਮੁੱਖ ਮਹਿਮਾਨ, ਸ਼੍ਰੀਮਤੀ ਕ੍ਰਿਸ਼ਨਾ, ਸ਼੍ਰੀਮਤੀ ਸਰਬਜੀਤ ਕੌਰ ਤੇ ਸਰਪੰਚ ਲਖਵਿੰਦਰ ਕੌਰ ਤੇ ਇਲਾਕੇ ਦੇ ਪਤਵੰਤੇ ਸੱਜਣਾਂ ਨੂੰ ਵਿਸ਼ੇਸ਼ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ। ਹਜਾਰਾਂ ਦੀ ਗਿਣਤੀ ਵਿੱਚ ਖੇਡ ਪ੍ਰੇਮੀ ਹਾਜਰ ਸਨ। ਟੂਰਨਾਮੈਂਟ ਨੂੰ ਸਫਲ ਬਣਾਉਣ ਲਈ ਸਰਪੰਚ ਲਖਵਿੰਦਰ ਕੌਰ, ਸ਼੍ਰੀਮਤੀ ਕ੍ਰਿਸ਼ਨਾ, ਸਰਬਜੀਤ ਕੌਰ, ਅਮੀਰ ਸਿੰਘ ਮੀਰਾ, ਮਨਜੀਤ ਸਿੰਘ ਜੀਤੀ, ਮਨਜਿੰਦਰ ਸਿੰਘ ਸੋਨੀ, ਜਗਤਾਰ ਸਿੰਘ ਜੱਗਾ, ਰਣਜੀਤ ਸਿੰਘ ਜੀਤਾ ਪੰਚ, ਹਰਭਜਨ ਸਿੰਘ ਲਾਡੀ, ਦਰਸ਼ਨ ਸਿੰਘ, ਜਗਤਾਰ ਸਿੰਘ, ਪੀਤਾ, ਬਿੱਟੂ, ਸਾਬ੍ਹੀ, ਗੋਪੀ, ਪ੍ਰਿੰਸ ਸੰਘਾ, ਲੱਭਾ, ਸੁਖਬੀਰ ਬਾਂਸਲ ਗੋਲਡੀ, ਹੈਪੀ, ਬਲਦੇਵ ਸਿੰਘ, ਹਰਜਿੰਦਰ ਸਿੰਘ ਸੰਘਾ, ਮਨਜੀਤ ਰਤਨ, ਜਰਨੈਲ ਰਾਮ ਬਾਂਸਲ, ਬਲਬੀਰ ਸਾਬਕਾ ਸਰਪੰਚ, ਹਰਦੇਵ ਸਿੰਘ ਸੰਘਾ, ਇੰਦਰਪਾਲ ਸਿੰਘ, ਕਬੀਰ ਤੇ ਰੂਪ ਚੰਦ ਦਾ ਵਿਸ਼ੇਸ਼ ਯੋਗਦਾਨ ਰਿਹਾ। ਟੂਰਨਾਮੈਂਟ ਦੀ ਸਫ਼ਲਤਾ ਦਾ ਸਿਹਰਾ ਐਨ ਆਰ ਆਈ ਵੀਰਾਂ ਤੇ ਕਮੇਟੀ ਮੈਂਬਰਾਂ ਸਿਰ ਬੰਨ੍ਹਦਿਆਂ ਮੁੱਖ ਪ੍ਰਬੰਧਕ ਸੀਤਾ ਰਾਮ ਮਾਧੋਪੁਰੀ ਨੇ ਅਗਲੇ ਸਾਲ ਹੋਣ ਵਾਲੇ ਖੇਡ ਮੇਲੇ ਨੂੰ ਹੋਰ ਵਧੀਆ ਕਰਾਉਣ ਦਾ ਪ੍ਰਣ ਕੀਤਾ।

## ਗੁਰੂ ਨਾਨਕ ਹਸਪਤਾਲ ਦੀ ਸਾਰ ਲਵੇ ਪੰਜਾਬ ਸਰਕਾਰ

**ਅੰਮ੍ਰਿਤਸਰ–** ਅੰਮ੍ਰਿਤਸਰ ਵਿਕਾਸ ਮੰਚ ਨੇ ਸ੍ਰੀ ਗੁਰੂ ਨਾਨਕ ਦੇਵ ਹਸਪਤਾਲ ਦੀਆਂ ਘਾਟਾਂ ਨੂੰ ਫੌਰੀ ਪੂਰਾ ਕਰਨ ਦੀ ਮੰਗ ਕੀਤੀ ਹੈ ।ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਸ੍ਰੀ ਓਮ ਪ੍ਰਕਾਸ਼ ਸੋਨੀ ਨੂੰ ਪੱਤਰ ਲਿਖ ਕੇ ਉਨ੍ਹਾਂ ਦਾ ਧਿਆਨ ਅਖ਼ਬਾਰਾਂ ਵਿਚ ਨਿੱਤ ਛਪਦੀਆਂ ਖ਼ਬਰਾਂ ਵੱਲ ਦੁਆਇਆ ਹੈ ਕਿ ਗ੍ਰੀਬ ਲੋਕ ਇਹ ਸੋਚ ਕਿ ਆਉਂਦੇ ਕਿ ਇਹ ਸਰਕਾਰੀ ਹਸਪਤਾਲ ਹੈ, ਇੱਥੇ ਮੁਫ਼ਤ ਇਲਾਜ਼ ਹੋਵੇਗਾ, ਦੁਆਈਆਂ ਮੁਫ਼ਤ ਮਿਲਣਗੀਆਂ, ਟੈਸਟ ਮੁਫ਼ਤ ਹੋਣਗੇ, ਪਰ ਜਦ ਉਹ ਹਸਪਤਾਲ ਆਉਂਦੇ ਹਨ ਤਾਂ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਕਦੇ ਡਾਕਟਰਾਂ ਦੀ ਘਾਟ, ਕਦੇ ਦੁਆਈਆਂ ਦੀ ਘਾਟ, ਕਦੇ ਮਸ਼ੀਨਾਂ ਖ਼ਰਾਬ ਹੋਣ 'ਤੇ ਪ੍ਰਾਈਵੇਟ ਲਬਾਰਟਰੀਆਂ ਦੀ ਖ਼ਜ਼ਲ ਖੁਆਰੀ।

ਪਿਛੇ ਜਿਹੇ ਖ਼ਬਰ ਛੱਪੀ ਸੀ ਕਿ ਈ ਸੀ ਜੀ ਦੀ ਮਸ਼ੀਨ ਪਿਛਲੇ ਦੋ ਮਹੀਨਿਆਂ ਤੋਂ ਖਰਾਬ ਪਈ ਇਸ ਮਸ਼ੀਨ ਦੇ ਖਰਾਬ ਹੋਣ ਦੇ ਕਾਰਨ ਮਰੀਜ਼ਾਂ ਨੂੰ ਖ਼ਜ਼ਲ-ਖੁਆਰ ਹੋਣਾ ਪੈ ਰਿਹਾ ਹੈ।ਇਕ ਹੋਰ ਖ਼ਬਰ ਸੀ ਕਿ ਇਸ ਹਸਪਤਾਲ ਦੇ ਸ਼ੀਸ਼ੇ ਵੀ ਟੁੱਟੇ ਹੋਏ ਹਨ ਜਿਸ ਕਾਰਨ ਠੰਢੀ ਹਵਾ ਅਤੇ ਮੱਛਰ ਮੱਖੀਆਂ ਦੇ ਕਾਰਨ ਮਰੀਜ਼ਾਂ ਕਾਫੀ ਤਕਲੀਫ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸੇ ਤਰ੍ਹਾਂ ਬਹੁਤ ਸਾਰੀਆਂ ਤਰੁੱਟੀਆਂ ਅਤੇ ਖਾਮੀਆਂ ਹਨ ਜਿਸ ਕਾਰਨ ਮਰੀਜ਼ ਖ਼ਜ਼ਲ-ਖ਼ੁਆਰ ਹੋ ਰਹੇ ਹਨ।

ਡਾ ਗੁਮਟਾਲਾ ਨੇ ਮੰਗ ਕੀਤੀ ਹੈ ਕਿ ਮੈਡੀਕਲ ਸੁਪਰਡੈਂਟ ਤੋਂ ਇਸ ਸਬੰਧੀ ਵਿਸਥਾਰ ਸਹਿਤ ਰਿਪੋਰਟ ਮੰਗਵਾਕੇ ਖਾਮੀਆਂ ਨੂੰ ਪੂਰਾ ਕਰਨ ਦੀ ਖੇਚਲ ਕੀਤੀ ਜਾਵੇ। ਉਨ੍ਹਾਂ ਇਹ ਵੀ ਮੰਗ ਕੀਤੀ ਹੈ ਕਿ ਸਬੰਧਤ ਪ੍ਰਮੁੱਖ ਸਕੱਤਰ ( ਪ੍ਰਿੰਸੀਪਲ ਸੈਕਟਰੀ ਮੈਡੀਕਲ ਐਜੂਕੇਸ਼ਨ) ਨੂੰ ਵੀ ਹਦਾਇਤ ਕੀਤੀ ਜਾਵੇ ਕਿ ਉਹ ਹਸਪਤਾਲ ਵਿੱਚ ਨਿੱਜੀ ਤੌਰ 'ਤੇ ਜਾ ਕੇ ਇਥੋਂ ਦੀਆਂ ਹਾਲਤਾਂ ਦਾ ਜਾਇਜਾ ਲੈ ਕਿ ਇੱਥੋਂ ਦੀਆਂ ਘਾਟਾਂ ਦੂਰ ਕਰਕੇ ਗ਼ਰੀਬ ਲੋਕਾਂ ਦੀਆਂ ਅਸੀਸਾਂ ਲੈਣ ਦੀ ਖੇਚਲ ਕਰਨ ਜੀ।ਉਨ੍ਹਾਂ ਨੇ ਸ੍ਰੀ ਓਮ ਪ੍ਰਕਾਸ਼ ਸੋਨੀ ਨੂੰ ਵੀ ਬੇਨਤੀ ਕੀਤੀ ਹੈ ਕਿ ਉਹ ਅੰਮ੍ਰਿਤਸਰ ਤੇ ਪਟਿਆਲਾ ਮੈਡੀਕਲ ਕਾਲਜਾਂ ਦਾ ਸਮੇਂ ਸਮੇਂ ਅਚਨਚੇਤ ਦੌਰਾ ਕਰਕੇ ਇਨ੍ਹਾਂ ਨੂੰ ਵਧੀਆ ਹਸਪਤਾਲ ਬਣਵਾਉਣ ਵਿਚ ਆਪਣਾ ਯੋਗਦਾਨ ਪਾਉਣ।

## 550 ਸਾਲਾ ਪ੍ਰਕਾਸ਼ ਪੁਰਬ ਦੌਰਾਨ ਸੁਲਤਾਨਪੁਰ ਲੋਧੀ ਸ਼ਹਿਰ ਨੂੰ ਸਾਫ ਰੱਖਣ ਲਈ ਬਰਜਿੰਦਰ ਸਿੰਘ ਨੇ ਜਿੱਤਿਆ ਸੰਗਤਾਂ ਦਾ ਦਿਲ

**ਫਰੀਮਾਂਟ (ਐੱਸ.ਅਸ਼ੋਕ. ਭੌਰਾ)–** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਸਥਾਨਕ ਸਰਕਾਰ ਵਿਭਾਗ ਪੰਜਾਬ ਵਲੋਂ ਪ੍ਰਕਾਸ਼ ਪੁਰਬ ਉਪਰੰਤ ਵੀ ਸ਼ਹਿਰ ਦੀ ਸਫਾਈ ਦਾ ਕੰਮ ਨਿਰੰਤਰ ਜਾਰੀ ਹੈ ਕਿਉਂਕਿ ਅਜੇ ਵੀ ਸੰਗਤਾਂ ਦਾ ਜਨ ਸੈਲਾਬ ਪਾਵਨ ਨਗਰੀ 'ਚ ਗੁਰਧਾਮਾ ਦੇ ਦਰਸ਼ਨ ਕਰਨ ਆ ਰਿਹਾ ਹੈ। ਇਹ ਵਿਚਾਰ ਸਥਾਨਕ ਸਰਕਾਰ ਵਿਭਾਗ ਪੰਜਾਬ ਦੇ ਰੀਜਨਲ ਡਿਪਟੀ ਡਾਇਰੈਕਟਰ ਬਰਜਿੰਦਰ ਸਿੰਘ ਨੇ ਗੱਲਬਾਤ ਦੌਰਾਨ ਕਹੇ। ਉਨ੍ਹਾਂ ਕਿਹਾ ਕਿ ਪਾਵਨ ਨਗਰੀ ਸੁਲਤਾਨਪੁਰ ਲੋਧੀ 'ਚ ਆਏ ਸੰਗਤਾਂ ਦੇ ਸੈਲਾਬ ਤੇ ਸਫਾਈ ਪ੍ਰਬੰਧਾਂ ਦੇ ਪੱਖ ਤੋਂ ਸੁਲਤਾਨਪੁਰ ਲੋਧੀ ਦੀ ਤੁਲਨਾ ਕੁਭ ਮੇਲੇ ਸਮੇਂ ਇਲਾਹਾਬਾਦ ਸ਼ਹਿਰ ਦੇ ਨਾਲ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਲੱਖਾਂ ਦੀ ਗਿਣਤੀ 'ਚ ਸ਼ਰਧਾਲੂਆਂ ਦੀ ਆਮਦ ਦੇ ਬਾਵਜੂਦ ਸਾਫ ਸਫਾਈ ਬਰਕਰਾਰ ਰੱਖਣ ਦੇ ਲਈ ਪੰਜਾਬ ਸਰਕਾਰ ਦੇ ਪ੍ਰਬੰਧ ਦੀ ਹਰ ਪਾਸੇ ਭਰਪੂਰ ਸ਼ਲਾਘਾ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਪਾਵਨ ਨਗਰੀ 'ਚ ਅਜੇ ਵੀ ਕਈ ਥਾਵਾਂ 'ਤੇ ਲੰਗਰ ਚੱਲ ਰਹੇ ਹਨ ਤੇ ਇਨ੍ਹਾਂ ਲੰਗਰਾਂ 'ਚ ਸਾਫ ਸਫਾਈ ਦੀ ਜ਼ਿੰਮੇਵਾਰੀ ਸਥਾਨਕ ਸਰਕਾਰੀ ਵਿਭਾਗਾਂ ਨੇ ਆਪਣੇ ਮੋਢਿਆਂ 'ਤੇ ਚੁੱਕੀ ਹੋਈ ਹੈ। ਚਾਰ ਮੈਂਬਰੀ ਕਮੇਟੀ, ਜਿਸ 'ਚ ਸਥਾਨਕ ਸਰਕਾਰੀ ਮੰਤਰੀ ਬ੍ਰਹਮ ਮਹਿੰਦਰਾ, ਪ੍ਰਮੁੱਖ ਸਕੱਤਰ ਏ. ਵੇਣੂ ਪ੍ਰਸਾਦ, ਸੀ.ਈ.ਓ.ਪੀ.ਐੱਮ.ਆਈ.ਡੀ.ਸੀ. ਅਜੇ ਸ਼ਰਮਾ ਤੇ ਡਾਇਰੈਕਟਰ ਸਥਾਨਕ ਸਰਕਾਰ ਕਰੁਨੇਸ਼ ਸ਼ਰਮਾ ਦੀ ਯੋਗ ਪ੍ਰਧਾਨਗੀ ਹੇਠ ਇਹ ਕੰਮ ਨੇਪਰੇ ਚੜ੍ਹਿਆ ਹੈ ਅਤੇ ਅੱਗੇ ਜਾਰੀ ਹੈ। ਉਨ੍ਹਾਂ ਕਿਹਾ ਕਿ ਜਦੋਂ ਹੁਣ ਸਰਕਾਰ ਨੇ ਸ਼ਹਿਰ ਨੂੰ ਸਾਫ ਸਵੱਛ ਰੱਖਣ 'ਚ ਕੋਈ ਕਮੀ ਨਹੀਂ ਛੱਡੀ ਤੇ ਹੁਣ ਹਰ ਸ਼ਹਿਰ ਵਾਸੀ ਦਾ ਵੀ ਫਰਜ਼ ਬਣਦਾ ਹੈ ਕਿ ਉਹ ਸ਼ਹਿਰ ਨੂੰ ਸਾਫ ਸੁਥਰਾ ਰੱਖਣ 'ਚ ਨਗਰ ਕੌਂਸਲ ਦਾ ਪੂਰਾ ਸਹਿਯੋਗ ਦੇਵੇ ਕਿਉਂਕਿ ਸਰਕਾਰ ਨੇ ਇਸ ਪਾਵਨ ਨਗਰੀ ਨੂੰ ਸੂਬੇ ਦਾ ਪਹਿਲਾ ਪਲਾਸਟਿਕ ਮੁਕਤ ਸ਼ਹਿਰ ਬਣਾਉਣ ਦੀ ਘੋਸ਼ਣਾ ਕੀਤੀ ਹੋਈ ਹੈ ਤੇ ਸ਼ਹਿਰ ਨਿਵਾਸੀਆਂ ਨੂੰ ਵੀ ਹੁਣ ਚਾਹੀਦਾ ਹੈ ਕਿ ਉਹ ਪਲਾਸਟਿਕ ਦੇ ਸਮਾਨ ਦੀ ਘੱਟ ਤੋਂ ਘੱਟ ਵਰਤੋਂ ਕਰੇ ਤਾਂ ਜੋ ਸ਼ਹਿਰ 'ਚ ਸੀਵਰੇਜ ਦੀ ਸਮੱਸਿਆ ਨਾ ਆਵੇ।



## ਬੋਇੰਗ ਦਾ ਯਾਤਰੀ ਪੁਲਾੜ ਯਾਨ ਦਸੰਬਰ 'ਚ ਭਰੇਗਾ ਉਡਾਣ

ਵਾਸ਼ਿੰਗਟਨ– ਅਮਰੀਕੀ ਹਵਾਬਾਜ਼ੀ ਕੰਪਨੀ ਬੋਇੰਗ ਦਾ ਯਾਤਰੀ ਪੁਲਾੜ ਯਾਨ ਫਲੋਰੀਡਾ ਤੋਂ ਉਡਾਣ ਭਰਨ ਲਈ ਤਿਆਰ ਹੈ। ਇਸ ਪੁਲਾੜ ਯਾਨ ਦਾ 17 ਦਸੰਬਰ ਨੂੰ ਮਨੁੱਖ ਰਹਿਤ ਪ੍ਰੀਖਣ ਕੀਤਾ ਜਾਣਾ ਹੈ। ਪੁਲਾੜ ਵਿਚ ਮਨੁੱਖੀ ਮੁਹਿੰਮਾਂ ਲਈ ਅਮਰੀਕੀ ਪੁਲਾੜ ਏਜੰਸੀ ਨਾਸਾ ਬੋਇੰਗ ਅਤੇ ਸਪੇਸਐਕਸ ਨਾਲ 2011 ਤੋਂ ਕੰਮ ਕਰ ਰਹੀ ਹੈ।




ਬੋਇੰਗ ਦਾ ਪੁਲਾੜ ਯਾਨ ਸੀਐੱਸਟੀ-100 ਸਟਾਰਲਾਈਨਰ ਕਾਰੋਬਾਰੀ ਪੁਲਾੜ ਯਾਤਰਾ ਅਤੇ ਸਾਮਾਨ ਲਿਜਾਣ ਦੀ ਸਹੂਲਤ ਨਾਲ ਫਲੋਰੀਡਾ ਸਥਿਤ ਨਾਸਾ ਦੇ ਕੈਨੇਡੀ ਸਪੇਸ ਸੈਂਟਰ 'ਤੇ ਤਿਆਰ ਹੈ। ਕੈਨੇਡੀ ਸੈਂਟਰ ਦੇ ਡਾਇਰੈਕਟਰ ਬੌਬ ਕਬਾਨਾ ਨੇ ਕਿਹਾ, ਸਾਨੂੰ ਸਵਦੇਸ਼ੀ ਯਾਨ ਜ਼ਰੀਏ ਪੁਲਾੜ ਯਾਤਰੀਆਂ ਦੀ ਅਮਰੀਕੀ ਧਰਤੀ ਤੋਂ ਉਡਾਣ ਦਾ ਵੱਡਾ ਕਦਮ ਅੱਗੇ ਵਧਾਉਣਾ ਹੈ। ਇਕ ਰਾਸ਼ਟਰ ਦੇ ਰੂਪ ਵਿਚ ਇਹ ਸਾਡੇ ਭਵਿੱਖ ਲਈ ਮਹੱਤਵਪੂਰਨ ਹੈ। ਨਾਸਾ ਦੇ ਕਮਰਸ਼ੀਅਲ ਕਰੂ ਪ੍ਰੋਗਰਾਮ ਮੈਨੇਜਰ ਕੈਥੇ ਲਿਊਡਰਸ ਨੇ ਕਿਹਾ ਕਿ ਅਸੀਂ ਇਸ ਮਿਸ਼ਨ ਨੂੰ ਸਾਵਧਾਨੀ ਨਾਲ ਅੱਗੇ ਵਧਾਉਣਾ ਚਾਹੁੰਦੇ ਹਾਂ। ਸਪੇਸ ਸਟੇਸ਼ਨ ਦੇ ਉੱਪਰ ਤੋਂ ਉਡਾਣ ਭਰਨ ਤੋਂ ਬਾਅਦ ਅਸੀਂ ਇਸ ਨੂੰ ਸੁਰੱਖਿਅਤ ਵਾਪਸ ਲਿਆਉਣਾ ਚਾਹੁੰਦੇ ਹਾਂ।

## ਜ਼ਿਮਨੀ ਚੋਣਾਂ: ਪੱਛਮੀ ਬੰਗਾਲ 'ਚ ਭਾਜਪਾ ਉਮੀਦਵਾਰ 'ਤੇ ਹਮਲਾ

**ਕੋਲਕਾਤਾ–** ਪੱਛਮੀ ਬੰਗਾਲ ਵਿਧਾਨ ਸਭਾ ਦੀਆਂ ਤਿੰਨ ਸੀਟਾਂ 'ਤੇ ਜ਼ਿਮਨੀ ਚੋਣਾਂ ਦੌਰਾਨ ਭਾਰੀ ਮੱਤਦਾਨ ਹੋਇਆ। ਇਸ ਦੌਰਾਨ ਹੁਕਮਰਾਨ ਤ੍ਰਿਣਮੂਲ ਕਾਂਗਰਸ ਦੇ ਵਰਕਰਾਂ 'ਤੇ ਦੋਸ਼ ਲੱਗਾ ਕਿ ਉਨ੍ਹਾਂ ਕਰੀਮਪੁਰ ਹਲਕੇ ਤੋਂ ਭਾਜਪਾ ਉਮੀਦਵਾਰ ਜਯ ਪ੍ਰਕਾਸ਼ ਮਜੂਮਦਾਰ 'ਤੇ ਹਮਲਾ ਕੀਤਾ। ਕਰੀਮਪੁਰ ਤੋਂ ਇਲਾਵਾ ਖੜਗਪੁਰ ਸਦਰ ਅਤੇ ਕਾਲੀਆਗੰਜ ਹਲਕਿਆਂ 'ਚ ਵੋਟਿੰਗ ਹੋਈ। ਉਧਰ ਭਾਜਪਾ ਨੇ ਪਾਰਟੀ ਉਮੀਦਵਾਰ 'ਤੇ ਹਮਲੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਤ੍ਰਿਣਮੂਲ ਕਾਂਗਰਸ ਸੂਬੇ 'ਚ ਲੋਕਤੰਤਰ ਦਾ ਘਾਣ ਕਰ ਰਹੀ ਹੈ।

ਟੀ ਵੀ ਦ੍ਰਿਸ਼ਾਂ 'ਚ ਦਿਖਾਇਆ ਗਿਆ ਕਿ ਭਾਜਪਾ ਦੇ ਉਪ ਪ੍ਰਧਾਨ ਮਜੂਮਦਾਰ ਨੂੰ ਨਾਦੀਆ ਜ਼ਿਲ੍ਹੇ ਦੇ ਫਿਪੁਲਖੋਲਾ ਇਲਾਕੇ 'ਚ ਕੁਝ ਸ਼ਰਾਰਤੀ ਅਨਸਰਾਂ ਨੇ ਬੁਰੀ ਤਰ੍ਹਾਂ ਕੁੱਟਿਆ ਅਤੇ ਝਾੜੀਆਂ ਵੱਲ ਸੁੱਟ ਦਿੱਤਾ। ਕੁੱਟਮਾਰ ਲਈ ਤ੍ਰਿਣਮੂਲ ਕਾਂਗਰਸ ਦੇ 'ਗੁੰਡਿਆਂ' ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਮਜੂਮਦਾਰ ਨੇ ਕਿਹਾ ਕਿ ਜ਼ਖ਼ਮ ਤਾਂ ਭਰ ਜਾਣਗੇ ਪਰ ਘਟਨਾ ਨਾਲ ਸਾਬਤ ਹੋ ਗਿਆ ਹੈ ਕਿ ਪੱਛਮੀ ਬੰਗਾਲ 'ਚ ਲੋਕਤੰਤਰ ਦਾ ਖ਼ਾਤਮਾ ਹੋ ਗਿਆ ਹੈ। ਇਕ ਹੋਰ ਬੂਥ 'ਤੇ ਟੀਐੱਮਸੀ ਦੇ ਸਮਰਥਕਾਂ ਨੇ ਭਾਜਪਾ ਆਗੂ ਦੇ ਦੌਰੇ ਮੌਕੇ 'ਵਾਪਸ ਜਾਓ' ਦੇ ਨਾਅਰੇ ਲਗਾਏ। ਭੀੜ ਖਿੰਡਾਉਣ ਲਈ ਪੁਲੀਸ ਨੂੰ ਲਾਠੀਚਾਰਜ ਕਰਨਾ ਪਿਆ।

## ਢਿੱਲਵਾਂ ਕਤਲ ਕਾਂਡ: ਅਕਾਲੀ ਦਲ ਵੱਲੋਂ ਸਿਆਸਤ ਭਖਾਉਣ ਦਾ ਫ਼ੈਸਲਾ

**ਚੰਡੀਗੜ੍ਹ–** ਸ਼੍ਰੋਮਣੀ ਅਕਾਲੀ ਦਲ ਨੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਅਕਾਲੀ ਨੇਤਾ ਦਲਬੀਰ ਸਿੰਘ ਢਿਲਵਾਂ ਦੇ ਕਤਲ ਦੇ ਮੁੱਦੇ ਨੂੰ ਪੂਰੀ ਤਰ੍ਹਾਂ ਸਿਆਸੀ ਅਖਾੜਾ ਬਣਾਉਣ ਦਾ ਫ਼ੈਸਲਾ ਕੀਤਾ ਹੈ। ਪਾਰਟੀ ਦੀ ਅੱਜ ਇੱਥੇ ਹੋਈ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਇਹ ਮੁੱਦਾ ਸਭ ਤੋਂ ਵੱਧ ਚਰਚਾ 'ਚ ਰਿਹਾ ਅਤੇ ਫ਼ੈਸਲਾ ਕੀਤਾ ਗਿਆ ਕਿ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਖਿਲਾਫ਼ ਕਾਨੂੰਨੀ ਕਾਰਵਾਈ ਲਈ ਹਰ ਪੱਧਰ 'ਤੇ ਲੜਾਈ ਲੜੀ ਜਾਵੇ। ਪਾਰਟੀ ਦੀ ਕੋਰ ਕਮੇਟੀ ਦੇ ਇੱਕ ਮੈਂਬਰ ਨੇ ਦੱਸਿਆ ਕਿ ਇਸ ਮੁੱਦੇ 'ਤੇ ਕਈ ਮੈਂਬਰ ਭਾਵੇਂ ਸਹਿਮਤ ਨਹੀਂ ਸਨ ਪਰ ਫ਼ੈਸਲਾ ਇਹੀ ਹੋਇਆ ਕਿ ਦਲਬੀਰ ਸਿੰਘ ਢਿੱਲਵਾਂ ਦੇ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਅਕਾਲੀ ਦਲ ਸਾਰੇ ਯਤਨ ਕਰੇਗਾ। ਇਨ੍ਹਾਂ ਯਤਨਾਂ ਤਹਿਤ ਅਕਾਲੀ ਦਲ ਵੱਲੋਂ ਡੀਜੀਪੀ ਪੱਧਰ 'ਤੇ ਮੰਗ ਕੀਤੀ ਜਾਵੇਗੀ ਕਿ ਜਿਨ੍ਹਾਂ ਵਿਅਕਤੀਆਂ ਦਾ ਨਾਮ ਕਤਲ ਜਾਂ ਸਾਜ਼ਿਸ਼ ਘੜਨ ਵਿਚ ਆਉਂਦਾ ਹੈ, ਉਨ੍ਹਾਂ ਖਿਲਾਫ਼ ਕਾਰਵਾਈ ਕੀਤੀ ਜਾਵੇ। ਅਕਾਲੀ ਦਲ ਨੇ ਬਟਾਲਾ ਦੇ ਐੱਸਐੱਸਪੀ ਦਫ਼ਤਰ ਮੂਹਰੇ ਧਰਨਾ ਦੇਣ ਦਾ ਵੀ ਐਲਾਨ ਕੀਤਾ ਹੈ। ਕੋਰ ਕਮੇਟੀ ਦੇ ਫ਼ੈਸਲੇ ਮੁਤਾਬਕ ਜੇਕਰ ਪੰਜਾਬ ਪੁਲੀਸ ਤਸੱਲੀਬਖ਼ਸ਼ ਕਾਰਵਾਈ ਨਹੀਂ ਕਰਦੀ ਤਾਂ ਸੂਬੇ ਦੇ ਰਾਜਪਾਲ ਅਤੇ ਕੇਂਦਰੀ ਗ੍ਰਹਿ ਮੰਤਰੀ ਕੋਲ ਵੀ ਇਹ ਮੁੱਦਾ ਉਠਾਇਆ ਜਾਵੇਗਾ। ਅਕਾਲੀ ਆਗੂਆਂ ਨੇ ਕਿਹਾ ਕਿ ਉਹ ਇਨਸਾਫ਼ ਲਈ ਸੀਬੀਆਈ ਤੋਂ ਮਾਮਲੇ ਦੀ ਜਾਂਚ ਕਰਾਉਣ ਦੀ ਮੰਗ ਵੀ ਕਰ ਸਕਦੇ ਹਨ। ਪਾਰਟੀ ਵੱਲੋਂ ਦਲਬੀਰ ਸਿੰਘ ਢਿੱਲਵਾਂ ਦੇ ਭੋਗ ਮੌਕੇ ਸ਼ਕਤੀ ਪ੍ਰਦਰਸ਼ਨ ਕੀਤੇ ਜਾਣ ਦੀ ਸੰਭਾਵਨਾ ਹੈ। ਕੋਰ ਕਮੇਟੀ ਦੀ ਮੀਟਿੰਗ ਦੌਰਾਨ ਇਹ ਗੱਲ ਵੀ ਵਿਚਾਰੀ ਗਈ ਕਿ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਗੈਂਗਸਟਰ ਜੱਗੂ ਭਗਵਾਨਪੁਰੀਆ ਨਾਲ ਸਬੰਧ ਉਜਾਗਰ ਹੋ ਰਹੇ ਹਨ। ਇਸ ਹਾਲਤ ਵਿੱਚ ਮਾਮਲਾ ਹੋਰ ਵੀ ਗੰਭੀਰ ਬਣ ਜਾਂਦਾ ਹੈ। ਅਕਾਲੀ ਦਲ ਦੇ 14 ਦਸੰਬਰ ਨੂੰ ਸਥਾਪਨਾ ਦਿਵਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਮਾਗਮ ਕੀਤਾ ਜਾਵੇਗਾ।

ਪ੍ਰੋਗਰਾਮ ਤਹਿਤ 12 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅਖੰਡ ਪਾਠ ਆਰੰਭ ਹੋਵੇਗਾ ਅਤੇ 14 ਦਸੰਬਰ ਨੂੰ ਭੋਗ ਪਾਉਣ ਤੋਂ ਬਾਅਦ ਡੈਲੀਗੇਟ ਇਜਲਾਸ ਸੱਦ ਕੇ ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਵੀ ਕੀਤੀ ਜਾਵੇਗੀ। ਪਾਰਟੀ ਵੱਲੋਂ ਪਿਛਲੇ ਕਈ ਮਹੀਨਿਆਂ ਤੋਂ ਮੈਂਬਰਸ਼ਿਪ ਦਾ ਅਮਲ ਸ਼ੁਰੂ ਕੀਤਾ ਗਿਆ ਸੀ ਤੇ ਪਾਰਟੀ ਨੂੰ 14 ਦਸੰਬਰ ਤੋਂ ਪਹਿਲਾਂ ਸਰਕਲ ਪੱਧਰ ਦੀਆਂ ਚੋਣਾਂ ਅਤੇ ਡੈਲੀਗੇਟਾਂ ਦੀ ਚੋਣ ਦਾ ਅਮਲ ਨੇਪਰੇ ਚੜ੍ਹਨ ਦੀ ਉਮੀਦ ਹੈ।

# ਵਲੇਹੋ 'ਚ "ਗਦਰੀ ਬਾਬਿਆਂ ਦਾ ਮੇਲਾ" ਸਫਲਤਾਪੂਰਵਕ ਸੰਪੰਨ











ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)

ਸਬੰਧਤ ਖਬਰ ਦੇਖੋ ਸਫਾ 6 'ਤੇ















# ਵਲੇਹੋ 'ਚ "ਗਦਰੀ ਬਾਬਿਆਂ ਦਾ ਮੇਲਾ" ਸਫਲਤਾਪੂਰਵਕ ਸੰਪੰਨ





















ਸੋਹੰ

# SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

**Guru- Piari Sadh Sangat Ji,**

*Devoted families are requesting entire Sangat to attend the following functions:*

**November 28 to December 01, 2019 — San Francisco Sadh Sangat Samagam 2019**

**Samagam start at 4:30 pm on November 28 (Thursday) and ends at 12:00 pm on December 01 (Sunday)**

**November 28th (Thursday)**

4:30 pm-5:00 pm Rehraas Sahib
5:00 pm-6:00 pm Naam Simran
6:00 pm-6:30 pm GurbaniVichar
6:30 pm-9:00 pm Akhand Kirtan
9:00 pm Ardas, Samapt & Langar

**November 29th and 30th (Friday and Saturday)**

| | |
|---|---|
| 5:00am-6:00am | Naam Simran |
| 6:00am-7:00am | Nitnem |
| 7:00am-9:00am | Asa Di Var |
| 9:00am-12:00pm | Akhand Kirtan |
| 12:00pm Ardas, | Samapti & Langar |
| 3:30pm-4:30pm | Naam Simran |
| 4:30pm-5:00pm | GurbaniVIchar |
| 5:00pm-5:30pm | Rehraas Sahib |
| 5:30pm-9:00pm | Akhand Kirtan |
| 9:00pm Ardas, | Samapti & Langar |

**December 1st (Sunday)**

| | |
|---|---|
| 5:00am-6:00am | Naam Simran |
| 6:00am-7:00am | Nitnem |
| 7:00am-9:00am | Asa Di Var |
| 9:00am-12:00pm | Akhand Kirtan |
| 12:00pm | Ardas, Samapti & Langar |

**December 31, 2019**

**Rain Sabai New Year's celebrations**

We will be celebrating New Year's Eve at Gurughar in welcoming the 2020. Let us start the New Year with a prayer for love, happiness and prosperity of our Sangat. Jathas of Giani Bhupinder Singh Singh/Ompal Singh will do the ShabadKirtan.

**Sangat De Sewadar**

| Chairman | President | General Secretary | Treasurer |
|---|---|---|---|
| Jagtar Bhatia | Shinder Paul Narabut | Dharam Pal Chonkria | Vinod Kumar |

**February 7-8-9 2020**

**Gurupurb Sri Guru Ravidass Ji**


Sri Guru Ravidass Sabha CA, Pittsburg will be celebrating the 643rd Parkash Utsav of SATGURU RAVIDASS JI on Sunday, February 9, 2020 at the temple .

ARAMBH SHRI AKHAND PATH February 7, 2020 (FRIDAY) 9:30 AM
BHOG SHRI AKHAND PATH February 9, 2020 (SUNDAY) 9:30 AM
KIRTAN DIWAN After Bhog Ceremony until 2:00 PM


# ਵਲੇਹੋ 'ਚ "ਗਦਰੀ ਬਾਬਿਆਂ ਦਾ ਮੇਲਾ" ਸਫਲਤਾਪੂਰਵਕ ਸੰਪੰਨ












ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)



# ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ

**ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ) ਦਾ ਸ਼ਹੀਦੀ ਦਿਹਾੜਾ**
**ਸਤਿਗੁਰ ਗਿਆਨ ਨਾਥ ਮਹਾਰਾਜ ਜੀ ਦੀ 32ਵੀਂ ਬਰਸੀ**
**8 ਦਸੰਬਰ 2019 ਦਿਨ ਐਤਵਾਰ ਨੂੰ**





ਸਮੂਹ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਆਪ ਸਭ ਦੇ ਪਿਆਰ ਸਤਿਕਾਰ ਤੇ ਸਹਿਯੋਗ ਸਦਕਾ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ) ਦਾ ਸ਼ਹੀਦੀ ਦਿਹਾੜਾ ਅਤੇ ਸਤਿਗੁਰ ਗਿਆਨ ਨਾਥ ਜੀ ਮਹਾਰਾਜ ਜੀ ਦੀ 32ਵੀਂ ਬਰਸੀ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ, ਕੈਲੇਫੋਰਨੀਆ ਵਿਖੇ ਮਿਤੀ 8 ਦਸੰਬਰ 2019 ਦਿਨ ਐਤਵਾਰ ਨੂੰ ਬਹੁਤ ਹੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ। ਸਾਰੀ ਸੰਗਤਾਂ ਨੂੰ ਸਭਾ ਵੱਲੋਂ ਪੁਰਜ਼ੋਰ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਪਹੁੰਚ ਕੇ ਆਪਣੇ ਪੁਰਖਿਆਂ ਦੀ ਯਾਦ ਨੂੰ ਤਾਜ਼ਾ ਕਰੀਏ।

**ਪ੍ਰੋਗਰਾਮ**
ਪਾਠ ਸ੍ਰੀ ਯੋਗ ਵਾਸ਼ਿਸ਼ਟ ਸਾਹਿਬ
8 ਦਸੰਬਰ 2019, ਦਿਨ ਐਤਵਾਰ
ਸਵੇਰੇ 10 ਵਜੇ
ਸਵੇਰੇ 11 ਵਜੇ ਤੋਂ ਸ਼ਾਮ 3 ਵਜੇ ਤੱਕ
ਕਥਾ, ਕੀਰਤਨ ਤੇ ਸ਼ਬਦ ਗਾਇਨ ਹੋਵੇਗਾ

ਕੈਲੇਫੋਰਨੀਆ ਦੇ ਬਹੁਤ ਹੀ ਨਾਮਵਰ ਗਾਇਕ, ਕਥਾਵਾਚਕ ਤੇ ਢਾਡੀ ਜਥੇ ਪਹੁੰਚ ਰਹੇ ਹਨ। ਗੁਰੂ ਕਾ ਲੰਗਰ ਸਾਰਾ ਦਿਨ ਅਤੁੱਟ ਵਰਤੇਗਾ।

**ਪਤਾ:-**
ਮਹਾਂਰਿਸ਼ੀ ਵਾਲਮੀਕ ਟੈਂਪਲ,
84/86 ਪਰਸੀ ਐਵਨਿਊ,
ਯੂਬਾ ਸਿਟੀ, ਕੈਲੇਫੋਰਨੀਆ
95991

**ਬੇਨਤੀ ਕਰਤਾ- ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ**

ਸੰਪਰਕ ਲਈ:- ਪ੍ਰਧਾਨ ਸ੍ਰੀ ਪ੍ਰੇਮ ਸੌਂਧੀ 530-813-3877, ਸਕੱਤਰ ਬਲਬੀਰ ਧਾਰੀਵਾਲ (ਸੋਨੀ) 916-243-9017, ਸੰਤੋਖ ਸਿੰਘ ਗਿੱਲ 530-740-3056

# ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਲੰਬੜਦਾਰ ਸ਼੍ਰੀ ਮੁਨਸ਼ੀ ਰਾਮ ਚੰਦੜ ਜੀ ਦੀ ਬਰਸੀ ਸਮਾਰੋਹ








ਸਮੂੰਹ ਚੰਦੜ ਪਰਿਵਾਰ ਵਲੋਂ ਆਪਣੇ ਪਿਤਾ ਲੰਬੜਦਾਰ ਸ਼੍ਰੀ ਮੁਨਸ਼ੀ ਰਾਮ ਚੰਦੜ ਜੀ ਦੀ ਮਿੱਠੀ ਯਾਦ ਵਿੱਚ ਉਨ੍ਹਾਂ ਦੀ ਬਰਸੀ ਨੂੰ ਸਮਰਪਿਤ ਸਮਾਗਮ ਦਿਨ ਐਤਵਾਰ, 17 ਨਵੰਬਰ 2019 ਸ਼੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ ਵਿਖੇ ਕਰਵਾਏ ਗਏ ਜਿਨ੍ਹਾਂ ਵਿੱਚ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਉਪਰੰਤ ਕਥਾ ਕੀਰਤਨ ਦੀਵਾਨ ਸਜਾਏ ਗਏ। ਇਨ੍ਹਾਂ ਸਮਾਗਮਾਂ ਦੀ ਸੇਵਾ ਉਨ੍ਹਾਂ ਦੇ ਸਪੁੱਤਰ ਸ਼੍ਰੀ ਸੁੱਖ ਰਾਮ ਚੰਦੜ, ਬੀਬੀ ਮੋਹਿੰਦਰ ਕੌਰ ਚੰਦੜ ਅਤੇ ਸ਼੍ਰੀ ਆਗਿਆ ਰਾਮ ਚੰਦੜ, ਬੀਬੀ ਸੱਤਿਆ ਦੇਵੀ ਚੰਦੜ ਅਤੇ ਪਰਿਵਾਰ ਵਲੋਂ ਹੋਈ।




*ਮਹਾਂਰਿਸ਼ੀ ਵਾਲਮੀਕ ਸਭਾ, ਯੂ. ਐਸ. ਏ., ਯੂਬਾ ਸਿਟੀ (ਕੈਲੇਫੋਰਨੀਆ) ਦੇ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਦੇ ਸੁਪੋਤਰੇ ਓਦੈ ਸੌਂਧੀ ਸਪੁੱਤਰ ਸ੍ਰੀ ਅਜੇ ਸੌਂਧੀ ਦੇ ਜਨਮ ਦਿਨ ਦੀਆਂ ਬਹੁਤ ਬਹੁਤ ਮੁਬਾਰਕਾਂ।*



ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇ ਆਗਮਨ ਪੁਰਬ ਨੂੰ ਸਮਰਪਿਤ ਸਮਾਗਮ ਦੌਰਾਨ ਸ਼੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ ਵਿਖੇ ਸਮਾਗਮਾਂ ਦੀ ਸੇਵਾ ਕਰਨ ਵਾਲੇ ਸ੍ਰੀ ਅਵਤਾਰ ਸਿੰਘ ਪਲਾਹੀ, ਬੀਬੀ ਜਸਵੀਰ ਕੌਰ ਪਲਾਹੀ ਦੇ ਪਰਿਵਾਰ ਦਾ ਸ਼੍ਰੀ ਸਿਰੋਪਾਓ ਸਾਹਿਬ ਦੇ ਕੇ ਸਨਮਾਨ ਕਰਦੇ ਹੋਏ ਪ੍ਰਬੰਧਕ।

# ਸਾਂਝੀਵਾਲਤਾ ਦਾ ਸੁਨੇਹਾ ਦਿੰਦੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿਖਿਆਵਾਂ



ਕੇਹਰ ਸ਼ਰੀਫ
+49 173 3546050

ਸਮਾਂ ਬੀਤਦਾ ਹੈ ਤਾਂ ਵਰਤਮਾਨ ਵਿਚ ਹੋਈ ਸਿਰਜਣਾ ਨੇ ਇਤਿਹਾਸ ਵੀ ਬਣ ਜਾਣਾ ਹੁੰਦਾ ਹੈ ਤੇ ਸਮੇਂ ਨੇ ਆਪਣਾ ਰੂਪ ਵਟਾ ਕੇ ਭੂਤਕਾਲ ਵਿਚ ਵੀ ਤਬਦੀਲ ਹੋ ਜਾਣਾ ਹੁੰਦਾ ਹੈ। ਮੱਧਕਾਲ ਵਿਚ ਜਿਹੜੇ ਹਾਲਾਤ ਸਨ ਉਨ੍ਹਾਂ ਨੇ ਸਮਾਜਕ ਲਹਿਰਾਂ ਨੂੰ ਜਨਮ ਦਿੱਤਾ ਜੋ ਸਮਾਜਕ ਬਰਾਬਰੀ ਦਾ ਦਮ ਭਰਨ ਵਾਲੀਆਂ ਮਨੁੱਖਵਾਦੀ ਲਹਿਰਾਂ ਸਨ, ਉਹ ਭਗਤੀ ਲਹਿਰ ਹੋਵੇ, ਸੂਫੀਆਂ ਦੀ ਲਹਿਰ ਜਾਂ ਹੋਰ ਹੋਣ। ਉਸ ਸਮੇਂ ਲੋਕਾਂ ਅੰਦਰ ਭਾਈਚਾਰਕ ਸਾਂਝ ਦੀ ਬਹੁਤ ਲੋੜ ਸੀ। ਸਮਾਜ ਦਾ ਤਾਣਾ-ਬਾਣਾ ਅੱਜ ਦੀ ਸਥਿਤੀ ਤੋਂ ਬਹੁਤ ਭਿੰਨ ਸੀ। ਭਾਵੇਂ ਕਿ ਅੱਜ ਵਰਗੀ ਆਪਾ-ਧਾਪੀ ਨਹੀਂ ਸੀ। ਲੋਕਾਂ ਦੇ ਜੀਊਣ ਵਿਚ ਸਹਿਜ ਤੇ ਠਰੰਮਾ ਵੱਧ ਸੀ, ਕੁੱਝ ਕੁ ਭਾਈਚਾਰਕ ਸਾਂਝ ਵੀ ਸੀ। ਪਰ, ਇਕ ਗੱਲ ਅੱਜ ਵਾਲੀ ਵੀ ਸੀ - ਤਕੜੇ ਦਾ ਉਦੋਂ ਵੀ ਸੱਤੀਂ ਵੀਹੀਂ ਸੌ ਹੁੰਦਾ ਸੀ। ਮਲਿਕ ਭਾਗੋ ਤੇ ਭਾਈ ਲਾਲੋ ਇਤਿਹਾਸ ਅੰਦਰ ਇਸ ਰੂਪ ਵਿਚ ਵੀ ਦੇਖੇ ਜਾ ਸਕਦੇ ਹਨ। ਇਤਿਹਾਸ ਪੜ੍ਹਦਿਆਂ ਵੱਖੋ ਵੱਖ ਨਜ਼ਰੀਏ ਸਾਡੇ ਸਾਹਮਣੇ ਆਉਂਦੇ ਹਨ।

ਆਦਿ ਕਾਲ ਤੋਂ ਸਾਡੇ ਸਮਾਜ ਦਾ ਵਿਕਾਸ ਅਸਾਵੇਂ ਢੰਗ ਨਾਲ ਹੋਇਆ ਹੈ। ਇਸ ਦੀਆਂ ਪਰਤਾਂ ਦੇ ਅੱਗੇ ਵਧਣ ਦੀ ਰਫਤਾਰ ਵੀ ਝੋਲ ਮਾਰਦੀ ਰਹੀ ਹੈ, ਜਿਸ ਨਾਲ ਸਮਾਜਕ ਧਿਰਾਂ ਦੀ ਵੰਡ ਦਰ ਵੰਡ ਹੁੰਦੀ ਰਹੀ। ਨਵੀਆਂ ਧਿਰਾਂ ਤੇ ਨਵੇਂ ਧੜੇ ਬਣਦੇ ਰਹੇ। ਬੁਨਿਆਦੋਂ ਇਕ ਹੁੰਦੇ ਹੋਏ ਵੀ ਵੰਡੀਆਂ ਤੋਂ ਬਚ ਨਾ ਸਕੇ। ਕਾਰਨ ਵੀ ਸਾਫ ਵਿਖਾਈ ਦਿੰਦੇ ਹਨ- ਮੂਲ਼ ਬਸ਼ਿੰਦਿਆਂ ਤੇ ਬਾਹਰੋਂ ਆਇਆ ਦਾ ਤਫਰਕਾ, ਧੱਕੇ ਤੇ ਧੌਂਸ ਨਾਲ ਦਬਦਬਾ ਕਾਇਮ ਕਰਨਾ। ਪਰ ਸਮਾਜ ਲੰਬੀਆਂ ਵਾਟਾਂ ਤੈਅ ਕਰਕੇ ਅੱਜ ਦੀ ਸਥਿਤੀ ਵਿਚ ਪਹੁੰਚਿਆ ਹੈ।

ਸਮਾਜੀ ਰਿਸ਼ਤੇ ਹਮੇਸ਼ਾਂ ਹੀ ਅੰਤਰ-ਸਬੰਧਤ ਹੁੰਦੇ ਹਨ, ਲੋੜਾਂ ਵੀ ਇਸਦਾ ਕਾਰਨ ਰਹੀਆਂ ਹਨ ਅਤੇ ਜਾਗਦੀ ਚੇਤਨਾ ਇਸ ਸਥਿਤੀ ਨੂੰ ਅੱਗੇ ਤੋਰਨ ਵਾਸਤੇ ਸਦਾ ਕਾਰਜਸ਼ੀਲ ਰਹੀ ਹੈ। ਸਮਾਜ ਦੇ ਲੋਕਾਂ ਦੀ ਸਾਂਝ ਪੀਡੀ ਹੁੰਦੀ ਗਈ। ਇਕ ਦੂਜੇ ਦਾ ਦੁੱਖ-ਦਰਦ ਆਪਣਾ ਸਮਝਿਆ ਜਾਣ ਲੱਗਾ ਤਾਂ ਸਾਂਝੀਵਾਲਤਾ ਆਪਣੇ ਨਿਸਾਰੇ ਵਲ ਵਧਦੀ ਰਹੀ। ਸਾਂਝੀਵਾਲਤਾ ਵਾਲੇ ਰਹਿਬਰ ਦੀ ਬਾਤ ਪਾਉਂਦੇ ਹਾਂ।

ਕਿਸੇ ਵੀ ਦਿਹਾੜੇ ਦਾ ਮਹੱਤਵ ਉਸ ਦਿਨ ਨਾਲ ਜੁੜੇ ਘਟਨਾਕ੍ਰਮ ਕਰਕੇ ਵੀ ਹੁੰਦਾ ਹੈ। ਏਥੇ ਓਸ ਸਮੇਂ ਵਾਲੇ ਉਸ ਦਿਹਾੜੇ ਦੀ ਗੱਲ ਕੀਤੀ ਜਾਣੀ ਹੈ, ਜਿਸ ਦਿਹਾੜੇ ਬਾਬਾ ਨਾਨਕ ਇਸ ਜਗਤ ਵਿਚ ਆਏ, ਪਰ ਇਕ ਗੱਲ ਏਥੇ ਸਾਫ ਕਰ ਦਿੱਤੀ ਜਾਵੇ ਕਿ ਵਿਚਾਰ ਕਰਦਿਆਂ ਥੋਥੀਆਂ ਸਾਖੀਆਂ ਜੋ ਬਹੁਤੀਆਂ ਸੱਚ 'ਤੇ ਅਧਾਰਤ ਨਹੀਂ ਹਨ, ਸੱਪ ਵਲੋਂ ਬਾਬੇ ਦੇ ਚਿਹਰੇ ਤੇ ਛਾਂ ਕਰਨ ਦੀ ਤੇ ਹੋਰ ਮਨਘੜਤ ਕਰਾਮਾਤਾਂ ਨੂੰ ਵਿਚ ਜੋੜੀ ਜਾਣਾ ਜਾਂ ਹੋਰ ਬਹੁਤ ਸਾਰੀਆਂ ਅਜਿਹੀਆਂ ਘੜੀਆਂ ਹੋਈਆਂ ਸਾਖੀਆਂ ਬਾਰੇ ਵਿਚਾਰ ਕਰਨ ਤੇ ਸਮਾਂ ਬਰਬਾਦ ਕਰਨਾ ਚੰਗਾ ਨਹੀਂ ਲਗਦਾ। ਅਸੀਂ ਤਾਂ ਉਸੇ ਰੁਖ ਹੀ ਤੁਰਾਂਗੇ ਕਿ 'ਨਾਨਕ ਸਾਇਰੁ ਏਵ ਕਹਤੁ ਹੈ' ਜਿਸ ਦਾ ਸਿਰਨਾਵਾਂ ਬਣਦਾ ਹੋਵੇ।

ਬਾਬਾ ਨਾਨਕ ਜੀ ਦੇ ਆਗਮਨ 'ਤੇ ਭਾਈ ਗੁਰਦਾਸ ਜੀ ਨੇ ਲਿਖਿਆ :

ਸਤਿਗੁਰ ਨਾਨਕ ਪ੍ਰਗਟਿਆਂ, ਮਿਟੀ ਧੁੰਦ ਜੱਗ ਚਾਨਣ ਹੋਆ
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ ।।

ਧੁੰਦ ਭਰੀ ਸਥਿਤੀ ਅਜਿਹੀ ਹੀ ਹੁੰਦੀ ਹੈ ਜਿਸ ਵਿੱਚ ਨਜ਼ਰ ਹੀ ਕੁੱਝ ਨਹੀਂ ਆਉਂਦਾ, ਇਸ ਧੁੰਦ ਨੂੰ ਦੂਰ ਕਰਨ ਵਾਸਤੇ ਤਾਂ ਸੂਰਜ ਦੀ ਲੋੜ ਪੈਂਦੀ ਹੈ। ਉਦੋਂ ਦੇ ਅਜਿਹੇ ਮਾੜੇ ਸਮੇਂ ਵਿੱਚ ਬਾਬਾ ਨਾਨਕ ਸੂਰਜ ਬਣਕੇ ਆਏ ਜਿਨ੍ਹਾ ਨੇ ਲੋਕਾਂ ਦੇ ਮਨਾਂ ਤੋਂ ਵਹਿਮਾਂ ਭਰਮਾ, ਟੂਣੇ-ਟਾਮਣਾਂ, ਪਾਖੰਡਾਂ ਅਤੇ ਆਪਣੇ ਆਪ 'ਤੇ ਬੇਵਿਸ਼ਵਾਸੀ ਦਾ ਆਲਮ ਰੋਕਣ ਵਾਸਤੇ ਲੋਕਾਂ ਨੂੰ ਜਗਾਉਣ ਦੇ ਰਾਹੇ ਪਾਉਣ ਦਾ ਕਾਰਜ ਆਰੰਭਿਆ। ਪੂਰਾ ਜੀਵਨ ਸੱਚ ਦਾ ਹੋਕਾ ਦਿੱਤਾ, ਉਨ੍ਹਾਂ ਦੀਆਂ ਸਿਖਿਆਵਾਂ ਲੋਕਾਈ ਦੇ ਜੀਵਨ ਵਿਚੋਂ ਹਨੇਰਾ ਦੂਰ ਕਰਨ ਲੱਗੀਆਂ।

ਗੁਰੂ ਨਾਨਕ ਦੇਵ ਜੀ ਦਾ ਜਨਮ 15 ਅਪ੍ਰੈਲ 1469 ਨੂੰ ਰਾਇ ਭੋਇ ਦੀ ਤਲਵੰਡੀ ਵਿਖੇ ਵਿਖੇ ਹੋਇਆ (ਜੋ ਹੁਣ ਪਾਕਿਸਤਾਨ ਵਿਚ ਹੈ ਅਤੇ ਜਿਸਨੂੰ ਹੁਣ ਨਨਕਾਣਾ ਸਾਹਿਬ ਆਖਿਆ ਜਾਂਦਾ ਹੈ), । ਇਨ੍ਹਾਂ ਦੀ ਮਾਤਾ ਦਾ ਨਾਂ ਤ੍ਰਿਪਤਾ ਸੀ ਇਨ੍ਹਾਂ ਦੇ ਪਿਤਾ, ਮਹਿਤਾ ਕਾਲੂ ਜੋ ਪਿੰਡ ਤਲਵੰਡੀ ਵਿਖੇ ਮਾਲ ਮਹਿਕਮੇ ਦੇ ਪਟਵਾਰੀ ਸਨ ਅਤੇ ਉਸ ਇਲਾਕੇ ਦੇ ਇੱਕ ਮੁਸਲਮਾਨ ਜਿਮੀਂਦਾਰ ਰਾਇ ਬੁਲਾਰ ਹੇਠ ਨੌਕਰੀ ਕਰਦੇ ਸਨ। ਇਨ੍ਹਾਂ ਦੀ ਵੱਡੀ ਭੈਣ ਦਾ ਨਾਂ ਬੇਬੇ ਨਾਨਕੀ ਸੀ ।

1475 ਈ: ਵਿੱਚ ਆਪ ਨੂੰ ਗੋਪਾਲ ਪੰਡਿਤ ਕੋਲ ਪੜ੍ਹਨ ਭੇਜਿਆ ਗਿਆ। ਪੰਡਿਤ ਨਾਲ ਹੋਏ ਵਿਚਾਰ ਵਟਾਂਦਰੇ ਨੂੰ ਆਪ ਨੇ ਆਪਣੀ ਰਚਨਾ 'ਪੱਟੀ' ਵਿੱਚ ਦਰਜ਼ ਕੀਤਾ ਹੈ। 1478 ਈ: ਵਿੱਚ ਪੰਡਿਤ ਬ੍ਰਿਜਨਾਥ ਸ਼ਰਮਾ ਪਾਸ ਸੰਸਕ੍ਰਿਤ ਪੜ੍ਹਨ ਭੇਜਿਆ ਗਿਆ। ਸਿੱਖਿਆ ਪ੍ਰਾਪਤ ਕਰਦਿਆਂ ਉਸ ਨਾਲ ਵੀ ਗੁਰੂ ਜੀ ਨੇ ਸੁਚੱਜਾ ਵਿਚਾਰ ਵਟਾਂਦਰਾ ਕੀਤਾ। 1480 ਈ: ਵਿੱਚ ਫ਼ਾਰਸੀ ਪੜ੍ਹਨ ਲਈ ਕੁਤਬ ਦੀਨ ਮੌਲਾਨਾ ਪਾਸ ਭੇਜਿਆ ਗਿਆ। ਕਿਹਾ ਜਾਂਦਾ ਹੈ ਕਿ ਇਸ ਸਮੇਂ ਆਪ ਨੇ 'ਸੀਹਰਫੀ' ਉਚਾਰੀ ਜੋ ਜਨਮ ਸਾਖੀਆਂ ਵਿੱਚ ਮਿਲਦੀ ਹੈ।

ਬੇਬੇ ਨਾਨਕੀ ਦਾ ਵਿਆਹ ਜੈ ਰਾਮ ਨਾਲ ਸੁਲਤਾਨਪੁਰ ਲੋਧੀ ਵਿਖੇ ਹੋਇਆ ਜੋ ਲਾਹੌਰ ਦੇ ਗਵਰਨਰ ਦੌਲਤ ਖ਼ਾਨ ਦੇ ਮੋਦੀਖਾਨੇ ਵਿੱਚ ਕੰਮ ਕਰਦੇ ਸਨ। ਗੁਰੂ ਨਾਨਕ ਦਾ ਵੱਡੀ ਭੈਣ ਨਾਲ ਕਾਫ਼ੀ ਪਿਆਰ ਹੋਣ ਕਾਰਨ ਪੁਰਾਤਨ ਰਸਮਾਂ ਮੁਤਾਬਕ ਉਹ ਵੀ ਸੁਲਤਾਨਪੁਰ ਆਪਣੇ ਜੀਜੇ ਦੇ ਘਰ ਰਹਿਣ ਚਲੇ ਗਏ। ਉੱਥੇ ਉਹ 16 ਸਾਲ ਦੀ ਉਮਰ ਵਿੱਚ ਮੋਦੀਖਾਨੇ ਵਿੱਚ ਹੀ ਕੰਮ ਕਰਨ ਲੱਗ ਪਏ। ਪੁਰਾਤਨ ਜਨਮ-ਸਾਖੀਆਂ ਮੁਤਾਬਕ ਇਹ ਸਮਾਂ ਗੁਰੂ ਨਾਨਕ ਲਈ ਇੱਕ ਰਚਨਾਤਮਕ ਸਮਾਂ ਸੀ ਅਤੇ ਇਸ ਦੌਰਾਨ ਹੀ ਇਨ੍ਹਾਂ ਦੀ ਅਕਾਲ ਪੁਰਖ ਨੂੰ ਮਿਲਣ ਦੀ ਤਾਂਘ ਵਧੀ।

ਹੁਣ ਹਾਲਤ ਕੀ ਨੇ ਕਿ ਗੁਰੂ ਘਰਾਂ ਅੰਦਰ ਤੇ ਬਾਹਰ ਸ਼ਰਧਾਪੂਰਵਕ ਵਿਸ਼ੇਸ਼ ਸਮਾਗਮ ਕੀਤੇ ਜਾ ਰਹੇ ਹਨ। ਗੁਰੂ ਬਾਬੇ ਦੀਆਂ ਸਿੱਖਿਆਵਾਂ ਬਾਰੇ ਵਿਚਾਰਾਂ ਕਰਕੇ, ਉਨ੍ਹਾਂ ਦੀਆਂ ਸਿਖਿਆਵਾਂ ਨਾਲ ਜੁੜਨ ਦਾ ਸੱਦਾ ਦਿੱਤਾ ਜਾ ਰਿਹਾ ਹੈ, ਉਨ੍ਹਾਂ ਤੇ ਅਮਲ ਕਰਕੇ ਇਸ ਦੁਨੀਆਂ ਦੇ ਜੋ ਆਮ ਕੁਚੱਜੇ ਵਹਿਣ ਨੇ ਉਨ੍ਹਾਂ ਨੂੰ ਮਨੁੱਖਵਾਦੀ ਧਾਰਾ ਵੱਲ ਮੋੜਨ ਦੇ ਸੱਦੇ ਦਿੱਤੇ ਜਾ ਰਹੇ ਹਨ। ਇਹ ਕਾਰਜ ਬਹੁਤ ਔਖਾ ਹੈ, ਪਰ ਇੱਥੇ ਗੱਲ ਕਰਦਿਆਂ ਸਾਨੂੰ ਇਹ ਵੀ ਤਾਂ ਸੋਚਣਾ ਚਾਹੀਦਾ ਹੈ ਕਿ ਸਮਾਜ ਦੀ ਵਿਗੜ ਰਹੀ ਧਾਰਾ ਨੂੰ ਸਹੀ ਰਸਤੇ ਵੱਲ ਮੋੜਨਾ ਕੋਈ ਸੌਖਾਂ ਕੰਮ ਤਾਂ ਨਹੀਂ ਹੁੰਦਾ। ਇਸ ਬਾਰੇ ਸਖਤ ਮਿਹਨਤ-ਮੁਸ਼ੱਕਤ ਤਾਂ ਕਰਨੀ ਹੀ ਪਵੇਗੀ- ਸੋ, ਇਹ ਭਲਾਂ ਸੌਖਾ ਕਾਰਜ ਕਿਵੇਂ ਹੋ ਸਕਦਾ ਹੈ? ਪਰ ਇਨ੍ਹਾਂ ਸਿਖਿਆਵਾਂ ਨਾਲ ਜੁੜੇ ਬਗੈਰ ਅਤੇ ਉਨ੍ਹਾਂ ਉੱਤੇ ਅਮਲ ਕੀਤੇ ਬਿਨਾਂ ਸਭ ਵਿਖਿਆਨ ਥੋਥੇ ਹਨ ਜਿਵੇਂ ਆਮ ਹੀ ਕਿਹਾ ਜਾਂਦਾ ਹੈ ਕਿ ਕੋਈ ਵੀ ਥੀਊਰੀ ਜਾਂ ਵਿਚਾਰ ਜਦੋਂ ਤੱਕ ਉਸ ਉੱਤੇ ਹੁੰਦੇ ਅਮਲ ਨੂੰ ਨਾ ਪਰਖਿਆ ਜਾਵੇ ਉਸ ਦਾ ਪੂਰਾ ਸੱਚ ਪੱਲੇ ਨਹੀਂ ਪੈਂਦਾ। ਜੋ ਸੱਚ ਨੂੰ ਨਾ ਪਰਖੇ ਜਾਂ ਹੁੰਘਾਲੇ ਉਹ ਕਾਹਦਾ ਵਿਚਾਰ? ਲੋੜ ਹੈ ਅੱਜ ਦੀ ਸਥਿਤੀ ਤੇ ਘੋਖਵੀਂ ਤੇ ਡੂੰਘੀ ਨਜ਼ਰ ਮਾਰਨ ਦੀ ਵਿਚਾਰਨ ਤੇ ਪਰਖ ਕਰਨ ਦੀ। ਪਰਖ ਤੋਂ ਬਾਅਦ ਨਬੇੜੇ ਅਮਲਾਂ ਨਾਲ ਹੀ ਹੋਣੇ ਹਨ।



ਅੱਜ ਦਾ ਸਮਾਂ ਉਸ ਸਮੇਂ ਤੋਂ ਬਹੁਤ ਵੱਖਰਾ ਹੈ ਜਿਸ ਸਮੇਂ ਬਾਬਾ ਨਾਨਕ ਦਾ ਇਸ ਜੱਗ ਵਿੱਚ ਆਗਮਨ ਹੋਇਆ ਸੀ। ਉਦੋਂ ਸਮਾਜ ਅੰਦਰ ਸਿਰੇ ਦੀ ਗੁਰਬਤ ਸੀ, ਹਰ ਪਾਸੇ ਧੁੰਦ ਹੀ ਧੁੰਦ ਸੀ, ਵਹਿਮਾਂ ਭਰਮਾਂ ਵਿੱਚ ਸਾਡਾ ਸਮਾਜ ਗਰਕਿਆ ਪਿਆ ਸੀ, (ਸੈਂਕੜੇ ਸਾਲ ਬੀਤ ਜਾਣ ਤੋਂ ਬਾਅਦ ਵੀ ਅਸੀਂ ਅਜੇ ਉਸੇ ਜਿੱਲਣ ਵਿਚ ਫਸੇ ਬੈਠੇ ਹਾਂ) ਬ੍ਰਾਹਮਣੀ ਮੱਤ ਵਲੋਂ ਦਿੱਤੀ ਵਿਤਕਰੇ ਭਰਪੂਰ ਅਣਮਨੁੱਖੀ ਸੋਚ ਜਾਤ-ਪਾਤ ਦੇ ਅਧਾਰ 'ਤੇ ਮਨੁੱਖ ਦੇ ਚੰਗੇ ਮੰਦੇ ਹੋਣ ਦੀ ਪਰਖ ਕੀਤੀ ਜਾਂਦੀ ਸੀ। ਤਕੜਾ ਮਾੜੇ ਨੂੰ ਦਬਾਈ ਜਾ ਰਿਹਾ ਸੀ, ਮਾੜੇ ਦਾ ਜੀਣਾ ਬਹੁਤ ਔਖਾ ਸੀ। ਦਸਾਂ ਨੌਹਾਂ ਦੀ ਕਿਰਤ ਕਰਨ ਵਾਲਾ ਹੀ ਸਭ ਤੋਂ ਔਖਾ ਜੀਵਨ ਬਸਰ ਕਰਦਾ ਸੀ, ਵਿਹਲੜ ਉਦੋਂ ਵੀ ਅੱਜ ਦੇ ਵਿਹਲੜਾਂ ਵਾਂਗ ਹੀ ਮੌਜਾਂ ਮਾਣਦੇ ਸਨ। ਆਪਣੇ ਆਪ ਨੂੰ ਸਮਾਜ ਦੀ ਅਗਵਾਈ ਕਰਨ ਵਾਲੇ ਸੰਤ -ਮਹਾਤਮਾਂ ਕਹਾਉਂਦੇ ਲੋਕ ਪਾਖੰਡਾਂ ਵਿੱਚ ਗਲਤਾਨ ਸਨ ਜਿਵੇਂ ਅੱਜ ਹਨ, ਆਪਣੀ ਹੀ ਪੂਜਾ ਕਰਵਾਈ ਜਾਂਦੇ ਹਨ। ਉਨ੍ਹਾਂ ਨੂੰ ਸਮਾਜ ਨਾਲੋਂ ਵੱਧ ਆਪਣੇ ਸੁੱਖਾਂ ਭਰੇ ਜੀਵਨ ਦਾ ਫਿਕਰ ਸੀ। ਉਨ੍ਹਾਂ ਵਿੱਚੋਂ ਬਹੁਤ ਸਾਰੇ ਇਸ ਜੀਵਨ ਅਤੇ ਜਹਾਨ ਵਲੋਂ ਉਦਾਸ ਤੇ ਉਪਰਾਮ ਹੋਏ ਪਹਾੜੀ ਜਾ ਚੜ੍ਹੇ, ਭਗਤੀ ਦੀਆਂ ਗੱਲਾਂ ਕਰਨ ਲੱਗੇ। ਪਰ ਜੀਣ ਦੇ ਸਾਰੇ ਸਾਧਨ ਉਹ ਫੇਰ ਵੀ ਉਸ ਸਮਾਜ ਤੋਂ ਹੀ ਮੰਗਦੇ ਰਹੇ ਜਿਸ ਨੂੰ ਤਿਆਗਣ ਦਾ ਉਹ ਦਾਅਵਾ ਕਰਦੇ ਸਨ। ਪਰ ਜਿਸ ਸਮਾਜ ਨੂੰ ਚੰਗੀ ਅਗਵਾਈ ਦੀ ਲੋੜ ਹੋਵੇ ਜੇ ਉਦੋਂ ਆਪਣੇ ਆਪ ਨੂੰ ਸੇਧ ਦੇਣ ਵਾਲੇ ਵੀ ਸੇਧ ਹੀਣ ਹੋ ਜਾਣ ਤਾਂ ਉਸ ਸਮਾਜ ਨੂੰ ਢਹਿੰਦੀਆਂ ਕਲਾਂ ਵੱਲ ਜਾਣ ਤੋਂ ਕੋਈ ਨਹੀਂ ਰੋਕ ਸਕਦਾ। ਉਦੋਂ ਹਾਲਤ ਵੀ ਇਵੇਂ ਦੀ ਹੀ ਸੀ, ਤੇ ਹੋਇਆ ਵੀ ਇਵੇਂ ਹੀ ਸੀ।

ਜਿਹੜੇ ਵਿਹਲੜ ਜਾਂ ਤਾਕਤਵਰ ਲੋਕ ਕਿਰਤ ਕਰਨ ਵਾਲੇ ਹੱਥਾਂ ਤੋਂ ਖੋਹ ਕੇ ਖਾਣ ਦਾ ਕਾਰਜ ਕਰਦੇ ਸਨ ਉਨ੍ਹਾਂ ਵਲ ਦੇਖ ਕੇ ਹੀ ਬਾਬਾ ਨਾਨਕ ਨੇ ਹੱਥੀਂ ਕਿਰਤ ਕਰਕੇ ਖਾਣ ਅਤੇ ਵੰਡ ਛਕਣ ਦਾ ਉਪਦੇਸ਼ ਦਿੱਤਾ ਅਤੇ ਕਿਰਤ ਨੂੰ ਮਹਾਨਤਾ ਬਖਸ਼ਦਿਆਂ ਕਿਹਾ ਸੀ :

'ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ।॥' ਜਾਂ 'ਹਕੁ ਪਰਾਇਆ ਨਾਨਕਾ, ਉਸੁ ਸੂਅਰ, ਉਸੁ ਗਾਇ।।'

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਬਾਬਾ ਨਾਨਕ ਅਜਿਹੇ ਨਾਥ ਜੋਗੀਆਂ ਦੇ ਡੇਰਿਆਂ ਤੇ ਪਹੁੰਚੇ ਉਨ੍ਹਾਂ ਨਾਲ ਵਿਚਾਰਾਂ ਕੀਤੀਆਂ, ਉਨ੍ਹਾਂ ਨੂੰ ਠੀਕ ਰਾਹ ਦੀ ਦੱਸ ਪਾਈ। ਉਹ ਨਾਥ-ਜੋਗੀ ਸਾਧਾਰਨ ਬੁੱਧੀ ਵਾਲੇ ਨਹੀਂ ਸਗੋਂ ਦਾਨਿਸ਼ਵਰ ਸਨ (ਨਾਥ ਜੋਗੀਆਂ ਨਾਲ ਹੋਈ ਗੋਸ਼ਟਿ ਇਸਦਾ ਸਬੂਤ ਹੈ) ਪਰ ਕਿਸੇ ਉਪਰਮਤਾ ਭਰੀ ਝੂਠੀ ਰਵਾਇਤ ਦੇ ਲੜ ਲੱਗ ਕੇ ਸਮਾਜ ਤੋਂ ਮੂੰਹ ਮੋੜ ਗਏ ਸਨ। ਬਾਬਾ ਨਾਨਕ ਨੇ ਉਨ੍ਹਾਂ ਨੂੰ ਸਮਾਜ ਵਿਚ ਮੁੜ ਆਉਣ ਬਾਰੇ ਸਮਝਾਇਆ, ਗੱਲਾਂ-ਬਾਤਾਂ ਕੀਤੀਆਂ, ਲੋਕਾਂ ਦੀ ਹਾਲਤ ਦੱਸੀ ਅਤੇ ਸਮਾਜ ਅਤੇ ਸਾਂਝ, ਸਾਂਝੀਵਾਲਤਾ ਦੇ ਅਰਥ ਸਮਝਾਏ, ਜਿਨ੍ਹਾਂ ਨੂੰ ਗੋਸ਼ਟਿ ਭਾਵ ਵਿਚਾਰ- ਵਟਾਂਦਰਾ ਕਰਨਾ ਵੀ ਕਿਹਾ ਜਾਂਦਾ ਹੈ। ਅੱਜ ਸੋਚਦੇ ਹਾਂ ਕਿ ਇੱਥੋਂ ਹੀ ਅੱਜ ਦੀ ਗੋਸ਼ਟੀ, ਸੈਮੀਨਾਰ ਵਿਚਾਰ-ਵਟਾਂਦਰੇ ਆਦਿ ਦੀ ਸ਼ੁਰੂਆਤ ਹੋਈ ਹੋਵੇਗੀ, ਕਿ ਦੂਜੇ ਦੀ ਗੱਲ ਸੁਣਨੀ ਤੇ ਆਪਣੀ ਕਹਿਣ ਵਾਲੀ ਰਵਾਇਤ ਤੁਰੀ, ਜੋ ਅੱਜ ਦੇ ਸੰਸਾਰ ਅੰਦਰ ਹਰ ਪਾਸੇ ਹੀ ਵਰਤੀ ਜਾ ਰਹੀ ਹੈ। ਇਸੇ ਕਰਕੇ ਤਾਂ ਬਾਬੇ ਨਾਨਕ ਨੇ ਕਿਹਾ ਸੀ :-

ਜਬ ਲਗ ਦੁਨੀਆਂ ਰਹੀਏ ਨਾਨਕ
ਕਿਛੁ ਸੁਣੀਐਂ, ਕਿਛੁ ਕਹੀਐ।।

ਅਜਿਹੀ ਸਥਿਤੀ ਬਾਰੇ ਕਿਸੇ ਕਵੀ ਮਨ ਨੇ ਦੁੱਖ ਪ੍ਰਗਟ ਕਰਦਿਆਂ ਲਿਖਿਆ ਕਿ ਬਾਬੇ ਨੇ ਸਿੱਧਾਂ ਦੇ ਮਨ ਤਾਂ ਬਦਲੇ ਪਰ ਅਸੀਂ ਜੋ ਹਨੇਰਿਆਂ ਦੀ ਡੂੰਘੀ ਜਕੜ ਵਿਚ ਹਾਂ ਆਪਣੇ ਮਨਾਂ ਤੇ ਡੇਰਿਆਂ ਵਿਚ ਚਾਨਣ ਹੋਣ ਹੀ ਨਹੀਂ ਦੇਣਾ ਚਾਹੁੰਦੇ । ਕਵੀ ਕਹਿੰਦਾ ਹੈ :-

ਛੱਟਾ ਤਾਰਿਆਂ ਦਾ ਸੁੱਟਿਆ ਹਨੇਰਿਆਂ ਦੇ ਵਿਚ
ਲੱਖਾਂ ਕਿਰਨਾਂ ਬਖੇਰੀਆਂ ਸਵੇਰਿਆਂ ਦੇ ਵਿਚ।
ਸਿੱਧਾਂ ਜੋਗੀਆਂ ਦੇ ਅੰਬਰਾਂ 'ਚ ਤਾਰੇ ਚਾਹੜ ਦਿੱਤੇ
ਲੋਅ ਫੇਰ ਵੀ ਨਾ ਹੋਈ ਸਾਡੇ ਡੇਰਿਆਂ ਦੇ ਵਿਚ।

ਸਾਡੇ ਹੁਣ ਦੇ ਡੇਰੇ ਤਾਂ ਵੰਡਦੇ ਹੀ ਹਨੇਰਾ ਹਨ - ਇਨ੍ਹਾਂ ਤੋਂ ਬਚਣ ਦਾ ਹੋਕਾ ਦੇਣਾ ਸਾਡਾ ਵੀ ਤਾਂ ਫ਼ਰਜ਼ ਹੈ।

ਗੁਰੂ ਜੀ ਤਿੱਬਤ, ਲੰਕਾ ਅਤੇ ਅਰਬ ਦੇਸ਼ਾਂ ਵਿੱਚ ਵੀ ਗਏ। ਉੱਘੇ ਧਰਮ ਅਸਥਾਨਾਂ ਵਿੱਚ ਜਾ ਕੇ ਪੰਡਤਾਂ, ਮੁਲਾਣਿਆਂ ਅਤੇ ਆਮ ਲੋਕਾਂ ਨੂੰ ਅਸਲੀ ਧਰਮ ਦੀ ਸੋਝੀ ਕਰਵਾਈ। ਸੰਸਾਰ ਦੇ ਧਾਰਮਿਕ ਆਗੂਆਂ ਵਿਚੋਂ ਸਭ ਤੋਂ ਵੱਧ ਸਫਰ ਕਰਨ ਵਾਲੇ ਆਪ ਹੀ ਸਨ। ਆਪ ਨੇ ਬਾਣੀ ਰਾਹੀਂ ਥਾਂ-ਥਾਂ ਤੇ ਪ੍ਰਚਾਰ ਕੀਤਾ। ਆਪ ਨੇ ਕਾਵਿ ਰਚਨਾ ਬਚਪਨ ਤੋਂ ਹੀ ਆਰੰਭ ਕਰ ਦਿੱਤੀ ਸੀ। 1480 ਈ: ਵਿੱਚ ਸਮਾਜੀ ਸੰਸਕਾਰ ਦੀ ਪੂਰਤੀ ਲਈ ਬੁਲਾਏ ਗਏ ਪ੍ਰੋਹਤ ਨੂੰ ਗੁਰੂ ਜੀ ਨੇ ਜੰਞੂ ਬਾਰੇ ਗਿਆਨ ਦਿੱਤਾ। ਇਸ ਤਰ੍ਹਾਂ ਬਚਪਨ ਤੋਂ ਆਪ ਦਾ ਕਾਵਿ ਸਫਰ ਆਰੰਭ ਹੁੰਦਾ ਹੈ ਤੇ ਸਮਾਂ ਬੀਤਣ ਨਾਲ ਇਸ ਦਾ ਵਿਕਾਸ ਹੁੰਦਾ ਹੈ।

ਬਾਬਾ ਨਾਨਕ ਬਚਪਨ ਤੋਂ ਹੀ ਅਜਿਹੇ ਕਿਰਦਾਰ ਨਾਲ ਵਿਚਰਨ ਲੱਗੇ ਕਿ ਉਨ੍ਹਾਂ ਦਾ ਹਰ ਕਾਰਜ ਹੀ ਨਵਾਂ ਅਤੇ ਨਵੇਕਲਾ ਸੀ। ਉਦੋਂ ਦੀ ਸਮਾਜਿਕ ਰੀਤ ਸੀ ਕਿ ਜਦੋਂ ਬੱਚੇ ਨੂੰ ਸਮਾਜ ਵਿੱਚ ਸ਼ਾਮਲ ਕੀਤਾ ਜਾਂਦਾ ਸੀ ਤਾਂ ਬ੍ਰਾਹਮਣੀ ਰੀਤਾਂ ਅਨੁਸਾਰ ਉਸਦੇ ਗਲ ਵਿੱਚ ਜਨੇਊ ਪਾਇਆ ਜਾਂਦਾ ਸੀ। ਸੂਤ ਦੀ ਵੱਟੀ ਡੋਰ ਨੂੰ ਹੀ ਜਨੇਊ ਕਿਹਾ ਜਾਂਦਾ ਹੈ। ਜਦੋਂ ਪਿਤਾ ਕਾਲੂ ਅਤੇ ਮਾਤਾ ਤ੍ਰਿਪਤਾ ਨੇ ਆਪਣੇ ਘਰ ਪੰਡਿਤ ਨੂੰ ਬੁਲਾ ਕੇ ਨਾਨਕ ਦੇ ਗਲ ਜਨੇਊ ਪਾਉਣ ਵਾਸਤੇ ਕਿਹਾ ਤਾਂ ਇਸਦੇ ਨਾਲ ਕਹਾਣੀ ਜੋੜੀ ਜਾਂਦੀ ਹੈ ਕਿ ਬਾਬੇ ਨਾਨਕ ਨੇ ਅਜਿਹੇ ਜਨੇਊ ਦੀ ਮੰਗ ਕੀਤੀ ਕਿ ਜੋ ਦਇਆ ਭਰਪੂਰ ਹੋਵੇ, ਸਬਰ, ਸੰਜਮ ਤੇ ਸੰਤੋਖ ਵਾਲਾ ਹੋਵੇ, ਜੋ ਟੁੱਟੇ ਨਾ, ਜੋ ਜਲ਼ੇ ਨਾ ਤੇ ਮੈਲ਼ਾ ਨਾ ਹੋਵੇ,

ਆਦਿ ਇਹ ਬਹੁਤ ਪ੍ਰਚਾਰਿਆ ਜਾਂਦਾ ਹੈ ਤੇ ਦੱਸਿਆ ਜਾਂਦਾ ਹੈ ਕਿ ਪੰਡਿਤ ਨੂੰ ਕਿਹਾ ਸੀ :-

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ
ਏਹੁ ਜਨੇਊ ਜੀਅ ਕਾ ਹਈ ਤਾਂ ਪਾਂਡੇ ਘਤੁ ।

ਇਸ ਤਰ੍ਹਾਂ ਸਬਰ, ਸੰਤੋਖ, ਸੰਜਮ ਵਾਲੇ ਅਤੇ ਨਾ ਜਲਣ ਵਾਲੇ ਤੇ ਨਾ ਮੈ਼ਲਾ ਹੋਣ ਵਾਲੇ ਤੇ ਨਾ ਟੁੱਟਣ ਵਾਲੇ ਜਨੇਊ ਦੀ ਮੰਗ ਕਰਕੇ ਬਾਬੇ ਨਾਨਕ ਨੇ ਸੂਤ ਦੇ ਵੱਟੇ ਧਾਗਿਆਂ ਵਾਲੇ ਜਨੇਊ ਨੂੰ ਹੀ ਰੱਦ ਕਰ ਦਿੱਤਾ। ਕਿਹਾ ਜਾਂਦਾ ਹੈ ਕਿ ਪੰਡਤ ਅਜਿਹੇ ਜਨੇਊ ਬਾਰੇ ਜਾਣਦਾ ਹੀ ਕੁੱਝ ਨਹੀਂ ਸੀ ਜਿਹੜਾ ਬਾਬੇ ਨਾਨਕ ਨੇ ਮੰਗਿਆ। (ਬਾਲ ਨਾਨਕ ਵਲੋਂ ਉਸ ਸਮੇਂ ਦੱਸੀ ਜਾਂਦੀ ਕਹਾਣੀ ਬਾਰੇ ਮਾਪਿਆਂ ਦਾ, ਜਾਂ ਸਮਾਜ ਦਾ ਉਸ ਸਮੇਂ ਕੀ ਵਤੀਰਾ ਸੀ ਕਿਉਂਕਿ ਉਸ ਸਮੇਂ ਦੇ ਹਿੰਦੂ ਸਮਾਜ ਦੀ ਇਹ ਪੱਕੀ ਰੀਤ ਸੀ, ਇਸ ਬਾਰੇ ਖੋਜਣ ਤੋਂ ਬਾਅਦ ਵੀ ਕੋਈ ਹਵਾਲਾ ਨਹੀਂ ਲੱਭਦਾ) ਉਸ ਸਮੇਂ ਦਲੀਲ ਨਾਲ ਰਵਾਇਤੀ ਕਿਸਮ ਦੇ ਜਨੇਊ ਨੂੰ ਪਾਉਣ ਤੋਂ ਕਹੀ ਜਾਂਦੀ ਕੀਤੀ ਗਈ ਨਾਂਹ ਵਿਚੋਂ ਨਵਾਂ ਵਿਚਾਰ, ਨਵਾਂ ਰਾਹ ਭਾਵ ਸਿੱਖੀ ਦੇ ਰਾਹ ਦੀ ਧਾਰਾ ਫੁੱਟਦੀ ਹੈ, ਇਹ ਸਾਨੂੰ ਅੱਜ ਸਮਝਣਾ ਸੌਖਾ ਹੈ, ਉਦੋਂ ਭਾਵੇਂ ਔਖਾ ਲੱਗਿਆ ਹੋਵੇ। ਫਰਜ਼ ਕਰੋ ਬਾਬਾ ਨਾਨਕ ਉਸ ਦਿਨ ਜਦੋਂ ਪਿਤਾ ਕਾਲੂ ਜੀ ਨੇ ਪੰਡਿਤ ਨੂੰ ਘਰ ਸੱਦਿਆ ਜੇ ਉਦੋਂ ਪੰਡਿਤ ਦੇ ਕਹੇ ਜਨੇਊ ਪਾ ਲੈਂਦੇ ਤਾਂ ਕੀ ਅੱਜ ਇਹ ਸਥਿਤੀ ਹੁੰਦੀ ਜਿਸ ਵਿੱਚ ਆਪਾਂ ਸਾਰੇ ਗੁਜ਼ਰ ਰਹੇ ਹਾਂ, ਆਪਾਂ ਰਲਕੇ ਬੈਠਦੇ ਹਾਂ, ਸਾਂਝੀਆਂ ਵਿਚਾਰਾਂ ਕਰਦੇ ਹਾਂ ਇਹ ਉਸ ਦਿਨ ਬਾਬਾ ਨਾਨਕ ਵਲੋਂ ਰਵਾਇਤੀ ਕਿਸਮ ਦੇ ਜਨੇਊ ਪਾਉਣ ਤੋਂ ਕੀਤੀ ਗਈ ਨਾਂਹ ਦਾ ਸਿੱਟਾ ਹੀ ਹੈ ਕਿ ਇਹ ਨਵਾਂ ਰਾਹ ਤੁਰਿਆ ਜੋ ਸਿੱਖੀ ਦਾ ਰਾਹ ਬਣ ਗਿਆ। ਇਹ ਤਰਕ ਦਾ ਰਾਹ ਕਿਹਾ ਜਾ ਸਕਦਾ ਹੈ, ਇੱਥੋਂ ਅੰਧ ਵਿਸ਼ਵਾਸ ਤੇ ਤਰਕ ਦਾ ਨਖੇੜਾ ਹੁੰਦਾ ਹੈ। ਪਰ ਅਫਸੋਸ ਹੈ ਕਿ ਲੋਕ ਸਾਖੀਆਂ ਤੇ ਇਤਬਾਰ ਕਰਦੇ ਹਨ ਪਰ ਤਰਕ ਵਾਲੀ ਗੱਲ ਲੜ ਬੰਨਣੋਂ ਪਾਸਾ ਵੱਟ ਜਾਂਦੇ ਹਨ।

ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਬਾਬਾ ਨਾਨਕ ਤੋਂ ਪਹਿਲਾਂ ਕਬੀਰ ਜੀ ਨੇ ਵੀ ਇਸ ਰਾਹ ਨੂੰ ਰੱਦ ਕੀਤਾ ਤੇ ਭਗਤੀ ਲਹਿਰ ਦੇ ਬਾਕੀ ਰਹਿਬਰ ਜਾਂ ਹੋਰ ਭਗਤ ਉਸ ਸਮੇਂ ਦੇ ਬ੍ਰਾਹਮਣੀ ਕਰਮ ਕਾਂਡਾ ਨੂੰ ਰੱਦ ਕਰਨ ਵਾਲੇ ਸਭ ਤੋਂ ਪਹਿਲੇ ਸਨ। ਇਸੇ ਰਾਹ ਨੂੰ ਬਾਬਾ ਨਾਨਕ ਨੇ ਅੱਗੇ ਤੋਰਿਆ। ਬਹੁਤ ਸਾਰੇ ਸੂਝਵਾਨ ਇਸ ਮੱਤ ਦਾ ਪੱਕੇ ਹਮਾਇਤੀ ਹਨ ਕਿ ਭਗਤੀ ਲਹਿਰ ਦੀ ਸਿਖਰ ਹੀ ਸਿੱਖ ਲਹਿਰ ਦੀ ਬੁਨਿਆਦ ਬਣੀ ਸੀ। ਇਸ ਦਾ ਸਬੂਤ ਹੀ ਹੈ ਸਿੱਖਾਂ ਦੇ ਆਦਿ ਗ੍ਰੰਥ / ਧਾਰਮਿਕ ਵਿਚ ਭਗਤ ਬਾਣੀ ਦਾ ਸ਼ਾਮਲ ਹੋਣਾ। ਗੁਰੂਆਂ ਤੇ ਭਗਤਾਂ ਦੀ ਸਾਂਝੀ ਮੱਤ ਜੋ ਸਾਨੂੰ ਆਪਣੀ ਸੋਚ ਦਾ ਹਿੱਸਾ ਬਣਾ ਲੈਣੀ ਚਾਹੀਦੀ ਹੈ ਕਿ ਜਿਹੜੀ ਵੀ ਗੱਲ ਦਲੀਲ ਭਰਪੂਰ ਨਹੀਂ ਜਾਂ ਤਰਕ ਸੰਗਤ ਨਹੀਂ ਉਸ ਨੂੰ ਹੌਸਲੇ ਨਾਲ ਰੱਦ ਕਰ ਸਕੀਏ ਤਾਂ ਕਿ ਅਸੀਂ ਨੇਰ੍ਹਾ ਢੋਣ ਤੋਂ ਬਚ ਸਕੀਏ, ਕਿਸੇ ਵੀ ਗੱਲ ਬਾਰੇ ਸਹੀ ਫੈਸਲਾ ਲੈ ਸਕੀਏ। ਇਹ ਨਾਨਕ ਦਾ ਰਾਹ ਹੈ ਜੋ ਜੱਗ ਚਾਨਣ ਕਰਦਾ ਹੈ। ਪਰ ਬਹੁਤ ਵਾਰ ਅਸੀਂ ਇਸ ਦਲੀਲ ਭਰੇ ਰਾਹ ਤੋਂ ਪਾਸੇ ਜਾਂਦਿਆਂ ਅਣਜਾਣੇ ਹੀ ਵਹਿਮਾਂ-ਭਰਮਾਂ ਵਾਲੇ ਰਾਹ ਤੁਰ ਪੈਂਦੇ ਹਾਂ, ਇਸ ਵਿੱਚ ਔਖ ਨਹੀਂ, ਲੋਕ ਟੋਕਦੇ ਨਹੀਂ, ਕਿਉਂਕਿ ਪੈੜ ਵਿੱਚ ਪੈੜ ਰੱਖਣੀ ਸੌਖੀ ਹੁੰਦੀ ਹੈ। ਪਰ ਇਹ ਰਾਹ ਫੇਰ ਨਾਨਕ ਦਾ ਰਾਹ ਨਹੀਂ। ਨਵੇਂ ਰਾਹੇ ਤੁਰਨ ਕਰਕੇ ਤਾਂ ਬਾਬਾ ਨਾਨਕ ਨੂੰ ਸਮਾਜ ਅੰਦਰ ਜੀਅ ਰਹੇ ਦੰਭੀਆਂ ਨੇ ਕੁਰਾਹੀਆਂ ਤੇ ਬੇਤਾਲਾ ਤੱਕ ਕਿਹਾ। ਇੱਥੋਂ ਹੀ ਪਤਾ ਲਗਦਾ ਹੈ ਕਿ ਚੱਲ ਰਹੀ ਰੀਤ ਦੀ ਥਾਵੇਂ ਨਵਾਂ ਰਾਹ ਪਾਉਣਾ ਸੌਖਾ ਨਹੀਂ ਹੁੰਦਾ ਸਗੋਂ ਬਹੁਤ ਹੀ ਔਖਾ ਹੁੰਦਾ ਹੈ। ਇਸ ਬਾਰੇ ਜਿਗਰਾ ਕਰੜਾ ਕਰਕੇ ਬਹੁਤ ਕੁੱਝ ਸੁਣਨਾ ਤੇ ਸਹਿਣਾ ਪੈਂਦਾ ਹੈ, ਦਲੀਲ ਨਾਲ ਜਵਾਬ ਦੇਣਾ ਪੈਂਦਾ ਹੈ। ਕਿਸੇ ਵਿਚਾਰ ਦੀ ਮਹਾਨਤਾ ਇਸ ਕਰਕੇ ਬਣਦੀ ਹੈ ਕਿ ਸੱਚ ਦੇ ਲੜ ਲੱਗਿਆ ਆਪਣੀ ਤਰਕ ਭਰੀ ਜਿੱਦ ਨਾ ਛੱਡੇ।

ਬ੍ਰਾਹਮਣੀ ਸਮਾਜ ਵਲੋਂ ਔਰਤ ਨੂੰ ਪੈਰ ਦੀ ਜੁੱਤੀ ਕਹਿਣ ਅਤੇ ਅਜਿਹੇ ਹੀ ਕੁਲੈਹਣੇ ਹੋਰ ਨਹੋਰਿਆਂ ਦਾ ਗੁਰੂ ਸਾਹਿਬ ਨੇ ਵਿਰੋਧ ਕੀਤਾ। ਸਦੀਆਂ ਤੋਂ ਦੁਰਕਾਰੀ ਅਤੇ ਲਤਾੜੀ ਜਾ ਰਹੀ ਔਰਤ ਦੇ ਸਵੈਮਾਣ ਦੇ ਹੱਕ 'ਚ ਅਵਾਜ਼ ਬੁਲੰਦ ਕੀਤੀ ਤੇ ਕਿਹਾ :-

ਭੰਡਿ ਜੰਮੀਐ ਭੰਡ ਨਿੰਮੀਐ
ਭੰਡਿ ਮੰਗਣੁ ਵੀਆਹੁ।।
ਭੰਡਹੁ ਹੋਵੈ ਦੋਸਤੀ
ਭੰਡਹੁ ਚਲੈ ਰਾਹੁ ।।
ਭੰਡੁ ਮੂਆ ਭੰਡੁ ਭਾਲੀਐ
ਭੰਡਿ ਹੋਵੇ ਬੰਧਾਨ ।।
ਸੋ ਕਿਉਂ ਮੰਦਾ ਆਖੀਐ
ਜਿਤਿ ਜੰਮੈ ਰਾਜਾਨ ।।

ਅੱਜ ਦੇ ਸਮੇਂ ਸਾਨੂੰ ਆਪਣੇ ਜੀਵਨ ਆਪਣੇ ਘਰ ਤੇ ਆਪਣੇ ਸਮਾਜ ਜਾਂ ਆਪਣੇ ਆ਼ਲੇ-ਦੁਆ਼ਲੇ ਨਿਗਾਹ ਮਾਰ ਕੇ ਦੇਖਣਾ ਚਾਹੀਦਾ ਹੈ ਕਿ ਦਰਅਸਲ ਹੋ ਕੀ ਰਿਹਾ ਹੈ? ਕੀ ਬਾਬਾ ਨਾਨਕ ਵਲੋਂ ਆਪਣੇ ਸਮੇਂ ਵਿੱਚ ਲੋਕਾਈ ਨੂੰ ਦਿੱਤੇ ਉਪਦੇਸ਼ ਲੋਕਾਂ ਨੇ ਆਪਣੇ ਜੀਵਨ ਵਿੱਚ ਅਪਣਾਏ ਵੀ ਹਨ, ਜਾਂ ਫੇਰ ਅੱਜ ਅਸੀਂ ਢੋਲਕੀਆਂ-ਛੈਣੇ ਕੁੱਟਣ ਤੇ ਹੀ ਜੋਰ ਲਾਈ ਜਾ ਰਹੇ ਹਨ। ਕਿ ਬਾਬਾ ਨਾਨਕ ਹੀ ਫੇਰ ਆਵੇ ਤੇ ਉਹ ਹੀ ਸਭ ਕੁੱਝ ਕਰੇ। ਕੀ ਅਸੀਂ ਜਦੋਂ ਕਦੇ ਕੋਈ ਭਲਾਈ ਦਾ ਕੰਮ ਕਰਦੇ ਹਾਂ ਉਹ ਆਪਣੇ ਦਿਲੋਂ-ਮਨੋਂ ਕਰਦੇ ਹਾਂ ਜਾਂ ਸਮਾਜ ਵਿੱਚ ਆਪਣੀ ਟੌਹਰ ਬਨਾਉਣ ਖਾਤਰ ਜਾਂ ਲੋਕ ਦਿਖਾਵੇ ਵਾਸਤੇ ਹੀ ਕਰਦੇ ਹਾਂ। ਜੇ ਅਜਿਹਾ ਹੈ ਤਾਂ ਅਸੀਂ ਬਾਬੇ ਨਾਲ ਵੀ ਤੇ ਆਪਣੇ ਲੋਕਾਂ ਨਾਲ ਵੀ ਧੋਖਾ ਹੀ ਕਰ ਰਹੇ ਹੁੰਦੇ ਹਾਂ ਜੇ ਅਸਲ ਕਹਿਣਾ ਹੋਵੇ ਤਾਂ ਇੰਜ ਕਿਹਾ ਜਾ ਸਕਦਾ ਹੈ ਕਿ ਦਰਅਸਲ ਅਸੀਂ ਆਪਣੇ ਆਪ ਨਾਲ ਹੀ ਧੋਖਾ ਕਰ ਰਹੇ ਹੁੰਦੇ ਹਾਂ। ਜੋ ਬਾਬੇ ਦੀ ਸਿੱਖਿਆ ਨਹੀਂ ਸਗੋਂ ਉਸਦੇ ਉਲਟ ਹੈ, ਬਾਬੇ ਦੀ ਮੱਤ ਵਿਚ ਦਿਖਾਵੇ ਦੀ ਕੋਈ ਥਾਂ ਨਹੀਂ।

ਬਾਬੇ ਨਾਨਕ ਦੀਆਂ ਸਿਖਿਆਵਾਂ ਬਾਰੇ ਸੋਚਦਿਆਂ ਸਾਨੂੰ ਇਸ ਗੱਲ ਵੱਲ ਬਹੁਤ ਸੁਚੇਤ ਹੋਣਾ ਚਾਹੀਦਾ ਹੈ ਕਿ ਕੀ ਘਰ ਪਰਿਵਾਰ ਅੰਦਰ ਰਹਿੰਦੇ ਹੋਏ ਆਪਣਾ ਧਰਮ ਪਾਲਦੇ ਹਾਂ, ਆਪਣੇ ਮਾਤਾ ਪਿਤਾ, ਆਪਣੇ ਜੀਵਨ ਸਾਥੀ ਜਾਂ ਜੀਵਨ ਸਾਥਣ ਨੂੰ ਬਣਦਾ ਮਾਣ ਸਤਿਕਾਰ ਦੇ ਰਹੇ ਹਾਂ, ਕਿਧਰੇ ਮਨ ਵਿੱਚ ਇਸ ਨੂੰ ਵਾਧੂ ਦਾ ਪੁਆੜਾ ਤਾਂ ਨਹੀਂ ਸਮਝ ਰਹੇ? ਕੀ ਬੱਚਿਆਂ ਪ੍ਰਤੀ ਜਾਂ ਉਨ੍ਹਾਂ ਦੇ ਭਵਿੱਖ ਪ੍ਰਤੀ ਚਿੰਤਾਵਾਨ ਹੁੰਦੇ ਹੋਏ ਵੀ ਚਿੰਤਾ ਮੁਕਤ ਜੀਵਨ ਬਿਤਾਉਣ ਦੀ ਕੋਸ਼ਿਸ਼ ਕਰਦੇ ਹਾਂ। ਜਾਂ ਫੇਰ ਇੱਥੇ ਵੀ ਲੋਕ ਦਿਖਾਵਾ ਕਰਕੇ ਹੀ ਬੁੱਤਾ ਸਾਰਿਆ ਚਾਹੁੰਦੇ ਹਾਂ। ਕੀ ਅਸੀਂ ਬ੍ਰਾਹਮਣੀ ਮੱਤ ਵਲੋਂ ਸਿਰਜੇ ਜਾਤ ਪਾਤ ਵਾਲੇ ਵੰਡ ਪਾਊ ਅਣਮਨੁੱਖੀ, ਦੰਭੀ ਅਤੇ ਵਿਤਕਰੇ ਭਰੀ, ਮਨੁੱਖਾਂ ਨੂੰ ਹੀਣੇ ਕਰਨ ਵਾਲੀ ਸੋਚ ਤੋਂ ਖਹਿੜਾ ਛੁਡਵਾ ਲਿਆ ਹੈ? ਜੇ ਨਹੀਂ ਤਾਂ ਫੇਰ ਆਪਣੀ ਸੋਚ ਦੀ ਪੀੜ੍ਹੀ ਹੇਠ ਸੋਟਾ ਫੇਰਨ ਦਾ ਜਤਨ ਕਰੀਏ ਤੇ ਬਾਬੇ ਦੀ ਸਿੱਖਿਆ ਦੇ ਗਜ਼ ਨਾਲ ਆਪਣੇ ਅਮਲ ਪਰਖੀਏ। ਜੇ ਊਣੇ ਹੋਈਏ ਤਾਂ ਆਪਣੇ ਆਪ ਤੇ ਆਪਣੇ ਅਮਲਾਂ ਨੂੰ ਸੁਧਾਰਨ ਦਾ ਜਤਨ ਕਰੀਏ। ਸਮਾਜ ਨੂੰ ਸਤਿਕਾਰ ਦੇ ਕੇ ਆਪ ਸਤਿਕਾਰ ਦੇ ਪਾਤਰ ਬਣਨ ਦੀ ਕੋਸ਼ਿਸ਼ ਕਰੀਏ।

ਅੱਜ ਦੇ ਸਾਡੇ ਸਮਾਜਿਕ ਰਿਸ਼ਤੇ ਬਹੁਤ ਹੀ ਗੰਧਲੇ ਹੋ ਗਏ ਹਨ। ਜਾਇਦਾਦਾਂ ਜਾਂ ਕਿਸੇ ਹੋਰ ਗੱਲ ਨੂੰ ਲੈ ਕੇ ਜਾਂ ਹਊਮੈਂ ਖਾਤਰ ਭੈਣਾਂ-ਭਰਾਵਾਂ ਦੇ ਝਗੜੇ ਵੇਲੇ ਸਾਨੂੰ ਕਿਉਂ ਯਾਦ ਨਹੀਂ ਆਉਂਦਾ ਬੇਬੇ ਨਾਨਕੀ ਤੇ ਬਾਬੇ ਨਾਨਕ ਦਾ ਪਿਆਰ ਤੇ ਸਤਿਕਾਰ ਭਰਿਆ ਰਿਸ਼ਤਾ। ਇਸੇ ਹੀ ਤਰ੍ਹਾਂ ਜਦੋਂ ਨਿੱਤ ਦਿਨ

**(ਬਾਕੀ ਅਗਲੇ ਸਫੇ 'ਤੇ)**

# ਸਾਂਝੀਵਾਲਤਾ ਦਾ ਸੁਨੇਹਾ ਦਿੰਦੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿਖਿਆਵਾਂ

ਸੱਸ-ਨੂੰਹ, ਅਤੇ ਨਣਦ ਭਰਜਾਈ ਦੇ ਰਿਸ਼ਤੇ ਦੀਆਂ ਗੁੰਝਲਾਂ ਭਰੀਆਂ ਕਹਾਣੀਆਂ ਸੁਣਦੇ ਹਾਂ ਤਾਂ ਕਿਉਂ ਸਾਨੂੰ ਨਹੀਂ ਚੇਤਾ ਆਉਂਦਾ ਬੇਬੇ ਨਾਨਕੀ ਤੇ ਮਾਤਾ ਸੁਲੱਖਣੀ ਜੋ ਨਣਦ ਭਰਜਾਈ ਵੀ ਸਨ ਪਰ ਅਸਲ ਵਿੱਚ ਭੈਣਾਂ ਵਰਗਾ ਮੋਹ ਭਰਿਆ ਰਿਸ਼ਤਾ ਨਿਭਾਉਂਦੀਆਂ ਰਹੀਆਂ ਹਨ, ਜਦੋਂ ਬਾਬਾ ਨਾਨਕ ਦਾ ਸਹੁਰਾ ਪਰਿਵਾਰ ਸੁਲੱਖਣੀ ਬਾਰੇ ਫਿਕਰਮੰਦ ਹੋ ਕੇ ਨਾਨਕ ਦੇ ਪਰਿਵਾਰ ਨੂੰ ਆਪਣੀ ਧੀ ਬਾਰੇ ਫਿਕਰਮੰਦੀ ਬਾਰੇ ਕੁੱਝ ਆਖਦਾ ਹੈ ਤਾਂ ਬੇਬੇ ਨਾਨਕੀ ਹੀ ਸੁਲੱਖਣੀ ਬਾਰੇ ਉਨ੍ਹਾਂ ਨੂੰ ਬੇਫਿਕਰੇ ਹੋਣ ਦੀ ਆਖਦੀ ਹੈ। ਕੀ ਨਾਨਕ ਨਾਮ ਲੇਵਿਆਂ ਵਾਲੇ ਪਰਿਵਾਰਾਂ ਦੇ ਲੋਕ ਅੱਜ ਦੀਆਂ ਨਣਦਾਂ ਤੇ ਭਰਜਾਈਆਂ ਲਈ ਬੇਬੇ ਨਾਨਕੀ ਤੇ ਸੁਲੱਖਣੀ ਦੇ ਰਿਸ਼ਤੇ ਨੂੰ ਆਪਣਾ ਆਦਰਸ਼ ਨਹੀਂ ਬਣਾ ਸਕਦੀਆਂ? ਇਹ ਸਾਂਝਾਂ ਤੇ ਮੋਹ ਭਰਿਆ ਚਿੰਤਾ ਮੁਕਤ ਜੀਵਨ ਦਾ ਰਾਹ ਹੈ ਫੇਰ ਕਿਉਂ ਨਾ ਅਪਣਾਇਆ ਜਾਵੇ? ਕਿਉਂ ਨਾ ਅਜਿਹੀ ਸੋਚ ਦੇ ਲੜ ਲੱਗਿਆ ਜਾਵੇ? ਇਸੇ ਤਰ੍ਹਾਂ ਮਾਤਾ ਤ੍ਰਿਪਤਾ ਤੇ ਸੁਲੱਖਣੀ ਦਾ ਸੱਸ ਨੂੰਹ ਵਾਲਾ ਰਿਸ਼ਤਾ ਵੀ ਸਾਡੇ ਸਮਾਜ ਵਿੱਚ ਸੱਸਾਂ ਬਣਨ ਵਾਲੀਆਂ ਬੀਬੀਆਂ ਨੂੰ ਕਿਉਂ ਚੇਤੇ ਨਹੀਂ ਆਉਂਦਾ? ਇਹਦੇ ਵਿੱਚ ਭਲਾਂ ਔਕੜ ਕੀ ਹੈ? ਕਿਉਂ ਸਾਨੂੰ ਨਿੱਤ ਪੜ੍ਹਨ ਨੂੰ ਮਿਲਦਾ ਹੈ ਸੱਸ ਵਲੋਂ ਨੂੰਹ ਉੱਤੇ ਹੁੰਦੇ ਜੁਲਮ ਬਾਰੇ ਜਾਂ ਫੇਰ ਨਣਾਨ ਵਲੋਂ ਭਰਜਾਈ ਨਾਲ ਹੁੰਦੇ ਵਿਤਕਰੇ ਬਾਰੇ। ਕੀ ਹੈ ਇਹ ਸੋਚੀਏ ਤਾਂ ਸਹੀ ਕਿ ਅਸੀਂ ਕਿਹੜੇ ਰਾਹ ਪਏ ਹੋਏ ਹਾਂ? ਕੀ ਇਹ ਬਾਬੇ ਨਾਨਕ ਦੇ ਰਾਹ ਨੂੰ ਨਕਾਰਨ ਵਾਲਾ ਰਾਹ ਨਹੀਂ? ਬਾਬੇ ਦੇ ਸੁਨੇਹੇ ਨੂੰ ਆਪਣੇ ਜੀਵਨ ਵਿਚ ਲਾਗੂ ਤਾਂ ਕਰਨਾ ਹੀ ਪਵੇਗਾ ਕਿਉਂਕਿ ਇਹ ਸੱਚ ਦਾ ਰਾਹ ਹੈ।

ਬਾਬੇ ਨਾਨਕ ਦੀ ਸੋਚ ਨੂੰ ਅਪਨਾਉਣ ਵਾਲੇ ਸੱਚ ਦਾ ਸਾਥ ਦਿੰਦੇ ਹਨ। ਪਰ ਅੱਜ ਸਾਡੇ ਸਮਾਜ ਦੀ ਖਾਸ ਕਰਕੇ ਧਾਰਮਿਕ ਪੱਧਰ ਤੇ ਅਗਵਾਈ ਕਰਨ ਵਾਲਿਆਂ ਵਿਚੋਂ ਬਹੁਤੇ ਆਪ ਬਾਬੇ ਨਾਨਕ ਦੀ ਸੋਚ ਨਾਲ ਨਹੀਂ ਜੁੜੇ ਹੋਏ। ਜੇ ਉਨ੍ਹਾਂ ਨੂੰ ਆਪਣੇ ਸਵਾਰਥਾਂ ਖਾਤਰ ਇਹ ਕੁੱਝ ਕਰਨ ਵਾਲੇ ਭੇਖੀ ਜਾਂ ਦੰਭੀ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ? ਅਜਿਹੇ ਲੋਕਾਂ ਨੇ ਮਨੁੱਖਾਂ ਵਿੱਚ ਬ੍ਰਾਹਮਣੀ ਮੱਤ (ਝੂਠ ਤੇ ਕੁਸੱਤ) ਦੀ ਤਰਕ ਵਿਹੂਣੀ ਸੋਚ ਵਲੋਂ ਜਾਤ-ਪਾਤ ਤੇ ਅਧਾਰਤ ਪਾਈਆਂ ਵੰਡੀਆਂ ਮਿਟਣ ਨਹੀਂ ਦਿੱਤੀਆਂ। ਸਿਤਮ ਇੱਥੋਂ ਤੱਕ ਕਿ ਇਨ੍ਹਾਂ ਨੇ ਤਾਂ ਗੁਰੂ ਦੇ ਘਰ ਵੀ ਜਾਤ-ਪਾਤ ਦੇ ਅਧਾਰ ਤੇ ਵੰਡ ਲਏ, ਇਹ ਹੋਇਆ ਵੀ ਜਾਤ ਅਭਿਮਾਨੀਆਂ ਦੀ ਘਟੀਆਂ ਮਾਨਸਿਕਤਾ ਕਰਕੇ, ਅਫਸੋਸ ਕਿ ਅਜਿਹੇ ਲੋਕ ਆਪਣੇ ਆਪ ਨੂੰ ਬਾਬੇ ਨਾਨਕ ਦੇ ਨਾਮ ਲੇਵਾ ਵੀ ਆਖਦੇ ਹਨ। ਕੀ ਅਜਿਹੇ ਵਿਤਕਰੇ ਭਰਪੂਰ ਜੀਵਨ ਜੀਅ ਰਹੇ ਲੋਕਾਂ ਨੂੰ ਬਾਬੇ ਨਾਨਕ ਦੀ ਸੋਚ ਦੇ ਵਾਰਿਸ ਕਿਹਾ ਜਾ ਸਕਦਾ ਹੈ ? ਬਿਲਕੁੱਲ ਨਹੀਂ। ਕਦੇ ਵੀ ਨਹੀਂ!

ਚਾਨਣ ਦੀ ਲੋਅ ਗਿਆਨ ਬਣ ਪਸਰੀ। ਅਗਿਆਨ ਦੀ ਧੁੰਦ ਸਹਿਜੇ ਸਹਿਜੇ ਘਟਣ ਲੱਗੀ। ਦੂਜਿਆ ਦਾ ਹੱਕ ਮਾਰ ਕੇ ਜੀਊਣ ਵਾਲੇ ਮਲਕ ਭਾਗੋ ਨੂੰ ਫਿਟਕਾਰਿਆ ਅਤੇ ਹੱਕ ਹਲਾਲ ਦੀ ਸੁੱਚੀ ਕਿਰਤ ਕਰਨ ਵਾਲੇ ਭਾਈ ਲਾਲੋ ਨੂੰ ਸਤਿਕਾਰਿਆ ਅਤੇ ਉੱਚਾ ਦਰਸਾਇਆ। ਬਾਬਾ ਨਾਨਕ ਨੇ ਮਲਕ ਭਾਗੋ ਵਲੋਂ ਜ਼ਬਰ-ਜੁਲਮ ਅਤੇ ਠੱਗੀ ਦੇ ਜ਼ੋਰ ਇਕੱਠੇ ਕੀਤੇ ਮਾਹਲ-ਪੂੜਿਆਂ ਨੂੰ ਲੱਤ ਮਾਰ ਕੇ ਭਾਈ ਲਾਲੋ ਵਲੋਂ ਦਸਾਂ ਨੌਹਾਂ ਦੀ ਸੁੱਚੀ ਕਿਰਤ ਕਰਕੇ ਕਮਾਈ ਕੋਧਰੇ ਦੀ ਰੋਟੀ ਨੂੰ ਭਾਗ ਲਾਏ। ਲੁੱਟ ਦਾ ਮਾਲ ਛਕਣ ਵਾਲੇ ਅਤੇ ਕਿਰਤ ਕਰਕੇ ਖਾਣ ਵਾਲਿਆਂ ਦੇ ਫਰਕ ਨੂੰ ਦਰਸਾਇਆ, ਨਾਨਕ ਨੇ ਕਿਰਤ ਅਤੇ ਕਿਰਤੀ ਦੋਹਾਂ ਨੂੰ ਵਡਿਆਇਆ ਤੇ ਸਤਿਕਾਰਿਆ।

ਕਦੇ ਵੀ ਹੱਥੀਂ ਡੱਕਾ ਭੰਨ ਕੇ ਦੂਹਰਾ ਨਾ ਕਰਨ ਵਾਲੇ ਆਪੇ ਬਣੇ ਅੱਜ ਦੇ "ਮਹਾਂਪੁਰਸ" ਲੋਕਾਂ ਨੂੰ ਸੱਚੀ ਕਿਰਤ ਕਰਨ ਦਾ ਸੁਨੇਹਾ ਦਿੰਦੇ ਫਿਰਦੇ ਹਨ। ਮੱਤਾਂ ਦਿੰਦੇ ਫਿਰਦੇ ਇਹ ਐਸ਼ ਧਾਰੀ ਸਾਧ-ਸੰਤ ਪਰ ਆਪ ਇਸ ਅਮਲ ਤੋਂ ਸੱਖਣੇ ਹਨ ਬਿਲਕੁੱਲ ਕੋਰੇ। ਸਗੋਂ ਆਪ ਰਾਜਿਆਂ-ਰਜਵਾੜਿਆਂ ਵਾਲਾ ਜੀਵਨ ਬਤੀਤ ਕਰ ਰਹੇ ਹਨ, ਮਹੱਲਾਂ ਵਰਗੇ ਆਪਣੇ ਡੇਰੇ ਉਸਾਰਦੇ ਹਨ। ਆਪਣਿਆਂ ਡੇਰਿਆਂ ਵਿੱਚ ਹੀ ਆਪਣੇ ਜਾਤੀ ਸੇਵਾਦਾਰ ਰੱਖਦੇ ਹਨ, ਉਨ੍ਹਾਂ ਨੂੰ ਉਹ ਗੜਵਈ ਆਖਦੇ ਹਨ। ਇਹ ਨਾਮ ਜਪਾਉਣ ਵਾਲੇ ਨਹੀਂ ਮਹਿੰਗੇ ਭਾਅ ਨਾਮ ਵੇਚਣ ਵਾਲੇ ਧਰਮ ਦੇ ਨਾਂ 'ਤੇ ਦੰਦਾ ਕਰਨ ਵਾਲੇ ਵਪਾਰੀ ਹਨ। ਲੋੜ ਹੈ ਲੋਕ ਇਨ੍ਹਾਂ ਦੇ ਕੁਸੱਤ ਨੂੰ ਪਹਿਚਾਨਣ।

ਸਾਂਝੀਵਾਲਤਾ ਦਾ ਰੂਪ ਸੀ ਬਾਬਾ ਨਾਨਕ ਤੇ ਭਾਈ ਮਰਦਾਨੇ ਦੀ ਜੋੜੀ, ਮਰਦਾਨੇ ਨੂੰ ਬੇਗਾਨਾ ਤੇ ਛੋਟਾ ਨਹੀਂ ਕਿਹਾ, ਨਹੀਂ ਸਮਝਿਆ ਸਗੋਂ ਭਾਈ ਕਿਹਾ। ਦੁਨੀਆਂ ਦਾ ਸਭ ਤੋਂ ਪਿਆਰਾ ਰਿਸ਼ਤਾ ਗੰਢਿਆ, ਜਿਸ ਦੀ ਦੂਜੀ ਕੋਈ ਮਿਸਾਲ ਨਹੀਂ ਮਿਲਦੀ। ਭਾਈ ਮਰਦਾਨੇ ਨੂੰ ਨਾਲ ਲੈ ਕੇ ਸਾਰੀ ਦੁਨੀਆਂ ਗਾਹੀ। ਗੁਰੂ ਬਾਬਾ ਨਾਨਕ ਗਿਆਨ ਵੰਡਣ ਤੁਰੇ ਉਦਾਸੀਆਂ ਦੇ ਰੂਪ ਵਿੱਚ ਸਫਰ ਕਰਦੇ ਆਪਣੇ ਸਾਥੀ ਮਰਦਾਨੇ (ਭਾਈ) ਨਾਲ ਦੂਰ ਦੁਰਾਡੇ ਤੱਕ ਪਹੁੰਚੇ। (ਮਰਦਾਨੇ ਨੇ ਵੀ ਉਮਰ ਭਰ ਭਾਈ ਵਾਲਾ ਫ਼ਰਜ਼ ਨਿਭਾਇਆ) ਜਿੱਥੇ ਵੀ ਗਏ ਲੋਕਾਂ ਨੂੰ ਸੰਵਾਦ ਰਾਹੀਂ ਵਿਚਾਰ ਦੇ ਲੜ ਲਾਉਣ ਦਾ ਜਤਨ ਕੀਤਾ। ਸੂਝ ਵਿਹੂਣੇ ਲੋਕਾਂ ਦੇ ਹਨੇਰੇ ਮਨਾਂ ਵਿੱਚ ਸੂਝ ਦੇ, ਗਿਆਨ ਦੇ ਦੀਵੇ ਬਾਲ਼ੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸੱਚ ਦੇ ਸੰਦੇਸ਼ ਨੂੰ ਦੂਰ ਦੁਰਾਡੇ ਤੱਕ ਪਹੁੰਚਾਉਣ ਵਾਸਤੇ ਕਈ ਪੜਾਵਾਂ ਵਿਚ ਸੰਸਾਰ-ਯਾਤਰਾ ਆਰੰਭ ਕੀਤੀ, ਜਿਨ੍ਹਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ ਬਾਬੇ ਨਾਨਕ ਵਲੋਂ ਕੀਤੀਆਂ ਉਦਾਸੀਆਂ ਬਾਰੇ ਭਾਈ ਗੁਰਦਾਸ ਜੀ ਦਾ ਕਥਨ ਹੈ:

ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
ਚੜ੍ਹਿਆ ਸੋਧਣਿ ਧਰਤਿ ਲੁਕਾਈ॥ (ਵਾਰ 1:24)

ਇਨ੍ਹਾਂ ਉਦਾਸੀਆਂ ਬਾਰੇ ਦਾ ਥੋੜਾ ਜਿਹਾ ਵੇਰਵਾ - ਜੋ ਗੁਰਮਤ ਪ੍ਰਕਾਸ਼ ਵਿਚੋਂ ਧੰਨਵਾਦ ਸਹਿਤ ਲਿਆ ਹੈ :

ਪਹਿਲੀ ਉਦਾਸੀ ਜੋ ਪੂਰਬ ਵਾਲੀ ਉਦਾਸੀ ਕਹੀ ਜਾਂਦੀ ਹੈ :

ਪ੍ਰੋ. ਸਾਹਿਬ ਸਿੰਘ ਜੀ ਅਨੁਸਾਰ ਪਹਿਲੀ ਉਦਾਸੀ ਦਾ ਸਮਾਂ 8 ਸਾਲ ਦਾ ਬਣਦਾ ਹੈ ਸੰਨ 1507 ਤੋਂ 1515 ਈ. ਤਕ। ਇਸ ਯਾਤਰਾ ਦੌਰਾਨ ਆਪ ਜੀ ਨੇ ਛੇ-ਸੱਤ ਹਜ਼ਾਰ ਮੀਲ ਦਾ ਸਫ਼ਰ ਕੀਤਾ। ਇਸ ਉਦਾਸੀ ਵਿਚ ਬਾਬਾ ਨਾਨਕ ਨੇ ਪ੍ਰਸਿੱਧ ਹਿੰਦੂ ਤੀਰਥਾਂ ਹਰਿਦੁਆਰ, ਗੋਰਖ ਮਤਾ, ਅਯੁੱਧਿਆ, ਪ੍ਰਯਾਗ, ਬਨਾਰਸ, ਗਯਾ, ਜਗਨਨਾਥਪੁਰੀ, ਮਦੁਰਾਈ, ਰਾਮੇਸ੍ਵਰਮ, ਸੋਮਨਾਥ, ਦਵਾਰਕਾ, ਪੁਸ਼ਕਰ, ਮਥਰਾ, ਬਿੰਦਰਾਬਨ ਅਤੇ ਕੁਰੂਕਸ਼ੇਤਰ ਆਦਿ ਤੋਂ ਇਲਾਵਾ ਸਿੰਗਲਾ ਦੀਪ, ਸਿੱਕਮ, ਆਸਾਮ, ਬੰਗਾਲ, ਉੜੀਸਾ, ਦਰਾਵੜ ਦੇਸ਼ ਬੰਬਈ, ਔਰੰਗਾਬਾਦ, ਉਜੈਨ, ਕੱਛ, ਅਜਮੇਰ ਆਦਿ ਸਥਾਨਾਂ ਦੀ ਯਾਤਰਾ ਕੀਤੀ। ਇਸ ਉਦਾਸੀ ਦੌਰਾਨ ਹੀ ਸਤਿਗੁਰੂ ਜੀ ਨੇ ਆਪਣੇ ਅਧਿਆਤਮਕ ਅਨੁਭਵਾਂ ਨੂੰ ਇਕ ਸੁਨਿਸ਼ਚਿਤ ਤੇ ਵਿਧੀਵਤ ਜੀਵਨਦਰਸ਼ਨ ਦਾ ਰੂਪ ਦਿੱਤਾ ਅਤੇ ਇਸ ਦੇ ਪ੍ਰਚਾਰ ਲਈ ਕੇਂਦਰ ਸਥਾਪਤ ਕਰਨ ਦੀ ਯੋਜਨਾ ਬਣਾਈ। ਇਸ ਉਦਾਸੀ ਤੋਂ ਵਾਪਸ ਆ ਕੇ ਆਪ ਜੀ ਆਪਣੇ ਕੁਝ ਕੁ ਪ੍ਰਮੁੱਖ ਸਿੱਖ ਸ਼ਰਧਾਲੂਆਂ ਦੀ ਸਹਾਇਤਾ ਨਾਲ ਗੁਰਦਾਸਪੁਰ ਜ਼ਿਲ੍ਹੇ ਵਿਚ ਰਾਵੀ ਦੇ ਕੰਢੇ 'ਤੇ ਇਕ ਨਵਾਂ ਪਿੰਡ ਕਰਤਾਰਪੁਰ ਵਸਾਇਆ। ਜਦੋਂ ਇਥੇ ਇਕ ਛੋਟੀ ਜਿਹੀ ਧਰਮਸ਼ਾਲ ਬਣ ਗਈ ਤਾਂ ਆਪ ਜੀ ਦੇ ਮਾਤਾ-ਪਿਤਾ ਵੀ ਇਥੇ ਹੀ ਆ ਗਏ। ਭਾਈ ਮਰਦਾਨਾ ਜੀ ਦਾ ਪਰਵਾਰ ਵੀ ਇਥੇ ਹੀ ਆ ਵੱਸਿਆ। ਕੁਝ ਚਿਰ ਸਤਿਗੁਰੂ ਜੀ ਨਗਰ ਵਸਾਉਣ ਦੇ ਆਹਰ ਵਿਚ ਰੁੱਝੇ ਰਹੇ ਪਰੰਤੂ ਛੇਤੀ ਹੀ ਦੂਜੀ ਉਦਾਸੀ ਲਈ ਚੱਲ ਪਏ।

ਇੱਥੇ ਚੇਤੇ ਰੱਖਣ ਵਾਲੀ ਗੱਲ ਹੈ ਕਿ ਜਗਨਨਾਥ ਪੁਰੀ ਦੇ ਮੰਦਰਾਂ ਵਿਚ ਜਦੋਂ ਬਾਬੇ ਨੇ ਧੂਫਾਂ ਧੁਖਾ ਕੇ, ਥਾਲ਼ਾਂ ਵਿਚ ਦੀਵੇ ਜਗਾ ਕੇ ਮਨ ਮਤੀਆਂ ਵਲੋਂ ਬੇਕਾਰ ਕਿਸਮ ਦੀਆਂ ਆਰਤੀਆਂ ਹੁੰਦੀਆਂ ਦੇਖੀਆਂ ਤਾਂ ਆਪ ਆਰਤੀ ਲਿਖੀ :

ਗਗਨ ਮੈਂ ਥਾਲੁ ਰਵਿ ਚੰਦ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲ ਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥ 1॥
ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ॥

****

ਇੱਥੇ ਇਕ ਖਾਸ ਗੱਲ ਦਰਜ ਕਰਨੀ ਕੁਥਾਵੀਂ ਨਹੀਂ ਹੋਵੇਗੀ। ਕਿਸੇ ਨੇ ਸਾਹਿਤ ਦੇ ਨੋਬਲ ਇਨਾਮ ਜੇਤੂ ਰਵਿੰਦਰ ਨਾਥ ਟੈਗੋਰ ਨੂੰ ਪੁੱਛਿਆ ਸੀ ਕਿ ਤੁਸੀਂ ਮੁਲਕ ਦਾ ਕੌਮੀ ਗੀਤ 'ਜਨ ਗਨ ਮਨ' ਲਿਖਿਆ ਹੈ ਕੀ ਤੁਸੀਂ ਕਦੇ ਕੋਈ ਵਿਸ਼ਵ ਗੀਤ ਵੀ ਲਿਖੋਗੇ ਤਾਂ ਟੈਗੋਰ ਜੀ ਨੇ ਜਵਾਬ ਦਿੱਤਾ ਸੀ ਕਿ ਵਿਸ਼ਵ ਗੀਤ ਤਾਂ ਬਹੁਤ ਪਹਿਲਾਂ ਗੁਰੂ ਨਾਨਕ ਦੇਵ ਜੀ ਵਲੋਂ ਲਿਖ ਦਿੱਤਾ ਗਿਆ ਸੀ। ਟੈਗੋਰ ਦੇ ਕਹਿਣ ਅਨੁਸਾਰ :

ਗਗਨ ਮੈਂ ਥਾਲੁ ਰਵਿ ਚੰਦ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲ ਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥ 1॥
ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥

ਵਿਸ਼ਵ ਗੀਤ ਹੀ ਤਾਂ ਹੈ - ਉਨ੍ਹਾਂ ਨੇ ਇਸ ਨੂੰ ਕਿਸੇ ਹੋਰ ਥਾਵੇਂ ਬ੍ਰਹਿਮੰਡੀ ਗੀਤ ਵੀ ਕਿਹਾ ਸੀ।

ਦੂਜੀ ਉਦਾਸੀ ਉੱਤਰ ਦੀ -

ਦੂਜੀ ਉਦਾਸੀ ਦੋ-ਤਿੰਨ ਕੁ ਸਾਲਾਂ ਦੀ ਸੀ। ਪ੍ਰੋ. ਸਾਹਿਬ ਸਿੰਘ ਅਨੁਸਾਰ ਇਹ ਉਦਾਸੀ ਸੰਨ 1517 ਤੋਂ 1518 ਤਕ ਦੀ ਸੀ। ਇਸ ਉਦਾਸੀ ਦੌਰਾਨ ਗੁਰੂ ਜੀ ਨੇ ਜੰਮੂ ਤੇ ਕਸ਼ਮੀਰ ਦੀ ਯਾਤਰਾ ਕੀਤੀ। ਆਪ ਗਿਆਨ ਕੋਟ ਅਤੇ ਜੰਮੂ ਤੋਂ ਹੁੰਦੇ ਹੋਏ ਪਹਿਲਾਂ ਵੈਸ਼ਨੋ ਦੇਵੀ ਗਏ, ਫਿਰ ਮਟਨ ਵਿਚ ਅਮ-ਰਨਾਥ ਤੇ ਉਸ ਤੋਂ ਵੀ ਪਰ੍ਹੇ ਬਰਫ਼ਾਂ ਲੱਦੀ ਪਰਬਤ ਮਾਲਾ ਉੱਤੇ, ਜਿਥੇ ਕੁਝ ਸਿੱਧਾਂ ਨਾਲ ਆਪ ਜੀ ਦਾ ਸੰਵਾਦ ਹੋਇਆ।

ਭਾਈ ਗੁਰਦਾਸ ਜੀ ਦਾ ਕਥਨ ਹੈ:

-ਫਿਰਿ ਜਾਇ ਚੜ੍ਹਿਆ ਸੁਮੇਰ ਪਰਿ ਸਿਧਿ ਮੰਡਲੀ ਦ੍ਰਿਸਟਿ ਆਈ।(ਵਾਰ 1:28)
- ਸਬਦਿ ਜਿਤੀ ਸਿਧਿ ਮੰਡਲੀ...। (ਵਾਰ 1:31)

ਤੀਜੀ ਉਦਾਸੀ ਪੱਛਮ ਵਲ ਕੀਤੀ :

ਤੀਜੀ ਉਦਾਸੀ (ਸੰਨ 1518 ਤੋਂ 1521) ਤਕ ਹੈ, ਆਪ ਜੀ ਕਰਤਾਰਪੁਰ ਤੋਂ ਪੱਛਮ (ਮੱਧ ਪੂਰਬ) ਦੇ ਦੇਸ਼ਾਂ ਦੀ ਯਾਤਰਾ ਲਈ ਚੱਲੇ।

ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ : ਬਾਬਾ ਫਿਰਿ ਮੱਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ। (ਵਾਰ 1:32)

ਜਦੋਂ ਬਾਬਾ ਮੱਕੇ ਗਿਆ ਓਥੇ ਮੌਲਾਨਿਆਂ ਨੇ ਉਨ੍ਹਾਂ ਤੋਂ ਪੁੱਛਿਆ ਕਿ - 'ਦੱਸੋ, ਹਿੰਦੂ ਵੱਡਾ ਹੈ ਕਿ ਮੁਸਲਮਾਨ'। ਗੁਰੂ ਸਾਹਿਬ ਦਾ ਜਵਾਬ ਸੀ ਕਿ ਇੱਥੇ ਗੱਲ ਮੁਸਲਮਾਨ ਜਾਂ ਹਿੰਦੂ ਹੋਣ ਦੀ ਨਹੀਂ, ਗੱਲ ਤਾਂ ਮਨੁੱਖ ਦੇ ਰੂਪ ਵਿਚ ਉਸ ਦੇ ਕੀਤੇ ਕਰਮਾਂ ਦੀ ਹੈ।

ਭਾਈ ਗੁਰਦਾਸ ਜੀ ਅਨੁਸਾਰ :

ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ।
ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।
(ਵਾਰ 1, ਪੌੜੀ 33)

ਓਪਰੀਆਂ ਧਰਤੀਆਂ ਓਪਰੇ ਲੋਕ ਪਰ ਸਤਿਗੁਰੂ ਜੀ ਨੂੰ ਤਾਂ ਕੁਝ ਵੀ ਓਪਰਾ ਨਹੀਂ ਸੀ ਲੱਗਦਾ। ਸਾਰੇ ਹੀ ਆਪਣੇ ਸਨ। ਇਸ ਵਾਰ ਆਪ ਜੀ ਕਰਤਾਰਪੁਰ ਤੋਂ ਤੁਰੇ ਤਾਂ ਕਸੂਰ, ਪਾਕਪਟਨ, ਤੁਲੰਭਾ, ਮੁਲਤਾਨ, ਬਹਾਵਲਪੁਰ, ਸ਼ੱਖਰ ਆਦਿ ਕਈ ਥਾਵਾਂ ਤੋਂ ਹੁੰਦੇ ਹੋਏ ਮੁਸਲਿਮ ਹਾਜ਼ੀਆਂ ਦੇ ਕਾਫ਼ਿਲੇ ਵਿਚ ਸ਼ਾਮਿਲ ਹੋ ਕੇ ਮਕਰਾਨ ਦੇ ਇਲਾਕੇ ਵਿਚ ਪੁੱਜੇ। ਫਿਰ ਮੱਕੇ ਗਏ। ਮੱਕੇ ਹਾਜ਼ੀਆਂ ਨਾਲ ਗੁਰੂ ਜੀ ਦਾ ਵਿਚਾਰ-ਵਟਾਂਦਰਾ ਹੋਇਆ। ਰੁਕਨਦੀਨ ਨਾਲ ਬਹਿਸ ਹੋਈ। ਫਿਰ ਮਦੀਨੇ ਗਏ, ਫਿਰ ਬਸਰੇ ਤੇ ਬਸਰੇ ਤੋਂ ਕਰਬਲਾ, ਫਿਰ ਬਗ਼ਦਾਦ।

ਇਸ ਫੇਰੀ ਵਿਚ ਬਾਬਾ ਨਾਨਕ ਜੀ ਦੇ ਜਿਹੜੇ ਚਿਤਰ ਮਿਲਦੇ ਹਨ ਉਨ੍ਹਾਂ ਵਿਚ ਬਾਬਾ ਨਾਨਕ ਨੇ ਸੇਲੀ ਟੋਪੀ ਪਹਿਨੀ ਹੋਈ ਹੁੰਦੀ ਹੈ। ਇਹ ਗੱਲ ਸੁਭਾਵਕ ਹੀ ਲਗਦੀ ਹੈ ਕਿਉਂਕਿ ਮੱਕਾ ਜਾਂ ਮਦੀਨਾ ਜਾਣ ਦੀ ਇਜਾਜ਼ਤ ਵੀ ਸਿਰਫ ਮੁਸਲਮਾਨਾਂ ਨੂੰ ਹੀ ਸੀ ਉਹੋ ਜਿਹਾ ਰੂਪ ਧਾਰਨਾ ਕੋਈ ਅਲੋਕਾਰ ਗੱਲ ਨਹੀਂ ਲਗਦੀ। ਇਸ ਫੇਰੀ ਦਾ ਵਰਨਣ ਭਾਈ ਗੁਰਦਾਸ ਜੀ ਨੇ ਕੀਤਾ ਹੈ - ਭਾਈ ਗੁਰਦਾਸ ਜੀ ਨੇ ਬਾਲੇ ਵਾਲਾ ਭੁਲੇਖਾਂ ਵੀ ਕੱਢਿਆ ਹੈ ਜਦੋਂ ਉਹ ਲਿਖਦੇ ਹਨ :

ਫਿਰਿ ਬਾਬਾ ਗਇਆ ਬਗਦਾਦਿ ਨੋ ਬਾਹਰਿ ਜਾਇ ਕੀਆ ਅਸਥਾਨਾ। ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ। (ਵਾਰ 1:35)

ਰਾਗ ਨੂੰ ਹਰਾਮ ਸਮਝੇ ਜਾਣ ਵਾਲੇ ਸ਼ਹਿਰ ਵਿਚ ਕੀਰਤਨ, ਸੱਤ ਜ਼ਿਮੀਂ, ਅਸਮਾਨ ਮੰਨਣ ਵਾਲਿਆਂ ਨੂੰ 'ਪਾਤਾਲਾ ਪਾਤਾਲ, ਲਖ ਆਗਾਸਾ ਆਗਾਸ' ਦੱਸਦੇ ਹੋਏ ਫਿਰ ਬਗ਼ਦਾਦ ਤੋਂ ਇਸਫਰਾਨ, ਤਹਿਰਾਨ, ਮਸਤੱਕ ਬੁਖ਼ਾਰਾ ਤੇ ਸਮਰਕੰਦ ਹੁੰਦੇ ਹੋਏ ਕਾਬੁਲ ਤੇ ਜਲਾਲਾਬਾਦ ਦੇ ਰਸਤੇ ਰਾਵਲਪਿੰਡੀ ਦੇ ਲਾਗੇ ਹਸਨ ਅਬਦਾਲ ਪੁੱਜੇ। ਫਿਰ ਐਮਨਾਬਾਦ ਤੋਂ ਕਰਤਾਰਪੁਰ। ਇਸ ਉਦਾਸੀ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੁਸਲਿਮ ਵਿਸ਼ਵਾਸਾਂ, ਰਹੁਰੀਤਾਂ ਤੇ ਧਰਮ-ਗ੍ਰੰਥਾਂ ਦਾ ਡੂੰਘਾ ਅਧਿਐਨ ਕੀਤਾ ਕਿਹਾ ਜਾਂਦਾ ਹੈ। ਐਮਨਾਬਾਦ ਬਾਬਰ ਦਾ ਹਮਲਾ ਹੋਇਆ, ਜਿਸ ਦਾ ਵਰਣਨ ਆਪ ਜੀ ਨੇ ਆਪਣੀ ਬਾਣੀ ਵਿਚ ਕੀਤਾ।

ਬਾਬਰ ਦੇ ਹਮਲੇ ਵੇਲੇ ਸੱਚੇ ਕਹੇ ਜਾਂਦੇ ਸਿਰਜਣ-ਹਾਰ ਨੂੰ ਵੀ ਮਿਹਣਾ ਮਾਰਦਿਆ ਆਖਿਆ ਸੀ :-

ਖੁਰਾਸਾਨ ਖਸਮਾਨਾ ਕੀਆ
ਹਿੰਦੁਸਤਾਨੁ ਡਰਾਇਆ ॥
ਆਪੈ ਦੋਸੁ ਨਾ ਦੇਈ ਕਰਤਾ
ਜਮੁ ਕਰਿ ਮੁਗਲੁ ਚੜਾਇਆ ॥
ਏਤੀ ਮਾਰ ਪਈ ਕੁਰਲਾਣੈ
ਤੈਂ ਕੀ ਦਰਦੁ ਨ ਆਇਆ ॥

----

ਕਲਿ ਕਾਤਿ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ ॥

ਉਸ ਸਮੇਂ ਜਿਹੜੇ ਬ੍ਰਾਹਮਣ (ਪੰਡਿਤ) ਤੇ ਮੌਲਵੀ ਲੋਕਾਂ ਨੂੰ ਅੰਧ ਵਿਸ਼ਵਾਸ ਦੇ ਚੱਕਰ ਵਿਚ ਪਾਕੇ ਆਪਣੇ ਆਪ ਨੂੰ ਰੱਬ ਦੇ ਨੇੜੇ ਦੱਸਦੇ ਅਤੇ ਲੋਕਾਂ ਨੂੰ ਰੱਬ ਨਾਲ ਮੇਲਣ ਦੀ ਦਲਾਲੀ ਕਰਨ ਦਾ ਦੰਭ ਰਚਦੇ ਸਨ ਬਾਬੇ ਨਾਨਕ ਨੇ ਉਨ੍ਹਾਂ ਨੂੰ ਕਾਫਰ ਕਹਿੰਦੇ ਹੋਏ ਭੰਡਿਆ :-

ਕੂੜੁ ਬੋਲਿ ਮੁਰਦਾਰੁ ਖਾਇ ॥
ਅਵਰੀ ਨੋ ਸਮਝਾਵਣਿ ਜਾਇ ॥

ਅਤੇ ਜਿਹੜੇ ਪਾਖੰਡੀ ਆਪਣੇ ਆਪ 'ਚ ਗਿਆਨਵਾਨ ਹੋਣ ਦਾ ਦਾਅਵਾ ਕਰਦੇ ਸਨ, ਪਰ ਕਿਰਤ ਕਰਨ ਤੋਂ ਮੰਗਣਾਂ ਬੇਹਤਰ ਸਮਝਦੇ ਸਨ। ਅਸਲੀ ਜੀਵਨ ਤੋਂ ਭੱਜ ਰਹੇ ਸਨ, ਉਨ੍ਹਾਂ ਨੂੰ ਦੁਰਕਾਰਿਆ, ਫਿਟਕਾਰਿਆ ਅਤੇ ਸੌ ਸੌ ਲਾਅਨਤਾਂ ਪਾਉਂਦਿਆਂ ਕਿਹਾ ਸੀ :-

ਗਿਆਨ ਵਿਹੂਣਾ ਗਾਵੈ ਗੀਤ ॥
ਭੁਖੇ ਮੂਲਾਂ ਘਰੇ ਮਸੀਤਿ ॥
ਮਖਟੂ ਹੋਇ ਕੈ ਕੰਨ ਪੜਾਏ ॥
ਫਕਰੁ ਕਰੇ ਹੋਰੁ ਜਾਤਿ ਗਵਾਏ ॥
ਗੁਰੁ ਪੀਰੁ ਸਦਾਏ ਮੰਗਣ ਜਾਇ ॥

ਪਰ ਅੱਜ ਦਾ ਇਹ ਐਸ਼ ਭੋਗਦੇ ਸਾਧਾਂ ਦੇ ਟੋਲੇ ਆਪਣੀਆਂ ਮਹਿੰਗੀਆਂ ਯਾਤਰਾਵਾਂ ਰਾਹੀਂ ਧਨ ਇਕੱਠਾ ਕਰਨ ਹੀ ਨਿਕਲਦੇ ਹਨ। ਦੂਰ-ਦੁਰਾਡੇ ਤੱਕ ਕੀਤੇ ਸਫਰਾਂ ਨਾਲ ਮਾਲਾਮਾਲ ਹੋ ਕੇ ਮੁੜਦੇ ਹਨ ਇਹ ਅੱਜ ਦੇ "ਬਾਬੇ"। ਸੋਚੋ ਤਾਂ ਸਹੀ ਕੀ ਅਜਿਹੇ ਲੋਕ ਸਾਡੇ ਸਮਾਜ ਦੇ ਆਦਰਸ਼ ਬਣ ਸਕਦੇ ਹਨ। ਅੱਜ ਦੇ ਗਿਆਨ ਵਿਹੂਣੇ ਇਹ ਸਾਧਾਂ ਦੇ ਟੋਲੇ- ਬਾਬੇ ਨਾਨਕ ਦੇ ਨਾਂ 'ਤੇ ਸਿਰਫ ਸੁਆਹ ਵੇਚ ਕੇ ਸਾਡੇ ਘਰਾਂ ਦਾ ਸੋਨਾ ਲੁੱਟ ਕੇ ਲੈ ਜਾਂਦੇ ਹਨ। ਇਨ੍ਹਾਂ ਦਾ ਰਾਹ ਬਾਬੇ ਨਾਨਕ ਦਾ ਰਾਹ ਨਹੀਂ। ਇਸ ਪਾਸਿਉਂ ਸੁਚੇਤ ਹੋ ਕੇ ਸਾਡੇ ਸਮਾਜ ਨੂੰ ਆਪਣੇ ਮਨਾਂ ਦੇ ਹਨੇਰੇ ਨੂੰ ਦੂਰ ਕਰਨ ਦੇ ਜਤਨ ਕਰਨੇ ਚਾਹੀਦੇ ਹਨ। ਬਹੁਤ ਲੋੜ ਹੈ ਕਿ ਅਸੀਂ ਆਪਣੇ ਮੱਥਿਆਂ ਵਿਚ ਲੋਭ-ਲਾਲਚ ਦੀ ਜੰਮ ਗਈ ਗਾਰ ਦੀ ਕਾਰ ਸੇਵਾ ਕਰਕੇ ਆਪਣੇ ਮੱਥਿਆਂ ਨੂੰ ਨਿਰਮਲ ਕਰਨ ਦਾ ਜਤਨ ਕਰੀਏ, ਤਾਂ ਕਿ ਸਾਨੂੰ ਕਾਲੇ ਚਿੱਟੇ ਦਾ ਫਰਕ ਨਜ਼ਰ ਆ ਸਕੇ, ਕਿਸੇ ਦੇ ਪਿਛਲੱਗ ਬਣਨ ਤੋਂ ਪਹਿਲਾਂ ਸੋਚੀਏ ਤਾਂ ਸਹੀ। ਹੁਣ ਤਾਂ ਗੱਲ ਜੜੋਂ ਵਿਗੜੀ ਪਈ ਐ, ਜਿਵੇਂ ਸਾਡੇ ਸਿਰ ਹੀ ਨਾ ਹੋਣ :

ਅੰਧਾ ਆਗੂ ਜੇ ਥੀਐ, ਕਿਉ ਪਾਧਰ ਜਾਣੈ॥
ਆਪਿ ਮੁਸੈ ਮਤਿ ਹੋਛੀਐ, ਕਿਉ ਰਾਹੁ ਪਛਾਣੈ॥
(ਪੰਨਾ : 767)

ਬਾਣੀ ਵੀ ਮੱਤ ਦਿੰਦੀ ਹੈ ਸੁਣੋ ਤਾਂ ਸਹੀ :

ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥
ਮੂਰਖੈ ਨਾਲਿ ਨ ਲੁਝੀਐ ॥੧੯॥ (ਪੰਨਾ 473)

ਸੋਚੀਏ ਤਾਂ ਸਹੀ ਜਿਸ ਬਾਬੇ ਨੇ ਲੋਕਾਂ ਨੂੰ ਆਪਸੀ ਭਾਈਚਾਰੇ ਦਾ ਸਿਧਾਂਤ ਦਿੱਤਾ, ਕਿਸੇ ਨੂੰ ਵੀ ਬੇਗਾਨਾ ਨਾ ਸਮਝਿਆ ਉਸਦੇ ਬਹੁਗਿਣਤੀ ਪੈਰੋਕਾਰ ਕਿਵੇਂ ਵਿਹਲੜਾਂ ਦੇ ਦਰ ਮੱਥੇ ਰਗੜੀ ਜਾਂਦੇ ਹਨ। ਬਾਬੇ ਨਾਨਕ ਨੇ ਸੱਚੀ-ਸੁੱਚੀ ਅਤੇ ਦਸਾਂ ਨੌਹਾਂ ਦੀ ਕਿਰਤ ਕਰਨ ਵਾਲੇ ਭਾਈ ਲਾਲੋ ਨੂੰ ਮਾਣ ਬਖਸ਼ਿਆ ਪਰ ਅੱਜ ਉਸ ਲਾਲੋ ਦੇ ਭਾਈਵੰਦਾਂ ਨੂੰ ਨੀਚ ਕਹਿ ਕੇ ਉਨ੍ਹਾਂ ਦੀ ਦੁਰਗਤ ਕੀਤੀ ਜਾਂਦੀ ਹੈ, ਕਿਉਂ? ਆਖਰ ਕਿਉਂ? ਦਸਾਂ ਨੌਹਾਂ ਦੀ ਕਿਰਤ ਕਰਨ ਵਾਲੇ ਲੋਕਾਂ ਤੋਂ ਬਿਨਾਂ ਕੌਣ ਕੱਢਦਾ ਹੈ ਦਸਵੰਧ ਕਿਸੇ ਹੋਰ ਵਾਸਤੇ ? ਇਹ ਹੀ ਵੰਡ ਛਕਣ ਦਾ ਅਸੂਲ ਅਪਣਾਉਂਦੇ ਹਨ। ਮਲਕ ਭਾਗੋ ਦੇ ਯਾਰ ਅੱਜ ਵੀ ਸਮਾਜ ਅਤੇ ਬਹੁਤੇ ਥਾਵੀਂ ਧਰਮ ਤੇ ਵੀ ਕਾਬਜ਼ ਹਨ। ਧਾਰਮਕ ਸਥਾਨਾਂ ਅੰਦਰ ਹੁੰਦੇ ਝਗੜੇ ਇਸ ਦੀ ਮੂੰਹੋਂ ਬੋਲਦੀ ਤਸਵੀਰ ਹਨ। ਨਾਨਕ ਦਾ ਰਾਹ ਸੱਚੇ -ਸੁੱਚੇ ਜੀਵਨ ਦਾ ਹੋਕਾ ਦਿੰਦਾ ਹੈ, ਸਾਂਝੀਵਾਲਤਾ ਦਾ ਪ੍ਰਚਾਰ ਕਰਦਾ ਹੈ। ਪਰ ਕੀ ਅਸੀਂ ਉਸ ਸੱਚ ਦੇ ਲੜ ਲੱਗਣ ਜੋਗੇ ਹੋ ਗਏ ਹਾਂ ? ਕੀ ਅੱਜ ਦੇ ਸੱਜਣ ਠੱਗ ਸਾਡੇ ਸਮਾਜ ਦੀ ਅਗਵਾਈ ਕਰਦੇ ਸਾਨੂੰ ਨਜ਼ਰ ਨਹੀਂ ਆਉਂਦੇ? ਵੰਡੇ ਹੋਏ ਮਨਾਂ ਨੂੰ ਜੋੜਨਾ ਹੀ ਨਾਨਕ ਦੀ ਸਿੱਖਿਆ ਹੈ, ਅਸੀਂ ਇਸ ਰਾਹੇ ਪੈਂਦੇ ਕਿਉਂ ਨਹੀਂ? ਜਾਂ ਸਵਾਲ ਹੈ ਕਦੋਂ ਪਵਾਂਗੇ? ਨਾਨਕ ਦਾ ਰਾਹ ਝੂਠੀਆਂ ਰਸਮਾਂ ਤੇ ਅਡੰਬਰਾਂ ਵਿਚ ਗੁਆਚਣ ਦਾ ਨਹੀਂ ਸੱਚੇ-ਸੁੱਚੇ ਅਮਲੀ ਜੀਵਨ ਜੀਊਣ ਦਾ ਹੈ।

ਅਸੀਂ ਸਾਰੇ ਹੀ ਗੁਰੂਆਂ ਵਲੋਂ ਜਾਤ-ਪਾਤ ਖਤਮ ਕਰਨ ਦੇ ਬੜੇ ਪ੍ਰਵਚਨ ਸੁਣਦੇ-ਸੁਣਾਉਂਦੇ ਹਾਂ - ਪਰ ਆਪ ਅਸੀਂ ਇਸ ਬਾਰੇ ਕੋਈ ਜਤਨ ਨਹੀਂ ਕਰਦੇ - ਜੇ ਇਸ ਕੋਹੜ ਨੂੰ ਖਤਮ ਕਰਨਾ ਹੈ ਤਾਂ ਇਹ ਵੀ ਆਪਣੇ ਆਪ ਤੋਂ ਹੀ ਸ਼ੁਰੂ ਕਰਨਾ ਪਵੇਗਾ। ਪਹਿਲਾਂ ਆਪਣੇ ਮਨਾਂ ਵਿੱਚ ਝਾਕੀਏ, ਅੰਦਰ ਪਿਆ ਗੰਦ ਹੂੰਝ ਕੇ ਬਾਹਰ ਸੁੱਟਣ ਦਾ ਜਤਨ ਕਰੀਏ ਤੇ ਦੇਖੀਏ ਕਿ ਅਸੀਂ ਕਿਹੜੇ ਰਾਹ ਤੁਰ ਰਹੇ ਹਾਂ। ਆਉ ਸਾਰੇ ਰਲ ਕੇ ਹੰਭਲਾ ਮਾਰੀਏ ਤੇ ਸੱਚ ਦੇ ਰਾਹ ਵਾਲੇ ਪਾਂਧੀ ਬਣੀਏ। ਅਸੀਂ ਆਪਣੇ ਆਪ ਨੂੰ ਵੱਡੇ ਤੋਂ ਵੱਡਾ ਦੱਸਣ ਦਾ ਭਰਮ ਪਾਲ਼ਦੇ ਹਾਂ ਪਰ ਦੇਖੋ ਤਾਂ ਸਹੀ ਕਿ ਬਾਬਾ ਨਾਨਕ ਨੇ ਸਾਨੂੰ ਆਪਣਾ ਰਾਹ ਸਪਸ਼ਟ ਕਰਦਿਆਂ ਕੀ ਕਿਹਾ ਸੀ, ਕਿ :

ਨੀਚਾਂ ਅੰਦਰ ਨੀਚ ਜਾਤਿ ਨੀਚੀ ਹੂੰ ਅਤਿ ਨੀਚ
ਨਾਨਕ ਤਿਨ ਕੇ ਸੰਗਿ ਸਾਥ ਵੱਡਿਆਂ ਸਿਉ ਕਿਆ ਰੀਸ ॥

ਇਹ ਸੁਣਨ ਤੋਂ ਬਾਅਦ ਤਾਂ ਸਭ ਨੂੰ ਸਮਝ ਪੈ ਹੀ ਜਾਣੀ ਚਾਹੀਦਾ ਹੈ ਕਿ ਬਾਬਾ ਕਿਹੜੇ ਪਾਸੇ ਖੜ੍ਹਦਾ ਹੈ ਫੇਰ ਸਾਡਾ ਰਾਹ ਤੇ ਸਾਡੇ ਰਾਹ ਦੇ ਸੰਗੀ ਸਾਥੀ ਕੌਣ ਹਨ। ਜੇ ਅਸੀਂ ਨਾਨਕ ਦੇ ਰਾਹ ਨੂੰ ਅਪਨਾਉਣਾ ਹੈ ਤਾਂ ਔਕੜਾਂ ਜਰੂਰ ਆਉਣਗੀਆਂ ਪਰ ਅਸੀਂ ਆਪਣੇ ਫਰਜ਼ਾਂ ਦੇ ਲੜ ਲੱਗੇ ਬਿਨਾਂ ਸੁਰਖਰੂ ਨਹੀਂ ਹੋ ਸਕਦੇ। ਜ਼ਿੰਦਗੀ ਨੂੰ ਸੌਖਿਆਂ ਅਤੇ ਸੁਰਖਰੂ ਕਰਨ ਦਾ ਇਹ ਹੀ ਰਾਹ ਹੈ।

ਬਾਬਾ ਨਾਨਕ ਨੇ ਜਿਹੜੀ ਗੱਲ ਕਹੀ ਠੋਕ-ਵਜਾ ਕੇ ਕਹੀ ਦੂਜਿਆਂ ਦੇ ਟੁਕੜਿਆਂ 'ਤੇ ਪਲਣ ਵਾਲਿਆਂ ਵਾਸਤੇ ਜਿੰਨੇ ਸਖਤ ਸ਼ਬਦ ਬਾਬੇ ਨੇ ਵਰਤੇ (ਉਹ ਭਾਵੇਂ ਧਾਰਮਕ ਭੇਸ ਧਾਰਨ ਵਾਲਿਆਂ ਬਾਰੇ ਹੋਣ ਜਾਂ ਹਕੂਮਤਾਂ ਕਰਨ ਵਾਲਿਆਂ ਬਾਰੇ) ਉਹ ਉਸ ਸਮੇਂ ਸ਼ਾਇਦ ਹੀ ਕਿਸੇ ਹੋਰ ਨੇ ਵਰਤੇ ਹੋਣ। ਕਿਰਤ ਕਰਨ ਵਾਲਾ ਅੱਜ ਵਾਂਗ ਹੀ ਦਬਾਇਆ ਜਾਂਦਾ ਸੀ ਪਰ ਹਾਕਮ ਤੇ ਉਨ੍ਹਾਂ ਦੇ ਲਾਈਲੱਗ ਅੱਯਾਸ਼ੀਆਂ ਕਰਦੇ ਸਨ, ਵਿਹਲੜ ਹੀ ਸਾਰਾ ਸੁੱਖ ਭੋਗਦੇ ਸਨ - ਉਸ ਸਮੇਂ ਦੀ ਸਥਿਤੀ ਇਕ ਸਤਰ ਵਿਚ ਹੀ ਪੇਸ਼ ਕਰ ਦਿੱਤੀ ਸੀ ਜਦੋਂ ਕਿਹਾ:

'ਰਾਜੇ ਸ਼ੀਂਹ ਮੁਕੱਦਮ ਕੁੱਤੇ'। ਸਥਿਤੀ ਅੱਜ ਵੀ ਇਹੋ ਹੀ ਹੈ ਪਰ ਟਿੱਪਣੀ ਕਰਨ ਵਾਲੇ ਬਹੁਤ ਘੱਟ ਲੱਭਦੇ ਹਨ।

ਆਪਣੇ ਜੀਵਨ ਦੇ ਅੰਤਿਮ ਅਠਾਰਾਂ ਕੁ ਵਰ੍ਹੇ ਆਪ ਜੀ ਨੇ ਕਰਤਾਰਪੁਰ ਵਿਖੇ ਨਿਵਾਸ ਕੀਤਾ। ਜਿਥੇ ਆਪ ਜੀ ਨਿਤਨੇਮ, ਕਥਾ-ਕੀਰਤਨ ਤੇ ਭਜਨ-ਬੰਦਗੀ ਕਰਦੇ ਅਤੇ ਹਰ ਕਿਸੇ ਨੂੰ ਚੰਗਾ ਜੀਵਨ ਬਿਤਾਉਣ ਦਾ ਸੁਨੇਹਾ ਦਿੰਦੇ ਭਾਈ ਗੁਰਦਾਸ ਜੀ ਕਰਤਾਰਪੁਰ ਦੀ ਧਰਮਸ਼ਾਲਾ ਦਾ ਵਰਣਨ ਕਰਦੇ ਫ਼ੁਰਮਾਉਂਦੇ ਹਨ :-

ਗਿਆਨੁ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧਨੁਕਾਰਾ। (ਵਾਰ 1;38) ਇਥੇ ਹੀ ਆਪ ਜੀ ਦਾ ਦੀਦਾਰ ਕਰਨ ਭਾਈ ਲਹਿਣਾ ਜੀ ਆਏ। ਦੀਦਾਰ ਐਸਾ ਹੋਇਆ ਕਿ ਭਾਈ ਲਹਿਣਾ ਜੀ ਆਪ ਦੇ ਹੋ ਕੇ ਰਹਿ ਗਏ। ਦੋਵੇਂ ਇਕ ਜੋਤ/ਸੁਰਤ ਹੋ ਗਏ। ਭਾਈ ਲਹਿਣਾ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਲੜ ਲੱਗ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਹੋ ਨਿਬੜੇ। 7 ਸਤੰਬਰ, ਸੰਨ 1539 ਨੂੰ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਆਪਣਾ ਜੋਤਿ ਰੂਪੀ ਨੂਰ ਭਾਈ ਲਹਿਣਾ ਜੀ (ਸ੍ਰੀ ਗੁਰੂ ਅੰਗਦ ਦੇਵ ਜੀ) ਨੂੰ ਸੌਂਪ ਕੇ ਅਕਾਲ ਸਤਿ ਵਿਚ ਸਮਾ ਗਏ।

ਜਾਣੇ-ਅਣਜਾਣੇ 1947 ਦੀ ਵੰਡ ਸਮੇਂ ਬਾਬੇ ਦੀ ਆਖਰੀ ਠਹਿਰ ਵਾਲਾ ਕਰਤਾਰਪੁਰ ਜਿੱਥੋਂ ਸਾਂਝੀਵਾਲਤਾ ਤੇ ਅਮਨ ਦਾ ਮਹਾਨ ਸੰਦੇਸ਼ ਅਤੇ ਕਿਰਤ ਕਰਨ, ਵੰਡ ਛਕਣ, ਨਾਮ ਜਪਣ (ਭਾਵ ਮਨੁੱਖਵਾਦੀ ਸਿਧਾਂਤ ਤੇ ਅਮਲ ਕਰਨ ਦੇ ਲੜ ਲੱਗਣਾ) ਦਾ ਸੁਨੇਹਾ ਗੂੰਜਦਾ ਹੈ। ਕਰਤਾਰਪੁਰ ਪਾਕਿਸਤਾਨ ਵਾਲੇ ਪਾਸੇ ਚਲਾ ਗਿਆ ਸੀ। ਗਾਹੇ-ਬਗਾਹੇ ਕਰਤਾਰਪੁਰ ਦੇ ਦਰਸ਼ਣਾਂ ਵਾਸਤੇ ਲਾਂਘਾ ਖੋਲ੍ਹਣ ਦੀ ਮੰਗ ਹੁੰਦੀ ਰਹੀ। ਸੱਤ ਦਹਾਕਿਆਂ ਬਾਅਦ ਪਿਛਲੇ ਸਮੇਂ ਕਰਤਾਰਪੁਰ ਦਾ ਲਾਂਘਾ ਖੋਲ੍ਹਣ ਦਾ ਐਲਾਨ ਹੋਇਆ, ਜੋ ਬਹੁਤ ਹੀ ਸਲਾਹੁਣਯੋਗ ਅਤੇ ਸਵਾਗਤਯੋਗ ਕਦਮ ਹੈ। ਇਹ ਮੁਲਕ ਦੀ ਵੰਡ ਦੇ ਸਰਾਪੇ ਵੇਲੇ ਦੀਆਂ ਵਾਹੀਆਂ ਲਕੀਰਾਂ ਤੋਂ ਪਾਰ ਵਸਦੇ ਲੋਕ ਮਨਾਂ ਦੇ ਮੁਹੱਬਤੀ ਬੂਹੇ ਖੋਲ੍ਹਣ ਵਾਲਾ ਮੁਬਾਰਕ ਕਦਮ ਬਣ ਜਾਵੇਗਾ ਜੋ ਸਭ ਦੀ ਖਾਹਿਸ਼ ਹੈ। ਇਸ ਕਾਰਜ ਦੀ ਪੂਰਤੀ ਵਾਸਤੇ ਸਭ ਨੂੰ ਜਾਗਦੇ ਰਹਿਣ ਦੀ ਲੋੜ ਹੈ। ਕਰਤਾਰਪੁਰ ਦਾ ਲਾਂਘਾ ਖੁੱਲ੍ਹਣ ਦਾ ਆਗਾਜ਼ ਅਗਲੀਆਂ ਬਹੁਤ ਸਾਰੀਆਂ ਸਾਂਝ ਭਰੀਆਂ ਸੰਭਾਵਨਾਵਾਂ ਵਲ ਖੁੱਲ੍ਹਦਾ ਰਾਹ ਹੈ। ਕਰਤਾਰਪੁਰ ਦਾ ਲਾਂਘਾ ਸਬੱਬ ਬਣ ਜਾਵੇਗਾ ਜਿੱਥੋਂ ਆਉਣ ਵਾਲੇ ਕੱਲ੍ਹ ਨੂੰ ਵਾਹਗੇ ਵਾਲਾ ਰਾਹ ਅਤੇ ਹੋਰ ਦਰਵਾਜੇ ਵੀ ਖੁੱਲ੍ਹ ਸਕਦੇ ਹਨ। ਵਪਾਰਕ, ਭਾਈਚਾਰਕ, ਸੱਭਿਆਚਾਰਕ, ਲੇਖਕਾਂ, ਕਲਾਕਾਰਾਂ ਅਤੇ ਖਿਡਾਰੀਆਂ ਦੇ ਨਾਲ ਹੀ ਆਮ ਅਵਾਮ ਦੀ ਸਾਂਝ ਵਾਲੇ ਬੂਹੇ ਵੀ ਖੁੱਲ੍ਹਣਗੇ - ਲੋਕਾਂ ਦੀਆਂ ਅੱਖਾਂ ਉਸ ਦਿਨ ਨੂੰ ਉਡੀਕ ਰਹੀਆਂ ਹਨ ਜਦੋਂ ਕਰੀਬ

**(ਬਾਕੀ ਅਗਲੇ ਸਫੇ 'ਤੇ)**

## ਖੀਸੇ ਖਾਲੀ, ਢਿੱਡ ਭੁੱਖੇ ਅਤੇ ਤਨ ਉੱਤੇ ਲੀਰਾਂ

# ਪੰਜਾਬ ਦੇ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦਾ ਖ਼ਪਤ ਖ਼ਰਚ



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

ਬੇਬੇ ਗੁਰਨਾਮ ਕੌਰ ਮੈਮੋਰੀਅਲ ਐਜੂਕੇਸ਼ਨ ਸੈਂਟਰ, ਈਸੜੂ (ਲੁਧਿਆਣਾ) ਵੱਲੋਂ ਸਪਾਂਸਰ ਕੀਤੇ ਗਏ ਇਕ ਖੋਜ ਪ੍ਰੋਜੈਕਟ ਲਈ ਲੇਖਕ ਅਤੇ ਉਸਦੇ ਸਹਿਯੋਗੀਆਂ ਵੱਲੋਂ ਪੰਜਾਬ ਦੇ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੀਆਂ ਸਮਾਜਿਕ-ਆਰਥਿਕ ਹਲਤਾਂ ਅਤੇ ਰਾਜਨੀਤਿਕ ਸ਼ਮੂਲੀਅਤ ਦਾ ਵਿਸ਼ਲੇਸ਼ਣ ਕੀਤਾ ਗਿਆ। ਇਸ ਖੋਜ ਅਧਿਐਨ 2016-17 ਨਾਲ ਸੰਬੰਧਿਤ ਹੈ। ਅਧਿਐਨ ਦੇ ਉਦੇਸ਼ ਲਈ ਮਾਝਾ, ਦੋਆਬਾ ਅਤੇ ਮਾਲਵਾ ਖੇਤਰਾਂ ਵਿਚੋਂ 4 ਜ਼ਿਲ੍ਹੇ ਚੁਣੇ ਗਏ। ਮਾਝਾ ਖੇਤਰ ਵਿਚੋਂ ਅੰਮ੍ਰਿਤਸਰ ਅਤੇ ਦੋਆਬਾ ਖੇਤਰ ਵਿਚੋਂ ਜਲੰਧਰ ਜ਼ਿਲ੍ਹੇ ਚੁਣੇ ਗਏ ਅਤੇ ਮਾਲਵਾ ਖੇਤਰ ਵੱਡਾ ਹੋਣ ਕਰਕੇ ਇਸ ਵਿਚੋਂ ਦੋ ਜ਼ਿਲ੍ਹਿਆਂ ਮਾਨਸਾ ਅਤੇ ਫਤਿਗੜ੍ਹ ਸਾਹਿਬ ਦੀ ਚੋਣ ਕੀਤੀ ਗਈ। ਚੁਣੇ ਹਰੇਕ ਜ਼ਿਲ੍ਹੇ ਦੇ ਸਾਰੇ ਵਿਕਾਸ ਖੰਡਾਂ ਵਿਚੋਂ ਇਕ ਇਕ ਪਿੰਡ ਦੀ ਚੋਣ ਕੀਤੀ ਗਈ, ਇਸ ਲਈ ਚੁਣੇ ਹੋਏ ਪਿੰਡਾਂ ਦੀ ਗਿਣਤੀ 29 ਹੈ। ਮੌਜੂਦਾ ਅਧਿਐਨ ਲਈ ਸਾਰੇ 29 ਪਿੰਡਾਂ ਦੇ ਕੁੱਲ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੇ 20 ਫ਼ੀਸਦ ਦੇ ਅੰਕੜੇ ਇਕੱਤਰਿਤ ਕੀਤੇ ਗਏ। ਇਸ ਤਰ੍ਹਾਂ 927 ਪਰਿਵਾਰਾਂ ਦੇ ਅੰਕੜੇ ਇਕੱਠੇ ਹੋਏ। ਸਰਵੇਖਣ ਕੀਤੇ ਗਏ ਪਰਿਵਾਰਾਂ ਵਿਚੋਂ 314 ਪਰਿਵਾਰ ਮਾਝਾ, 243 ਦੋਆਬਾ ਅਤੇ 370 ਮਾਲਵਾ ਖੇਤਰਾਂ ਨਾਲ ਸੰਬੰਧਤ ਹਨ।

ਇਸ ਅਧਿਐਨ ਤੋਂ ਸਾਹਮਣੇ ਆਇਆ ਹੈ ਕਿ ਪੰਜਾਬ ਦੇ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੇ ਖੀਸੇ ਖਾਲੀ, ਢਿੱਡ ਭੁੱਖੇ ਅਤੇ ਤਨ ਲੀਰਾਂ ਨਾਲ ਢੱਕੇ ਹੋਏ ਹਨ। ਖ਼ਪਤ ਖ਼ਰਚ ਦੀ ਬਣਤਰ ਤੋਂ ਪਰਿਵਾਰਾਂ ਦੇ ਜੀਵਨ ਪੱਧਰ ਨੂੰ ਜਾਣਿਆ ਜਾ ਸਕਦਾ ਹੈ ਅਤੇ ਖ਼ਪਤ ਉੱਤੇ ਹੋਣ ਵਾਲੇ ਖ਼ਰਚ ਦਾ ਪੱਧਰ ਪਰਿਵਾਰ ਦੇ ਕਲਿਆਣ ਦੇ ਪੱਧਰ ਨੂੰ ਦਰਸਾਉਂਦਾ ਹੈ। ਭਾਵੇਂ ਕਿ ਪਰਿਵਾਰ ਦਾ ਖ਼ਪਤ ਖ਼ਰਚ ਆਮਦਨ ਪੱਧਰ ਉੱਪਰ ਨਿਰਭਰ ਕਰਦਾ ਹੈ, ਪਰ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੀ ਆਮਦਨ ਬਹੁਤ ਘੱਟ ਹੋਣ ਕਾਰਨ ਉਨ੍ਹਾਂ ਦੇ ਖੀਸੇ ਖਾਲੀ ਹਨ। ਮਾਲਵਾ, ਦੋਆਬਾ ਅਤੇ ਮਾਝਾ ਖੇਤਰਾਂ ਵਿਚ ਦਲਿਤ ਔਰਤ ਮਜ਼ਦੂਰਾਂ ਦੀ ਸਲਾਨਾ ਔਸਤਨ ਪਰਿਵਾਰਕ ਆਮਦਨ ਕ੍ਰਮਵਾਰ 75116, 80113 ਅਤੇ 72920 ਰੁਪਏ ਬਣਦੀ ਹੈ। ਜਦੋਂ ਇਨ੍ਹਾਂ ਪਰਿਵਾਰਾਂ ਦੇ ਜੀਆਂ ਦੀ ਗਿਣਤੀ ਦੇਖੀਏ ਤਾਂ ਪਤਾ ਲੱਗਾ ਹੈ ਕਿ ਇਨ੍ਹਾਂ ਤਿੰਨਾ ਖੇਤਰਾਂ ਵਿਚ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੀ ਪ੍ਰਤਿ ਜੀਅ ਸਲਾਨਾ ਆਮਦਨ ਕ੍ਰਮਵਾਰ 16543, 17844 ਅਤੇ 15316 ਰੁਪਏ ਬਣਦੀ ਹੈ। ਜੇਕਰ ਇਨ੍ਹਾਂ ਪਰਿਵਾਰਾਂ ਦੀ ਪ੍ਰਤਿ ਜੀਅ, ਪ੍ਰਤਿ ਦਿਨ ਦੀ ਆਮਦਨ ਦੇਖੀ ਜਾਵੇ ਤਾਂ ਇਨ੍ਹਾਂ ਤਿੰਨਾਂ ਖੇਤਰਾਂ ਲਈ ਇਹ ਕ੍ਰਮਵਾਰ ਸਿਰਫ਼ 45, 49 ਅਤੇ 42 ਰੁਪਏ ਦੇ ਕਰੀਬ ਆਉਂਦੀ ਹੈ। ਉਨ੍ਹਾਂ ਪਰਿਵਾਰਾਂ ਦੀ ਆਮਦਨ ਦਾ ਇਤਨਾ ਨੀਵਾਂ ਪੱਧਰ ਉਨ੍ਹਾਂ ਦੇ ਖੀਸਿਆਂ ਦੇ ਖਾਲੀ ਹੋਣ ਦੀ ਗਵਾਹੀ ਭਰਦਾ ਹੈ।

ਪੰਜਾਬ ਦੇ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦਾ ਔਸਤਨ ਸਲਾਨਾ ਖ਼ਪਤ ਖ਼ਰਚ 85040 ਰੁਪਏ ਹੈ। ਇਕ ਔਸਤਨ ਦਲਿਤ ਔਰਤ ਮਜ਼ਦੂਰ ਪਰਿਵਾਰ ਦੁਆਰਾ ਆਮਦਨ ਦਾ ਇਕ ਵੱਡਾ ਹਿੱਸਾ ਗ਼ੈਰ-ਵਿਕਾਊ ਵਸਤਾਂ ਉੱਤੇ ਖ਼ਰਚ ਕੀਤਾ ਜਾਂਦਾ ਹੈ ਜੋ 48743 ਰੁਪਏ ਬਣਦਾ ਹੈ। ਸਮਾਜਿਕ-ਧਾਰਮਿਕ ਰਸਮਾਂ, ਸੇਵਾਵਾਂ ਅਤੇ ਟਿਕਾਊ ਵਸਤਾਂ ਉੱਪਰ ਹੋਣ ਵਾਲਾ ਖ਼ਰਚ ਕ੍ਰਮਵਾਰ 12337, 12043 ਅਤੇ 11917 ਰੁਪਏ ਦੇ ਕਰੀਬ ਹੈ।

ਗ਼ੈਰ-ਟਿਕਾਊ ਵਸਤਾਂ ਵਿਚੋਂ ਇਕ ਔਸਤਨ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰ ਦੁਆਰਾ ਸਭ ਤੋਂ ਵੱਧ ਖ਼ਰਚ ਅਨਾਜ ਪਦਾਰਥਾਂ ਉੱਤੇ ਕੀਤਾ ਜਾਂਦਾ ਹੈ ਜੋ 11610 ਰੁਪਏ ਸਲਾਨਾ ਹੈ। ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥ, ਨਸ਼ੀਲੇ ਪਦਾਰਥ, ਗੁੜ/ਚੀਨੀ/ਸ਼ੱਕਰ, ਕੱਪੜੇ ਅਤੇ ਜੁੱਤੇ, ਖਾਣ ਵਾਲੇ ਤੇਲ, ਸ਼ਬਜੀਆਂ, ਚਾਹ-ਪੱਤੀ, ਸਾਬਣ ਅਤੇ ਸਰਫ਼, ਅਤੇ ਰਸੋਈ ਗੈਸ ਉੱਤੇ ਹੋਣ ਵਾਲਾ ਖ਼ਰਚ ਕ੍ਰਮਵਾਰ 10737, 4095, 3991, 3851, 3292, 2549, 2061, 1838, ਅਤੇ 1251 ਰੁਪਏ ਹੈ।

ਸਮਾਜਿਕ-ਧਾਰਮਿਕ ਰਸਮਾਂ ਦੇ ਸੰਬੰਧ ਵਿਚ ਇਕ ਔਰਤ ਔਸਤਨ ਅਤੇ ਦਲਿਤ ਔਰਤ ਮਜ਼ਦੂਰ ਪਰਿਵਾਰ ਦੁਆਰਾ ਵਿਆਹਾਂ ਅਤੇ ਹੋਰ ਸਮਾਜਿਕ ਰਸਮਾਂ ਉੱਤੇ 10034 ਰੁਪਏ ਸਲਾਨਾ ਖ਼ਰਚਾ ਕੀਤਾ ਗਿਆ ਜਦੋਂ ਕਿ ਧਾਰਮਿਕ ਰਸਮਾਂ ਉੱਤੇ ਹੋਣ ਵਾਲਾ ਖ਼ਰਚ 2303 ਰੁਪਏ ਹੈ। ਸੇਵਾਵਾਂ ਵਿਚੋਂ ਇਕ ਔਸਤਨ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰ ਦੁਆਰਾ ਸਭ ਤੋਂ ਵੱਧ ਖ਼ਰਚ ਸਿਹਤ-ਸੰਭਾਲ ਉੱਤੇ ਕੀਤਾ ਗਿਆ ਜੋ 6430 ਰੁਪਏ ਸਲਾਨਾ ਹੈ। ਇਸ ਦਾ ਕਾਰਨ ਇਨ੍ਹਾਂ ਪਰਿਵਾਰਾਂ ਦੀ ਘੱਟ ਆਮਦਨ ਵਿਚੋਂ ਉਪਜੀ ਘੋਰ ਗ਼ਰੀਬੀ ਅਤੇ ਕੰਮ ਕਰਨ ਦੀਆਂ ਮਾੜੀਆਂ ਹਾਲਤਾਂ ਹਨ। ਸਿੱਖਿਆ, ਸੰਚਾਰ, ਆਵਾਜਾਈ, ਮੰਨੋਰ-ੰਜਨ ਅਤੇ ਅਖ਼ਬਾਰਾਂ/ਕਿਤਾਬਾਂ ਉੱਤੇ ਹੋਣ ਵਾਲਾ ਪ੍ਰਤਿ ਪਰਿਵਾਰ ਖ਼ਰਚ ਕ੍ਰਮਵਾਰ 2116, 1626, 1191, 610 ਅਤੇ 4 ਰੁਪਏ ਸਲਾਨਾ ਹੈ।



ਟਿਕਾਊ ਵਸਤਾਂ ਉੱਤੇ ਹੋਣ ਵਾਲੇ ਖ਼ਰਚ ਵਿਚੋਂ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੁਆਰਾ ਘਰ ਦੀ ਉਸਾਰੀ, ਨਵੇਂ ਕਮਰਿਆਂ ਦੀ ਉਸਾਰੀ ਅਤੇ ਵੱਡੀ ਮੁਰੰਮਤ ਉੱਤੇ 7679 ਰੁਪਏ ਸਲਾਨਾ ਖ਼ਰਚ ਕੀਤੇ ਗਏ ਹਨ। ਇਕ ਔਸਤਨ ਪਰਿਵਾਰ ਦੁਆਰਾ 1907 ਰੁਪਏ ਫੋਨ ਉੱਤੇ ਖ਼ਰਚ ਕੀਤੇ ਗਏ ਹਨ। ਮੋਟਰਸਾਈਕਲ/ ਸਕੂਟਰ/ ਮੋਪਿਡ ਅਤੇ ਸਾਈਕਲ/ ਰਿਕਸ਼ਾ/ਆਟੋਰਿਕਸ਼ਾ ਉੱਤੇ ਹੋਣ ਵਾਲਾ ਸਲਾਨਾ ਪ੍ਰਤਿ ਪਰਿਵਾਰ ਖ਼ਰਚ ਕ੍ਰਮਵਾਰ 714 ਅਤੇ 543 ਰੁਪਏ ਹੈ। ਇਸ ਤੋਂ ਇਲਾਵਾ ਬਾਕੀ ਟਿਕਾਊ ਵਸਤਾਂ ਦੀ ਖ਼ਰੀਦਦਾਰੀ ਜਾਂ ਮੁਰੰਮਤ ਉੱਤੇ ਇਨ੍ਹਾਂ ਪਰਿਵਾਰਾਂ ਦੁਆਰਾ ਕੀਤਾ ਗਿਆ ਔਸਤਨ ਸਲਾਨਾ ਖ਼ਰਚ ਪ੍ਰਤਿ ਵਸਤੂ ਲਈ 250 ਰੁਪਏ ਤੋਂ ਵੀ ਘੱਟ ਹੈ। ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੇ ਖ਼ਪਤ ਖ਼ਰਚ ਦੇ ਸੰਬੰਧ ਵਿਚ ਵੱਖ ਵੱਖ ਖੇਤਰਾਂ ਵਿਚ ਭਿੰਨਤਾ ਪਾਈ ਗਈ ਹੈ। ਦੋਆਬਾ ਖੇਤਰ ਵਿਚ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦਾ ਸਲਾਨਾ ਖ਼ਪਤ ਖ਼ਰਚ ਸਭ ਤੋਂ ਵੱਧ (88218 ਰੁਪਏ) ਅਤੇ ਮਾਝਾ ਖੇਤਰ ਵਿਚ ਸਭ ਤੋਂ ਘੱਟ (82090) ਰੁਪਏ ਹੈ। ਮਾਲਵਾ ਖੇਤਰ ਵਿਚ ਇਹ ਖ਼ਰਚ 85456 ਰੁਪਏ ਹੈ।

ਜੇਕਰ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੇ ਖ਼ਪਤ ਖ਼ਰਚ ਦੀਆਂ ਬਣਤਰ ਨੂੰ ਦੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਖ਼ਪਤ ਖ਼ਰਚ ਵਿਚ ਇਕ ਵੱਡਾ ਹਿੱਸਾ ਗ਼ੈਰ-ਟਿਕਾਊ ਵਸਤਾਂ ਦਾ ਹੈ ਜਿਹੜਾ 57 ਫ਼ੀਸਦ ਕਰੀਬ ਬਣਦਾ ਹੈ। ਸਮਾਜਿਕ-ਧਾਰਮਿਕ ਰਸਮਾਂ, ਸੇਵਾਵਾਂ ਅਤੇ ਟਿਕਾਊ ਵਸਤਾਂ ਉੱਪਰ ਹੋਣ ਵਾਲੇ ਖ਼ਰਚ ਦਾ ਕੁੱਲ ਖ਼ਪਤ ਵਿਚ ਹਿੱਸਾ ਕ੍ਰਮਵਾਰ 15,14 ਅਤੇ 14 ਫ਼ੀਸਦ ਹੈ।

ਗ਼ੈਰ-ਟਿਕਾਊ ਵਸਤਾਂ ਵਿਚ ਅਨਾਜ ਪਦਾਰਥ ਖ਼ਪਤ ਦੀ ਇਕ ਮਹੱਤਵਪੂਰਨ ਵਸਤੂ ਹਨ ਅਤੇ ਔਸਤਨ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰ ਦੁਆਰਾ ਕੁੱਲ ਖ਼ਪਤ ਖ਼ਰਚ ਦਾ ਇਸ ਉੱਪਰ 14 ਫ਼ੀਸਦ ਖ਼ਰਚ ਕੀਤਾ ਜਾਂਦਾ ਹੈ। ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥਾਂ ਉੱਤੇ ਹੋਣ ਵਾਲਾ ਖ਼ਰਚ 13 ਫ਼ੀਸਦ ਦੇ ਕਰੀਬ ਹੈ। ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰ ਆਪਣੀ ਕਾਰਜ-ਕੁਸ਼ਲਤਾ ਨੂੰ ਕਾਇਮ ਰੱਖਣ ਲਈ ਉਪਰੋਕਤ ਦੋਵਾਂ ਵਸਤਾਂ ਉੱਪਰ ਵੱਡਾ ਖ਼ਰਚ ਕਰਦੇ ਹਨ। ਇਹ ਪਰਿਵਾਰ ਇਕ ਜਾਂ ਦੋ ਪਸ਼ੂ ਪਾਲਦੇ ਹਨ ਜਿਸ ਕਰਕੇ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥ ਵਧੇਰੇ ਕਰਕੇ ਘਰ ਵਿਚ ਹੀ ਤਿਆਰ ਕੀਤੇ ਹਨ। ਨਸ਼ੀਲੇ ਪਦਾਰਥਾਂ ਉੱਤੇ ਹੋਣ ਵਾਲਾ ਖ਼ਰਚ 5 ਫ਼ੀਸਦ ਦੇ ਕਰੀਬ ਹੈ। ਕੋਈ ਵੀ ਔਰਤ ਨਸ਼ਾ ਨਹੀਂ ਕਰਦੀ ਅਤੇ ਜ਼ਿਆਦਾਤਰ ਮਰਦ ਮਜ਼ਦੂਰ ਨਸ਼ਾ ਲੈਣ ਦੇ ਆਦੀ ਹਨ। ਇਕ ਔਸਤਨ ਪਰਿਵਾਰ ਦੁਆਰਾ 5 ਫ਼ੀਸਦ ਦੇ ਕਰੀਬ ਖ਼ਰਚ ਚੀਨੀ/ ਗੁੜ/ ਸ਼ੱਕਰ ਉੱਤੇ ਕੀਤਾ ਗਿਆ ਹੈ। ਤਕਰੀਬਨ ਇਤਨਾ ਹੀ ਖ਼ਰਚ ਕੱਪੜਿਆਂ ਅਤੇ ਜੁੱਤਿਆਂ ਉੱਤੇ ਕੀਤਾ ਗਿਆ ਜੋ ਕਿ ਬਹੁਤ ਘੱਟ ਹੈ। ਫੀਲਡ ਸਰਵੇਖਣ ਤੋਂ ਇਕ ਬਹੁਤ ਹੀ ਦੁੱਖਦਾਈ ਪਹਿਲੂ ਸਾਹਮਣੇ ਆਇਆ ਹੈ ਕਿ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰ ਸਾਰੇ ਜੀਆਂ ਲਈ ਲੋੜੀਂਦੇ ਕੱਪੜੇ ਨਹੀਂ ਖ਼ਰੀਦ ਸਕਦੇ। ਇਹ ਪਰਿਵਾਰ ਜ਼ਿਆਦਾਤਰ ਫਟੇ ਹੋਏ ਅਤੇ ਘਟੀਆਂ ਮਿਆਰ ਦੇ ਕੱਪੜੇ ਪਹਿਨਣ ਲਈ ਮਜਬੂਰ ਹੁੰਦੇ ਹਨ। ਇਹ ਪਰਿਵਾਰ ਜਿਨ੍ਹਾਂ ਘਰਾਂ ਵਿਚ ਮਜ਼ਦੂਰੀ ਕਰਦੇ ਹਨ, ਉਨ੍ਹਾਂ ਦੇ ਉੱਤਰੇ ਹੋਏ ਕੱਪੜੇ ਪਹਿਣ ਕੇ ਵੀ ਗੁਜ਼ਾਰਾ ਕਰਦੇ ਹਨ। ਖਾਣ ਵਾਲੇ ਤੇਲ ਅਤੇ ਸਬਜੀਆਂ ਉੱਤੇ ਹੋਣ ਵਾਲਾ ਖ਼ਰਚ ਕ੍ਰਮਵਾਰ 3.87 ਅਤੇ 3 ਫ਼ੀਸਦ ਹੈ। ਬਾਕੀ ਦੀਆਂ ਗ਼ੈਰ-ਟਿਕਾਊ ਵਸਤਾਂ ਉੱਪਰ ਖ਼ਰਚ 3 ਫ਼ੀਸਦ ਤੋਂ ਵੀ ਘੱਟ ਹੈ। ਇਨ੍ਹਾਂ ਪਰਿਵਾਰਾਂ ਦੁਆਰਾ ਕੁੱਲ ਖ਼ਪਤ ਖ਼ਰਚ ਦਾ ਇਕ ਵੱਡਾ ਹਿੱਸਾ (57.32 ਫ਼ੀਸਦ) ਸਿਰਫ਼ ਗ਼ੈਰ-ਟਿਕਾਊ ਵਸਤਾਂ ਉੱਪਰ ਖ਼ਰਚ ਕੀਤਾ ਜਾਣਾ ਇਹ ਸਪੱਸ਼ਟ ਕਰਦਾ ਹੈ ਕਿ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਨੂੰ ਆਪਣੀ ਆਮਦਨ ਦਾ ਇਕ ਵੱਡਾ ਹਿੱਸਾ ਸਿਰਫ਼ ਦੋ ਡੰਗਾਂ ਦੀ ਰੋਟੀ ਲਈ ਆਪਣਾ ਚੁੱਲ੍ਹਾ ਬਲਦਾ ਰੱਖਣ ਉੱਪਰ ਸਿਰਫ਼ ਜਿਉਂਦੇ ਰਹਿਣ ਲਈ ਹੀ ਕਰਨਾ ਪੈਂਦਾ ਹੈ।

ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਵੱਲੋਂ ਸਮਾਜਿਕ-ਧਾਰਮਿਕ ਕਰਮਾਂ ਉੱਪਰ ਕੀਤੇ ਜਾਣ ਵਾਲੇ ਖ਼ਪਤ ਖ਼ਰਚ ਵਿਚੋਂ ਇਕ ਔਸਤਨ ਪਰਿਵਾਰ ਕੁੱਲ ਖ਼ਪਤ ਖ਼ਰਚ ਦਾ 12 ਫ਼ੀਸਦ ਦੇ ਕਰੀਬ ਵਿਆਹਾਂ ਅਤੇ ਹੋਰ ਸਮਾਜਿਕ ਰਸਮਾਂ ਉੱਪਰ ਖ਼ਰਚ ਕੀਤਾ, ਜਦੋਂ ਕਿ ਧਾਰਮਿਕ ਰਸਮਾਂ ਉੱਪਰ ਹੋਣ ਵਾਲਾ ਖ਼ਰਚ 3 ਫ਼ੀਸਦ ਦੇ ਕਰੀਬ ਹੈ। ਸੇਵਾਵਾਂ ਵਿਚ, ਇਕ ਔਸਤਨ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰ ਨੇ ਖ਼ਪਤ ਖ਼ਰਚ ਵਿਚੋਂ ਸਭ ਤੋਂ ਵੱਡਾ ਹਿੱਸਾ ਸਿਹਤ-ਸੰਭਾਲ ਖ਼ਰਚ ਕੀਤਾ ਹੈ। ਸਰਵੇਖਣ ਤੋਂ ਪਤਾ ਲੱਗਿਆ ਹੈ ਕਿ ਸਿਹਤ-ਸੰਭਾਲ ਸੇਵਾਵਾਂ ਪਿੰਡ ਦੇ ਝੋਲਾ-ਛਾਪ ਡਾਕਟਰਾਂ ਅਤੇ ਨੀਮ ਹਕੀਮ ਤੋਂ ਹੀ ਲਈਆਂ ਜਾਂਦੀਆਂ ਹਨ।

ਭਾਵੇਂ ਸਰਕਾਰ ਵੱਲੋਂ ਮੁਫ਼ਤ ਸਿੱਖਿਆ ਦੇ ਪ੍ਰਬੰਧ ਕੀਤੇ ਗਏ ਹਨ ਪਰ ਫਿਰ ਵੀ ਇਨ੍ਹਾਂ ਪਰਿਵਾਰਾਂ ਵੱਲੋਂ ਸਿੱਖਿਆ ਨਾਲ ਸੰਬੰਧਿਤ ਹੋਰ ਖ਼ਰਚ ਕਰਨੇ ਮੁਸ਼ਕਿਲ ਹਨ। ਇੱਥੋਂ ਤੱਕ ਕਿ ਜੇਕਰ ਇਹ ਪਰਿਵਾਰ ਬੱਚਿਆਂ ਨੂੰ ਸਕੂਲ ਭੇਜਦੇ ਵੀ ਹਨ ਤਾਂ ਵੀ ਬੱਚਿਆਂ ਤੋਂ ਕੁਝ ਕਮਾਈ ਦੀ ਆਸ ਕੀਤੀ ਜਾਂਦੀ ਹੈ ਜੋ ਉਨ੍ਹਾਂ ਦੀਆਂ ਗ਼ੈਰ- ਹਾਜ਼ਰੀਆਂ ਦਾ ਕਾਰਨ ਬਣਦੀ ਹੈ।

ਇਕ ਔਸਤਨ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰ ਵੱਲੋਂ ਟਿਕਾਊ ਵਸਤਾਂ ਵਿਚੋਂ 9 ਫ਼ੀਸਦ ਦੇ ਕਰੀਬ ਹਿੱਸਾ ਘਰ ਦੀ ਉਸਾਰੀ, ਨਵੇਂ ਕਮਰਿਆਂ ਦੀ ਉਸਾਰੀ ਅਤੇ ਵੱਡੀ ਮੁਰੰਮਤ ਉੱਪਰ ਖ਼ਰਚ ਕੀਤਾ ਗਿਆ ਹੈ। ਫੋਨ ਉੱਤੇ ਹੋਣ ਵਾਲਾ ਖ਼ਰਚ 2.24 ਫ਼ੀਸਦ ਹੈ। ਇਸ ਤੋਂ ਇਲਾਵਾ ਹੋਰ ਵਸਤਾਂ ਉੱਪਰ ਹੋਣ ਵਾਲਾ ਖ਼ਰਚ ਬਹੁਤ ਹੀ ਘੱਟ ਹੈ। ਉਪਰੋਕਤ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੀ ਜੀਵਨ-ਪੱਧਰ ਸਿਰਫ਼ ਜਿਉਣ ਤੱਕ ਹੀ ਸੀਮਿਤ ਹੈ।

ਖੇਤਰਵਾਰ ਵਿਸ਼ਲੇਸ਼ਣ ਤੋਂ ਸਪੱਸ਼ਟ ਹੈ ਕਿ ਮਾਲਵਾ ਅਤੇ ਮਾਝਾ ਖੇਤਰਾਂ ਦੇ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੇ ਖ਼ਪਤ ਖ਼ਰਚ ਵਿਚ ਮੁੱਖ ਹਿੱਸਾ ਗ਼ੈਰ-ਟਿਕਾਊ ਵਸਤਾਂ ਦਾ ਹੈ, ਜਦੋਂ ਕਿ ਦੋਆਬਾ ਖੇਤਰ ਵਿਚ ਸਭ ਤੋਂ ਵੱਧ ਖ਼ਰਚ ਗ਼ੈਰ-ਟਿਕਾਊ ਵਸਤਾਂ ਉੱਪਰ ਹੈ। ਪੰਜਾਬ ਦੇ ਪੇਂਡੂ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦਾ ਔਸਤਨ ਸਲਾਨਾ ਪ੍ਰਤਿ ਵਿਅਕਤੀ ਖ਼ਪਤ ਖ਼ਰਚ 18479 ਰੁਪਏ ਹੈ। ਇਸ ਸੰਬੰਧ ਵਿਚ ਵੱਖ ਵੱਖ ਖੇਤਰਾਂ ਵਿਚ ਭਿੰਨਤਾ ਪਾਈ ਗਈ ਹੈ। ਮਾਲਵਾ, ਦੋਆਬਾ ਅਤੇ ਮਾਝਾ ਖੇਤਰਾਂ ਵਿਚ ਸਲਾਨਾ ਪ੍ਰਤਿ ਵਿਅਕਤੀ ਖ਼ਪਤ ਖ਼ਰਚ ਕ੍ਰਮਵਾਰ 18821, 19649 ਅਤੇ 17242 ਰੁਪਏ ਹੈ ਜਿਹੜਾ 52, 54 ਅਤੇ 47 ਰੁਪਏ ਰੋਜ਼ਾਨਾ ਬਣਦਾ ਹੈ।

ਪੰਜਾਬ ਦੇ ਦਲਿਤ ਔਰਤ ਮਜ਼ਦੂਰ ਪਰਿਵਾਰਾਂ ਦੇ ਅਧਿਐਨ ਤੋਂ ਇਕ ਬਹੁਤ ਹੀ ਦੁੱਖਦਾਈ ਪਹਿਲੂ ਸਾਹਮਣੇ ਆਇਆ ਕਿ ਇਨ੍ਹਾਂ ਪਰਿਵਾਰਾਂ ਦੀ ਔਸਤ ਉਪਭੋਗ ਪ੍ਰਵਿਰਤੀ 1.12 ਹੈ, ਜਿਸ ਦਾ ਭਾਵ ਇਹ ਹੈ ਜੇਕਰ ਇਨ੍ਹਾਂ ਪਰਿਵਾਰਾਂ ਦੀ ਆਮਦਨ 100 ਰੁਪਏ ਹੈ ਤਾਂ ਇਹ ਪਰਿਵਾਰ ਖ਼ਪਤ ਦੇ ਇਕ ਘੱਟੋਂ-ਘੱਟ ਪੱਧਰ ਨੂੰ ਬਣਾਈ ਰੱਖਣ ਲਈ 112 ਰੁਪਏ ਖ਼ਰਚ ਕਰ ਰਹੇ ਹਨ ਜਿਸ ਲਈ ਉਨ੍ਹਾਂ ਨੂੰ ਕਰਜ਼ਾ ਲੈਣਾ ਪੈਂਦਾ ਹੈ। ਭਾਵੇਂ ਇਨ੍ਹਾਂ ਪਰਿਵਾਰਾਂ ਦਾ ਕਰਜ਼ਾ ਕੁਝ ਹਜ਼ਾਰ ਰੁਪਏ ਹੀ ਹੈ, ਪਰ ਇਨ੍ਹਾਂ ਦੀ ਘੱਟ ਆਮਦਨ ਅਤੇ ਘੋਰ ਗ਼ਰੀਬੀ ਕਾਰਨ ਇਹ ਕਰਜ਼ਾ ਇਨ੍ਹਾਂ ਲਈ ਅਕਿਹ ਅਤੇ ਅਸਿਹ ਸਮੱਸਿਆਵਾਂ ਪੈਦਾ ਕਰ ਰਿਹਾ ਹੈ। ਸਰਕਾਰ ਦੇ ਜਾਗਣ ਦਾ ਵੇਲਾ ਹੈ ਕਿ ਇਸ ਕਿਰਤੀ ਵਰਗ ਦੇ ਆਮਦਨ ਦੇ ਪੱਧਰ ਨੂੰ ਇਤਨਾ ਤਾਂ ਘੱਟੋ-ਘੱਟ ਜ਼ਰੂਰ ਵਧਾਇਆ ਜਾਵੇ ਜਿਸ ਨਾਲ ਉਹ ਆਪਣੀਆਂ ਬੁਨਿਆਦੀ ਲੋੜਾਂ-ਰੋਟੀ, ਕੱਪੜਾ, ਮਕਾਨ, ਸਿੱਖਿਆ, ਸਿਹਤ- ਸੰਭਾਲ, ਸਾਫ਼ ਵਾਤਾਵਰਨ ਅਤੇ ਸਮਾਜਿਕ ਸੁਰੱਖਿਆ ਸਤਿਕਾਰਤ ਢੰਗ ਨਾਲ ਪੂਰੀਆਂ ਕਰ ਸਕਣ।

## ਨਾਨਕ: 2019

ਭਾਗੋ, ਸੱਜਣ, ਵਲੀ ਕੰਧਾਰੀ
ਤਿੰਨਾਂ ਮਿਲ਼ ਕੇ ਜੁਗਤ ਵਿਚਾਰੀ
ਨਾਨਕ ਨਾਮ ਨੂੰ ਵੇਚਣ ਚੱਲੇ
ਸਭਨਾਂ ਮਿਲ਼ ਕੇ ਕਰੀ ਤਿਆਰੀ

ਨਾਨਕ ਗੱਡੀ ਵਿਚ ਚੜ੍ਹਾ ਕੇ
ਓਧਰੋਂ ਚੱਲ ਕੇ ਏਧਰ ਆ ਕੇ
ਪਿੰਡ ਪਿੰਡ ਨਾਨਕ ਖ਼ੂਬ ਘੁਮਾਇਆ
ਬੋਰਿਆਂ ਦੇ ਵਿਚ ਭਰ ਲੀ' ਮਾਇਆ

ਨਾਨਕ ਬੰਦ ਕਾਰ ਵਿਚ ਕਰਿਆ
ਬੈਠਾ ਸੋਚਾਂ ਦੇ ਵਿਚ ਖੋਇਆ
ਸਾਦੇ ਕੱਪੜੇ ਪੈਰ ਖੜਾਵਾਂ
ਪੈਰਾਂ ਤੀਕ ਪਸੀਨਾ ਚੋਇਆ

ਜਾਪੇ ਕਿਸੇ ਸਫ਼ਰ ਤੋਂ ਮੁੜਿਆ
ਗੋਸ਼ਟ ਕੋਈ ਰਚਾ ਕੇ ਆਇਆ
ਜਾ ਮਿੱਟੀ ਨਾਲ਼ ਮਿੱਟੀ ਹੁੰਦਾ
ਹਲ਼ ਖੇਤਾਂ ਵਿਚ ਵਾਹ ਕੇ ਆਇਆ

ਗੱਡੀ ਵਿੱਚੋਂ ਬਾਹਰੇ ਵੇਂਹਦਾ
ਤੱਕ ਦੁਨੀਆ ਦੇ ਰੰਗ ਤਮਾਸ਼ੇ
ਨਾਨਕ ਸੋਚਾਂ ਦੇ ਵਿਚ ਖੋਇਆ
ਨਾਨਕ ਡਾਢਾ ਚਿੰਤਤ ਜਾਪੇ

ਕੌਣ ਇਹ ਨੇ ਚਿਮਟਿਆਂ ਵਾਲ਼ੇ
ਕਾਲ਼ੇ ਦਿਲ ਤੇ ਬੀਬੇ ਦਾਹੜੇ
ਜਾਪਣ ਕਮਲ਼ੇ ਅਤੇ ਸ਼ੁਦਾਈ
ਨਾਂ ਮੇਰੇ 'ਤੇ ਕਰਨ ਕਮਾਈ

ਕਿਉਂ ਫਿਰਦੇ ਇਹ ਬੰਬ ਚਲਾਉਂਦੇ
ਧੂੰਆਂ ਅੰਬਰ ਤੀਕ ਚੜ੍ਹਾਉਂਦੇ
ਪੌਣ ਗੁਰੂ ਤੇ ਪਿਤਾ ਹੈ ਪਾਣੀ
ਨਾਲ਼ੋ ਨਾਲ਼ ਪਏ ਨੇ ਗਾਉਂਦੇ

ਕਿਉਂ ਇਹ ਹੱਥੀ ਕਿਰਤ ਨਾ ਕਰਦੇ
ਵੰਡ ਛਕਣ ਤੋਂ ਕਾਹਤੋਂ ਡਰਦੇ
ਮੇਰੇ ਪੈਰੋਕਾਰ ਕਹਾਉਂਦੇ
ਤਸਵੀਰਾਂ 'ਤੇ ਭੋਗ ਲਗਾਉਂਦੇ

ਮੈਂ ਕੋਈ ਐਸਾ ਭਰਮ ਨਾ ਘੜਿਆ
ਮੈਂ ਕੋਈ ਵੱਖਰਾ ਧਰਮ ਨਾ ਘੜਿਆ
ਮੇਰਾ ਬਾਲਾ ਤੇ ਮਰਦਾਨਾ
ਕਰ ਲਏ ਅੱਡ ਸਿਆਸਤਦਾਨਾਂ

ਉੱਚਾ ਇਕ ਧਮਾਕਾ ਸੁਣ ਕੇ
ਝੱਟ ਮੈਂ ਸੁੱਤਾ ਉਠ ਖਲੋਇਆ
ਨੀਂਦਰ, ਸੁਪਨਾ ਦੋਵੇਂ ਟੁੱਟੇ
ਭੱਜ ਦਰਾਂ ਦੇ ਵੱਲ ਨੂੰ ਹੋਇਆ

ਸੁਬਾਹ ਸਵੇਰੇ ਅੰਮ੍ਰਿਤ ਵੇਲੇ
ਵਾਹਵਾ ਚੀਕ-ਚਿਹਾੜਾ ਪਾਇਆ
ਬੰਬ, ਪਟਾਕੇ, ਮੋਟਰ ਗੱਡੀਆਂ
ਧੂੰਆਂ ਅੰਬਰ ਤੀਕ ਚੜ੍ਹਾਇਆ

ਢੋਲਕੀਆਂ ਦੀ ਡਮ-ਡਮ ਵਿੱਚੋਂ
ਉੱਚਾ ਕਿਸੇ ਜੈਕਾਰਾ ਲਾਇਆ
ਉੱਠੋ ਦਰਸ਼ਨ ਕਰ ਲੋ', ਪਰਲੇ
ਪਾਰੋਂ ਨਗਰ ਕੀਰਤਨ ਆਇਆ

ਕਈ ਹਜ਼ਾਰਾਂ ਦੀ ਗਿਣਤੀ ਵਿਚ
ਸੰਗਤ ਪੈਦਲ ਚਲਦੀ ਪਈ ਏ
ਭੀੜ-ਭੜੱਕਾ ਡਾਢਾ ਏ ਪਰ
ਨਾਨਕ ਇਨ੍ਹਾਂ ਨਾਲ ਨਹੀਂ ਏ

ਨਾਨਕ ਸਦਾ ਸਿਦਕ 'ਤੇ ਖੜਿਆ
ਨਾਨਕ ਕਦੋਂ ਕਿਸੇ ਨੇ ਫੜਿਆ
ਨਾਨਕ ਮਰੀ ਜ਼ਮੀਰ ਨਹੀਂ ਏ
ਨਾਨਕ ਮਹਿਜ਼ ਸ਼ਰੀਰ ਨਹੀਂ ਏ

ਨਾਨਕ ਹੈ ਇਕ ਸੋਚ ਨਿਰਾਲੀ
ਨਾਨਕ ਮਜ਼ਲੂਮਾਂ ਦਾ ਵਾਲੀ
ਕਤਲ ਜਦੋਂ ਕੁਦਰਤ ਦਾ ਹੋਂਦਾ
ਨਾਨਕ ਓਥੇ ਕਦੋਂ ਖਲੋਂਦਾ

ਵਿਕਦਾ ਵਾਂਗ ਸਮਾਨ ਨਹੀਂ ਏ
ਨਾਨਕ ਕੋਈ ਦੁਕਾਨ ਨਹੀਂ ਏ
ਸੱਚ ਦੇ ਪਾਂਧੀ ਹੋਣਾ ਪੈਂਦਾ
ਨਾਨਕ ਆਪ ਕਮਾਉਣਾ ਪੈਂਦਾ

ਨੰਗੇ ਢਿੱਡ ਮੁਰਝਾਏ ਚਿਹਰੇ
ਛਲ ਤੇ ਕਪਟ ਨਾ ਨੇੜੇ-ਤੇੜੇ
ਖ਼ੂਨ ਪਸੀਨਾ ਇਕ ਕਰਕੇ ਵੀ
ਭੁੱਖੇ ਢਿੱਡ ਹੀ ਸੌਂਵਣ ਜਿਹੜੇ

ਰੱਬ ਦੀ ਰਜ਼ਾ ਚ ਰਾਜ਼ੀ ਰਹਿੰਦੇ
ਰੱਖੀ, ਮਿੱਸੀ ਹੱਕ ਦੀ ਛੱਕਦੇ
ਇਸ ਬਾਰਡਰ ਦੇ ਦੋਵੇਂ ਪਾਸੇ
ਲੱਖਾਂ ਭਾਈ ਲਾਲੋ ਵਸਦੇ

ਕਈ ਇਨ੍ਹਾਂ ਚੋਂ ਤਿਲਕ ਲਗਾਉਂਦੇ
ਕਈ ਸਿਰ ਚਿੱਟੀ ਟੋਪੀ ਪਾਉਂਦੇ
ਕੁਝ ਨਾਨਕ ਦਾ ਨਾਮ ਨਾ ਜਾਨਣ
ਕੁਝ ਨਾਨਕ ਨੂੰ ਪੀਰ ਬੁਲਾਉਂਦੇ

ਜੋ ਇਸ ਭੀੜੋਂ ਦੂਰ ਬੜੇ ਨੇ
ਲੇਬਰ ਚੌਂਕਾਂ ਵਿੱਚ ਖੜ੍ਹੇ ਨੇ
ਇਨ੍ਹਾਂ ਵੱਲ ਨੂੰ ਤੱਕ ਹਸਦਾ ਹੈ
ਨਾਨਕ ਇਨ੍ਹਾਂ ਵਿਚ ਵਸਦਾ ਹੈ
ਨਾਨਕ ਇਨ੍ਹਾਂ ਵਿਚ ਵਸਦਾ ਹੈ।

**– ਸੁਰਜੀਤ ਪਾਤਰ**

# ਸਾਂਝੀਵਾਲਤਾ ਦਾ ਸੁਨੇਹਾ ਦਿੰਦੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿਖਿਆਵਾਂ


ਪੌਣੀ ਸਦੀ ਪਹਿਲਾਂ ਵਿਛੜੇ ਸਮੇਂ ਨੂੰ ਮਿਲਿਆ ਜਾ ਸਕੇਗਾ। ਇਹ ਪੰਜਾਬੀ ਕੌਮ ਦੀ ਮਾਣਮੱਤੀ ਸਾਂਝੀ ਵਿਰਾਸਤ ਦਾ ਜਸ਼ਨ ਹੈ- ਇਹ ਦੁੱਖਾਂ ਭਰੇ ਜ਼ਖ਼ਮੀ ਇਤਿਹਾਸ ਤੋਂ ਮੁਹੱਬਤੀ ਭਵਿੱਖ ਵੱਲ ਜਾਂਦਾ ਰਾਹ ਹੈ - ਸਾਡੇ ਮਨਾਂ ਵਿਚ ਨਿਮਰਤਾ ਤੇ ਨਿਰਮਾਣਤਾਂ ਦਾ ਵਾਸ ਹੋਵੇ। ਅਸੀਂ ਬਾਬੇ ਨਾਨਕ ਦੇ ਸਾਂਝੀਵਾਲਤਾ ਵਾਲੇ ਸੁਨੇਹੇ ਦੇ ਲੜ ਲੱਗ ਸਕੀਏ। ਗੁਰੂ ਬਾਬਾ ਨਾਨਕ ਦਾ ਸੁਨੇਹਾ ਅਮਨ ਤੇ ਪਿਆਰ-ਮਹੱਬਤ ਤੇ ਸਾਂਝੇ ਭਾਈਚਾਰੇ ਦਾ ਰਾਹ ਹੈ- ਅਸੀਂ ਇਸ ਰਾਹ ਦੇ ਪਾਂਧੀ ਬਣੀਏ ਤੇ ਕਦੇ ਵੀ ਸਾਂਝੀਵਾਲਤਾ ਵਾਲੇ ਸਿਧਾਂਤ ਦਾ ਪੱਲਾ ਨਾ ਛੱਡੀਏ - ਜੱਗ ਵਿਚ ਮੁਹੱਬਤਾਂ ਦਾ ਪ੍ਰਚਾਰ ਕਰੀਏ।

ਕੋਸ਼ਿਸ਼ ਕਰਨੀ ਚਹੀਦਾ ਹੈ ਕਿ ਸੱਚ ਦੇ ਰਾਹ ਪਈਏ, ਬਾਬੇ ਨਾਨਕ ਦੀਆਂ ਜੀਵਨ ਸੁਆਰਦੀਆਂ ਸਮਝੌਤੀਆਂ ਦੇ ਲੜ ਲੱਗੀਏ, ਚੰਗੇ ਜੀਵਨ ਦੀ ਜੁਗਤ ਕਿ ਕੀ ਕਰੀਏ ਤੇ ਕੀ ਨਾ ਕਰੀਏ ਸਾਨੂੰ ਸਾਡੀ ਮਾਂ ਬੋਲੀ ਦੇ ਪਹਿਲੇ ਕਵੀ ਬਾਬਾ ਸ਼ੇਖ ਫਰੀਦ ਜੀ ਇਉਂ ਦੱਸਦੇ ਹਨ :

ਫਰੀਦਾ, ਜੇ ਤੂ ਅਕਲਿ ਲਤੀਫੁ ਕਾਲੇ ਲਿਖ ਨ ਲੇਖ॥
ਆਪਨੜੇ ਗਿਰਿਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥

ਅੱਜ ਸਾਡਾ ਕੀ ਹਾਲ ਹੈ – ਵਿਹਲੜ ਵੀ ਆਪਣੇ ਆਪ ਨੂੰ ਪਹਿਰਾਵੇ ਦੇ ਆਸਰੇ ਹੀ ਸੰਤ ਆਖੀ ਜਾ ਰਹੇ ਹਨ- ਇਨ੍ਹਾਂ ਨਕਲੀ "ਸਾਧਾਂ- ਸੰਤਾਂ" ਦੇ ਵੱਗ ਤੁਰੇ ਫਿਰਦੇ ਹਨ- ਮਾਫ ਕਰਨਾ ਵੱਗ ਸ਼ਬਦ ਆਮ ਕਰਕੇ ਪਸ਼ੂਆਂ ਲਈ ਰਾਖਵਾਂ ਹੈ-ਪਸ਼ੂਆਂ ਦੇ ਵੱਗ ਹੀ ਆਖੇ ਜਾਂਦੇ ਹਨ, ਪਰ ਜਿਸ ਸਮਾਜ ਦੇ ਵੱਖੋ ਵੱਖ ਭਾਈਚਾਰਿਆਂ ਕੋਲ ਸਾਧਾਂ ਦੇ ਵੱਗ ਹੋਣ ਉਨ੍ਹਾਂ ਦਾ ਕੀ ਹਾਲ ਹੋ ਸਕਦਾ ਹੈ ਇਹ ਸਭ ਨੇ ਰਲ ਕੇ ਸੋਚਣਾ ਹੈ। ਮਨੁੱਖ ਨੂੰ ਨਿਕੰਮਾਂ ਬਣਾਉਂਦੀ ਸੋਚ ਨੂੰ ਛੱਡ ਕੇ ਨਵੀਂ ਸਾਂਝ ਭਰੀ ਮਨੁੱਖਵਾਦੀ ਸੋਚ 'ਤੇ ਅਮਲ ਕਰਨ ਨਾਲ ਹੀ ਪਾਰ-ਉਤਾਰਾ ਹੋ ਸਕਦਾ ਹੈ। ਜਿਸ ਨੂੰ "ਸਭੇ ਸਾਝੀਵਾਲ ਸਦਾਇਨਿ ਤੂੰ ਕਿਸਹਿ ਨ ਦਿਸੈ ਬਾਹਰਾ ਜੀਉ॥" ਰਾਹੀਂ ਸਪਸ਼ਟ ਕੀਤਾ ਗਿਆ ਹੈ।

ਆਪਣੇ ਮਨ ਅੰਦਰ ਝਾਕਣ ਦਾ ਜਤਨ ਕਰਨਾ ਅਤੇ ਆਪਣੇ ਜੀਵਨ ਨੂੰ ਬਾਬੇ ਨਾਨਕ ਵਲੋਂ ਦਿੱਤੀ ਸਾਂਝੀਵਾਲਤਾ ਵਾਲੀ ਸੋਚ ਧਾਰਾ ਭਰੀ ਸੁਚੱਜੀ ਜੀਵਨ ਜਾਚ/ਜੀਵਨ ਜੁਗਤ ਨਾਲ ਜੋੜਨ ਦਾ। ਸੱਚੇ ਦਿਲੋਂ ਮਨੁੱਖ ਜਦੋਂ ਇਸ ਸੋਚ ਨਾਲ ਜੁੜੇਗਾ ਉਸ 'ਤੇ ਅਮਲ ਕਰੇਗਾ ਤਾਂ ਮਨੁੱਖ ਦੇ ਅੰਦਰ ਹੋਣ ਵਾਲਾ ਚਾਨਣ ਤੇ ਗੂੰਜਣ ਵਾਲੀ ਧੁਨੀ ਦਾ ਪਸਾਰ ਹੋਵੇਗਾ ਤਾਂ ਇਹ 'ਮਿਠੁਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ' ਵਿਚ ਤਬਦੀਲ ਹੋ ਜਾਵੇਗਾ। ਘਬਰਾਉਣ ਦੀ ਲੋੜ ਹੀ ਕੋਈ ਨਹੀਂ, ਜੇ ਅਸੀਂ ਆਪਣੇ ਮਨ ਵਿਚ 'ਸਚੈ ਮਾਰਗਿ ਚੱਲਦਿਆ ਉਸਤਤਿ ਕਰੇ ਜਹਾਨੁ' ਦਾ ਵਿਸ਼ਵਾਸ ਲੈ ਕੇ ਤੁਰਾਂਗੇ ਤਾਂ ਜਰੂਰ ਹੀ- 'ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥' ਸਾਡੀ ਪ੍ਰਾਪਤੀ ਹੋ ਨਿਬੜੇਗੀ।



### ਬਾਬੇ ਦੇ 550ਵੇਂ ਗੁਰਪੁਰਬ 'ਤੇ ਵਿਸ਼ੇਸ਼

# ਗੁਰੂ ਨਾਨਕ -ਕਿਰਤ ਦੇ ਪੋਟਿਆਂ ਤੇ ਲਿਖਿਆ ਨੇਕੀ ਦਾ ਗੀਤ



ਡਾ ਅਮਰਜੀਤ ਟਾਂਡਾ
aleemshakeel19@gmail.com

ਨਾਨਕ ਕਿਰਤ ਦੇ ਪੋਟਿਆਂ ਤੇ ਲਿਖਿਆ ਨੇਕੀ ਦਾ ਗੀਤ ਜੇਹਾ ਅਰਸ਼ ਹੈ। ਰੱਬ ਨਿਸ਼ਚਾ ਅਤੇ ਬੰਦਗੀ, ਇਨਸਾਨੀਅਤ ਦਾ ਇਤਫ਼ਾਕ ਜੇਹਾ। ਸਮਾਜਕ ਇਨਸਾਫ਼ ਲਈ ਉੱਦਮ ਇਮਾਨਦਾਰ ਵਤੀਰਾ। ਉਹ ਘਰੇਲੂ ਜ਼ਿੰਦਗੀ ਦਾ ਰਿਸ਼ਤਾ ਤੇ ਰਸਤਾ ਵੀ ਹੈ। ਦਲੀਲ ਦਾ ਮਾਡਲ। ਸੂਰਜ ਦੀ ਸੋਚ, ਸਰਘੀ ਦੀ ਮਾਂਗ ਚੋਂ ਜਨਮਦਾ ਪਹਿਲਾ ਸੁਪਨਾ ਸੁਬਾਹ ਦਾ ਪਹਿਲਾ ਨਗਮਾ। ਨਾਨਕ ਅਰਸ਼ ਦੀ ਕਿੱਲੀ ਤੇ ਟੰਗੀ ਨਵੀਂ ਤਰਜ਼ ਹੈ ਰਬਾਬ ਦੀਆਂ ਤਾਰਾਂ ਦੀ ਪਹਿਲੀ ਕੰਬਣੀ। ਧਰਤੀ ਤੇ ਵਿਚਰਦਿਆਂ ਸਾਨੂੰ ਆਨੰਦ ਮਿਲਿਆ ਅਦਭੁਤ ਲੱਗਾ। ਬੇਅੰਤ ਭੰਡਾਰੇ ਅਣਮੁੱਲ ਖਜ਼ਾਨੇ ਉਪਹਾਰ ਪਰਾਪਤ ਹੋਏ। ਅਸੀਂ ਜੀਣ ਜੋਗੇ ਹੋਏ। ਮਿੱਟੀਆਂ ਸਾਡੇ ਬੋਝ ਢੋਹਦੀਆਂ ਕੁਫਰ ਝੱਲਦੀਆਂ ਵੀ ਨਾ ਬੋਲਣ। ਨਾਨਕ ਉਚਾਰਦਾ ਗਿਆ ਗਾਉਂਦਾ ਤੁਰਿਆ ਰਿਹਾ। ਜਗ ਨੂੰ ਸ਼ਬਦਾਂ ਦਾ ਚਾਨਣ ਵੰਡਦਾ ਰਿਹਾ।

ਨਾਨਕ ਸੂਰਜ ਹੈ ਲੱਖਾਂ ਧਰਤੀਆਂ ਤੇ ਰੌਸ਼ਨੀ ਦੀ ਚਾਦਰ ਵਿਛਾਉਣ ਵਾਲਾ। ਰੌਸ਼ਨੀ ਠੰਢਕ ਹੈ ਰੌਣਕ ਹੈ ਖੇੜਾ ਹੈ। ਸ਼ਬਦ ਬਾਣੀ ਵਿਚ ਸੱਚੀ ਸੋਚ ਚੰਨਾਂ ਸਿਤਾਰਿਆਂ ਦੀ ਲਿਸ਼ਕ ਹੈ।ਟੁਕੜੇ ਕਾਤਰਾਂ ਨੇ ਸੂਰਜੀ ਰਿਸ਼ਮਾਂ ਗੁੰਨੀਆਂ ਹੋਈਆਂ। ਪੰਜ ਆਬ ਵਿਛਾ ਨਾਨਕ ਨੇ ਊੜਾ ਲਿਖ ਨਾਲ ਏਕਾ ਵੀ ਲਾਇਆ। ਪੰਜਾਬੀ ਸਾਰੀ ਦੁਨੀਆਂ ਚ ਤਾਰਿਆਂ ਵਾਂਗ ਲਿਸ਼ਕ ਗਏ ਤਾਂ ਹੀ ਪੰਜਾਬ ਦੇ ਪਾਣੀ ਪਿਤਾ ਬਣ ਗਏ ਤੇ ਧਰਤੀ ਮਾਤਾ ਬਣ ਸਜ ਗਈ। ਇਹਦੇ ਪਾਣੀ ਵਹਿੰਦੇ ਵੀ ਜਾਪ ਕਰਨ ਗੁਰਬਾਣੀ ਦਾ। ਹਵਾਵਾਂ ਰਾਗਨੀਆਂ ਗਾਉਣ। ਓਹੀ ਨਾਨਕ ਸ਼ਬਦ ਹੁਣ ਤੱਕ ਨਦੀਆਂ ਦੀਆਂ ਲਹਿਰਾਂ ਗਾ ਰਹੀਆਂ ਹਨ ਤੇ ਵਿਚ ਪੰਛੀ ਨਹਾਉਣ ਜਪੁਜੀ ਗਾਉਣ।

ਨਾਨਕੁ ਧਰਤੀਆਂ ਗਾਹੁੰਦਾ ਨਹੀਂ ਥੱਕਦਾ। ਕੀ ਨਹੀਂ ਹੋ ਸਕਦਾ। ਕੱਲਾ ਸੀ ਨਾਨਕ ਫਿਰ ਵੀ ਕੀ ਕੁੱਝ ਨਹੀਂ ਓਹਨੇ ਸਜਾਇਆ। ਕਿਰਤ ਕਰਨੀ ਦੱਸੀ ਜੋ ਲੁਕਾਈ ਦੀਆਂ ਹਥੇਲੀਆਂ ਤੇ ਲਿਖੀ ਗਈ ਹੈ। ਪਿੰਡ ਵਸਾਇਆ ਕਿਰਤ ਦਾ ਕਰਤਾਰਪੁਰ ਬਣ ਸਜ ਗਿਆ ਜਿਥੇ ਸ਼ਬਦ ਰਿਮਝਿਮ ਵਰਸੇ। ਵੰਡ ਕੇ ਖਾਣਾ ਦੱਸਿਆ।ਜਿਸ ਨਾਲ ਦੁਨੀਆਂ ਦੀ ਭੁੱਖ ਮਿਟ ਜਾਵੇ। ਹੰਕਾਰ ਨੀਵਾਂ ਕੀਤਾ ਮਜ਼ਹਬਾਂ ਦਾ। ਕਿਹਾ ਓਧਰ ਕਰ ਦਿਓ ਪੈਰ ਜਿੱਧਰ ਮਹਿਰਮ ਨਹੀਂ ਰਹਿੰਦਾ। ਫਲ ਹਰੇਕ ਮਿੱਠਾ ਹੋ ਸਕਦਾ ਹੈ ਜੇ ਰੀਝਾਂ ਦੇ ਪਾਣੀ ਨਾਲ ਸਿੰਜੋਗੇ ਤਾਂ। ਵਿਛ ਸਕਦੀ ਹੈ ਦੁਨੀਆਂ ਤੁਹਾਡੇ ਪੈਰਾਂ ਚ, ਠਰ ਸਕਦੀ ਹੈ ਬਲਦੀ ਧਰਤ ਦਲੀਲ ਨਾਲ ਗੱਲ ਤਾਂ ਕਰਨੀ ਸਿੱਖੋ। ਸਮਝ ਸਕਦੀ ਹੈ ਲੁਕਾਈ ਜੇ ਪਿਆਰ ਨਾਲ ਬੁੱਕਲ 'ਚ ਲੈ ਕੇ ਦਰਦ ਪੁੱਛੇ ਜਾਣ ਜ਼ਖਮਾਂ ਦੇ।

ਗੁੰਬਦਾਂ ਮੀਨਾਰਾਂ ਨਾਲ ਜੇ ਅਰਸ਼ ਛੂਹੇ ਜਾਂਦੇ ਤਾਂ ਮੱਥਿਆਂ 'ਚ ਦੀਵੇ ਸਜਾਉਣ ਦੀ ਲੋੜ ਨਾ ਪੈਂਦੀ। ਨਾਨਕ ਬੋਲਦਾ। ਸੁੱਕੀਆਂ ਪੈਲੀਆਂ ਹਰੀਆਂ ਵੀ ਹੋ ਸਕਦੀਆਂ ਹਨ। ਸੁੱਚੀ ਸੋਚ ਨਾਲ ਸਿੰਜੋ ਤਾਂ ਸਈ ਖੇਤਾਂ ਫਸਲਾਂ ਨੂੰ। ਬਲਦੀਆਂ ਹਿੱਕਾਂ ਦੀ ਤਪਸ਼ ਵੀ ਮਰ ਸਕਦੀ ਹੈ ਜਰਾ ਰਲਮਿਲ ਬੈਠ ਕੇ ਵਿਚਾਰ ਕਰਨੀ ਜੇ ਕੋਈ ਸਿੱਖ ਜਾਵੇ ਤਾਂ। ਉਹ ਵਾਰ 2 ਕਹਿ ਰਿਹਾ ਹੈ ਮੇਰੇ ਬਾਰੇ ਗ਼ਲਤ ਅਫਵਾਹਾਂ ਨਾ ਫੈਲਾਉ। ਅੱਜ ਤੱਕ ਵੀ ਤੁਸੀਂ ਮੈਨੂੰ ਨਹੀਂ ਜਾਣ ਸਕੇ ਮੇਰਾ ਸੁਨੇਹਾ।

ਮੱਕੇ ਦੇ ਲੋਕਾਂ ਮੁੱਲਾਂ ਦੀ ਸਮਝ ਕੁੱਝ ਪਾਇਆ ਸੀ ਇਹ ਸੇਧ ਸੋਚ ਨਾਲ ਕਿ ਭਾਈ ਜਿੱਧਰ ਉਹ ਨਹੀਂ ਹੈ ਓਧਰ ਕਰ ਦਿਓ ਪੈਰ। ਉਹਨਾਂ ਨੂੰ ਹਰ ਪਾਸੇ ਹੀ ਅੱਲ੍ਹਾ ਦਿਸਣ ਲੱਗਾ। ਹੋਰ ਮੱਕਾ ਕੋਈ ਚੱਕ ਸੀ ਘੁਮਿਆਰ ਦਾ ਕਿ ਫੇਰਿਆ ਜਾਂਦਾ। ਹਾਂ ਲੱਤਾਂ ਪੈਰ ਜ਼ਰੂਰ ਘੁੰਮਾਏ ਜਾ ਸਕਦੇ ਨੇ। ਸੱਪ ਤੋਂ ਛਾਂ ਕੌਣ ਕਰਵਾ ਸਕਦਾ ਹੈ ਜੋ ਪਹਿਲਾਂ ਡੰਗ ਮਾਰਦਾ ਹੈ। ਏਸੇ ਹੀ ਤਰ੍ਹਾਂ ਪਹਾੜ ਨੂੰ ਰੋਕਣਾ ਹੋਵੇ ਹੈ ਕਦੇ ਸੰਭਵ। ਮੈਨੂੰ ਜਾਦੂਗਰ ਨਾ ਬਣਾਉ। ਵੱਟਾ ਤਾਂ ਕੋਈ ਮਾਰ ਰੋਕ ਸਕਦਾ ਪਹਾੜ ਨੂੰ ਮਾਰਨਾ ਰੋਕਣਾ ਕਿੰਜ ਸੰਭਵ ਹੋਇਆ? ਹਸਨ ਅਬਦਾਲ ਕਿੰਨੇ ਨੇ ਖੂਹ। ਕੀ ਕੋਈ ਪਿਆਸਾ ਪਹਾੜ ਉੱਤੇ ਪਾਣੀ ਪੀਣ ਜਾਵੇਗਾ? ਉੱਪਰੋਂ ਹੇਠ ਨੂੰ ਕਈ ਥਾਵਾਂ ਤੇ ਪਾਣੀ ਆ ਰਿਹਾ ਹੁੰਦਾ ਹੈ। ਮੰਨ ਲਓ ਕਿਸੇ ਵਲੀ ਫ਼ਕੀਰ ਕੋਲ ਪਿਆਸਾ ਭੁੱਖਾ ਪਾਣੀ ਪੀਣ ਜਾਂਦਾ ਹੈ। ਕੀ ਉਹ ਫੱਕਰ ਦੁਰਕਾਰੇਗਾ?

ਕਿਰਤੀ ਦੇ ਹੱਥਾਂ ਵਿਚ ਸਦਾ ਹੀ ਦੁੱਧ ਵਰਗੀ ਸੋਚ ਚੰਨ-ਸੂਰਜ ਵਰਗੀ ਚਮਕ ਹੁੰਦੀ ਹੈ।

ਮਲਕ ਭਾਗੋ ਵਰਗੇ ਸਦਾ ਗ਼ਰੀਬ ਦਾ ਲਹੂ ਹੀ ਨਿਚੋੜਦੇ ਨੇ। ਹੋਰ ਕਦੇ ਪੂਰੀਆਂ ਨਿਚੋੜ ਲਹੂ ਕਿਉਂ ਕੱਢਵਾ ਰਹੇ ਹੋ ਹਾਂ ਵਾਧੂ ਤੇਲ ਜ਼ਰੂਰ ਨਿਕਲ ਸਕਦਾ ਹੈ। ਗ਼ਰੀਬ ਜੋ ਮਿਹਨਤ ਕਰਦਾ ਹੈ ਉਹ ਤਾਂ ਕੋਧਰੇ ਦੀ ਰੋਟੀ ਜਾਂ ਬਾਜਰਾ, ਜੁਆਰ ਹੀ ਖਾ ਸਕਦਾ ਹੈ ਤੇ ਨਾਨਕ ਨੇ ਖਾਧੀ ਵੀ ਹੋ ਸਕਦੀ ਹੈ। ਉਸ ਚ ਦੁੱਧ ਵਰਗਾ ਸੱਚ ਹੀ ਹੋਵੇਗਾ ਹੋਰ ਕੀ ਹੋ ਸਕਦਾ ਹੈ ਗ਼ਰੀਬ ਦੀ ਮਿਹਨਤ ਕੋਲ।

ਨਾਨਕ ਪੰਥ ਦਾ ਰੰਗ 'ਨਿਜ ਅਤੇ ਧੁਰ' ਦੀ ਰੱਖਿਆ ਪ੍ਰਤੀ ਜਾਗ੍ਰਿਤੀ ਕਹੋ। ਸ਼ਬਦ ਸੁਚੇਤ ਪੱਧਰ ਤੋਂ ਉਪਰ ਬੈਠਾ ਪਾਤਸ਼ਾਹ ਹੈ। ਸੱਚ ਦੇ ਸਫ਼ਿਆਂ ਨੂੰ ਥੱਲਣ ਵਾਲਾ ਨਿਰਾਲਾ ਜੇਹਾ ਸੰਕਲਪ। ਸਵੇਰਿਆਂ ਦਾ ਨਵਾਂ ਸੂਰਜ। ਨਵੀਂ ਪੈੜ੍ਹ ਤੇ ਸਰ੍ਹੋਂ ਦੇ ਫੁੱਲਾਂ ਵਰਗੀ ਤਾਰੀਖ਼ ਦਾ ਪੰਨਾ। ਇਨਸਾਨੀਅਤ ਦਾ ਗੌਰਵ ਸਵੈ-ਮਾਣ। ਅੰਬਰ ਦੇ ਬਨੇਰੇ 'ਤੇ ਅਰਸ਼ ਵਰਗਾ ਸਤੰਬ ਮੀਨਾਰ। ਤਾਰੀਖ ਦੇ ਪੰਨੇ ਤੇ ਚਿੰਤਨ ਅਤੇ ਚੇਤਨ ਦਾ ਨਵਾਂ ਅਧਿਆਇ ਹੈ ਨਾਨਕ। ਸੁੰਨੇ ਵਿਹੜਿਆਂ ਦੀ ਰੌਣਕ ਗੀਤ ਤੇ ਸੋਚ। ਲਤਾੜੀਆਂ ਰੂਹਾਂ ਦੀ ਪੀੜਤ ਆਤਮਾ। ਸਵੈਮਾਣ ਦਾ ਦੀਪਕ ਕੌਮ ਦੀ ਸੁਰਤਿ ਵਿਚ ਸ਼ਬਦ ਦੀ ਉਪਾਸਨਾ। ਸੰਗਮ ਰਾਗ ਸ਼ਬਦ ਦਾ ਖਾਲਸ ਹਾਰ। ਰੰਗ ਬਿਰੰਗੇ ਤੇ ਸੂਹੀਆਂ ਫੁੱਲ ਪੱਤੀਆਂ ਦਾ ਵਿਸ਼ਵ ਇਤਿਹਾਸ ਦਾ ਲਾਸਾਨੀ ਫਿਲਾਸਫਰ। ਅਧਿਆਤਮਕ ਆਗੂ, ਅਮਰ ਸਾਹਤਕਾਰ ਦਰਵੇਸ਼ ਰਚਨਾਤਮਿਕ ਪ੍ਰਤਿਭਾ ਇਲਾਹੀ ਸ਼ਖਸੀਅਤ ਹੈ ਕੋਈ ਨਾਨਕ। ਰੂਹਾਨੀ ਸੂਰਜ ਧਰਮ ਨਿਰਪੱਖਤਾ ਦਾ ਅਨੂਠਾ ਜੇਹਾ ਸੁਮੇਲ। ਲਾਸਾਨੀ ਸ਼ੈਲੀ ਅਕਾਲ ਉਸਤਤਿ ਦਾ ਰਚੇਤਾ। ਬ੍ਰਹਿਮੰਡ ਪਸਾਰੇ ਦੀ ਮਹਿਮਾ, ਗਾਇਣ ਵਹਿਮਾਂ ਭਰਮਾਂ ਤੇ ਪਾਖੰਡਾਂ ਦਾ ਤਿੱਖਾ ਵਿਰੋਧ।

ਮਹਾਂਪੁਰਸ਼ ਧਰਮ ਕਰਮਵੀਰ ਦਾਨਵੀਰ ਤੇ ਦਯਾਵੀਰ। ਮਿੱਟੀ ਧੁੰਦੁ ਜਗਿ ਚਾਨਣੁ ਕਰਨ ਵਾਲਾ ਸੂਰਜ।ਤਲਵੰਡੀ ਦੀ ਮਿੱਟੀ ਵਈਂ ਦੀਆਂ ਲਹਿਰਾਂ ਦਾ ਸੰਗੀਤ। ਜਨ-ਮਾਣਸ ਨੂੰ ਕਰੁਣਾ ਦਾ ਅੰਮ੍ਰਿਤ ਵਰਗਾ ਬੋਲ।ਮਾਰਗ ਦਰਸ਼ਨ ਲੋਕਾਈ ਦਾ ਨਵੇਂ ਆਦਰਸ਼ਾਂ ਦਾ ਸੰਸਥਾਪਕ। ਸੰਸਾਰ ਨੂੰ ਗਿਆਨ ਰਿਸ਼ਮਾਂ ਵੰਡਣ ਵਾਲਾ ਜੁਗਪੁਰਸ਼। ਨਾਨਕ ਪ੍ਰਤੀਨਿਧ ਬਾਣੀ ਦਾ ਰਾਗ ਹੈ। ਸ਼ਬਦ ਦੀਪਕ ਖੰਡਨ ਵਹਿਮਾਂ ਦਾ। ਵਿਚਾਰਧਾਰਕ ਪਰਿਪੇਖ ਦੀ ਪੇਸ਼ਕਸ਼। ਰਾਗ, ਲੈਅ ਅੰਤਰੀਵਤਾ ਕਾਵਿ ਕੌਸ਼ਲਤਾ ਸਾਗਰਾਂ ਵਰਗੀ ਡੂੰਘਾਈ, ਨੀਝ, ਵਿਸਥਾਰ। ਸ਼ਬਦ ਸੋਚ ਵਿਸ਼ਾਲਤਾ ਢੁਕਵੇਂ ਅਲੰਕਾਰ ਵੱਖਰੀ ਧਾਰਾ ਅਧਿਆਤਮਕ ਅਨੁਭਵ ਜੇਹੀ ਮੂਰਤ। ਗੁਰਮਤਿ ਵਿਚਾਰਧਾਰਾ ਦਾ ਨਿਰੰਤਰ ਅਤੇ ਸਹਿਜ ਵਿਕਾਸ, ਸਿਰਜਕ। ਮੂਲਭੂਤ ਮਾਨਵੀ ਅਧਿਕਾਰਾਂ ਲਈ ਡਟ ਕੇ ਖਲੋਣ ਵਾਲਾ। ਕੌਮ ਰਚਨਹਾਰਾ, ਰਹਿਬਰ। ਜਬਰ ਦੀ ਅਧੀਨਗੀ ਨੂੰ ਅਪ੍ਰਵਾਨਤ ਕਰਨ ਵਾਲਾ ਜਗਤ ਫੱਕਰ।ਮੰਦਿਰ ਮਸਜਿਦ, ਪੂਜਾ ਅਤੇ ਨਮਾਜ਼ ਸੱਭ ਨੂੰ ਸਮਾਨ ਸਜਾਉਣ ਵਾਲਾ ਨਨਕਾਣਵੀ।

ਸਚਾਈ, ਪ੍ਰੇਮ, ਸਿਮਰਨ, ਸੇਵਾ ਤੇ ਸ਼ਕਤੀ ਦਾ ਪੁੰਜ।ਸਦੀਆਂ ਤੋਂ ਚਾਨਣ ਮੁਨਾਰਾ ਲੱਖਾਂ ਸਿਤਾਰਿਆਂ ਦਾ। ਸਰਬਕਾਲੀਨ ਮਹਾਨ ਸੰਦੇਸ਼ ਮਾਰਗ ਗੁਰਪੀਰ ਜਗਤ ਗੁਰੂ। ਰਾਜਨੀਤਕ, ਸਮਾਜਿਕ, ਧਾਰਮਿਕ, ਆਰਥਿਕ ਅਤੇ ਸੱਭਿਆਚਾਰਕ ਗਿਰਾਵਟ ਵੇਲੇ ਦਾ ਜਗਿਆਸੂ, ਪੀਰ। ਮਕਸਦ ਨੂੰ ਸਨਮੁੱਖ ਰੱਖ ਅਮਲ ਕਰਨ ਵਾਲੀ ਭਾਰਤੀ ਜੀਵਨ ਦੀ ਡੂੰਘੀ ਨੀਝ। ਧਾਰਮਿਕ ਅੰਧਕਾਰ, ਸਮਾਜਿਕ ਗਿਰਾਵਟ ਅਤੇ ਰਾਜਸੀ ਅਨਿਆਂ ਨੂੰ ਆਪਣੀ ਬਾਣੀ ਵਿਚ ਚਿਤਰਣ ਤੇ ਕਰੜੀ ਪੜਚੋਲ ਕਰਨ ਵਾਲੀ ਸੱਚੀ ਸੋਚ ਮੁਹੱਬਤ।'ਸਭੇ ਸਾਂਝੀਵਾਲ ਸਦਾਇਨਿ' ਧਰਮ ਦੀ ਨੀਂਹ ਰੱਖਣ ਵਾਲਾ ਇਲਾਹੀ ਨਾਦ ਦੁਨੀਆ ਦਾ। ਮਨੁੱਖਤਾ ਦੇ ਆਲੇ-ਦੁਆਲੇ ਖੜ੍ਹੀਆਂ ਵਲਗਣਾਂ ਨੂੰ ਖ਼ਤਮ ਕਰ ਸੁਤੰਤਰਤਾ ਦਾ ਪ੍ਰਸੰਗ ਅੰਬਰ ਛੂੰਹਦਾ ਪਰਚਮ।ਬਹੁਮੁਖੀ ਪ੍ਰਤਿਭਾ ਦਾ ਸੁਆਮੀ ਆਦਰਸ਼ ਸ਼ਖ਼ਸੀਅਤ।

ਜੀਵਨ-ਜਾਚ ਸਿਖਾਉਣ ਵਾਲਾ ਰਾਹਗੀਰ ਜੀਵਨ ਸਮੱਸਿਆਵਾਂ ਦਾ ਗਹਿਰਾ ਅਧਿਐਨ ।

ਸੱਚੀ ਸਿੱਖਿਆ ਦੇਣ ਵਾਲਾ ਅਧਿਆਪਕ ਦੇਸ਼-ਦੇਸਾਂਤਰਾਂ ਦੀਆਂ ਯਾਤਰਾਵਾਂ ਕਰਨ ਵਾਲਾ ਯਾਤਰੂ। ਜਿਹਦੀਆਂ

(ਬਾਕੀ ਸਫਾ 20 'ਤੇ)

# ਕੀ ਹੈ ਤੁਹਾਡੇ ਕੋਲ? ਮੇਰੇ ਹਿੱਸੇ ਮਾਂ ਹੈ



ਗੁਰਮੀਤ ਪਲਾਹੀ
91-98158-02070

**ਦੇਸ਼ ਦੀ ਸਭ ਤੋਂ ਵੱਧ ਆਬਾਦੀ ਵਾਲੇ ਅਤੇ ਸਿਆਸੀ ਰੂਪ ਨਾਲ ਮਹੱਤਵਪੂਰਨ ਸੂਬੇ ਉਤਰਪ੍ਰਦੇਸ਼ ਦੇ ਹਾਲਾਤ ਖ਼ਾਸ ਤੌਰ 'ਤੇ ਹੈਰਾਨ-ਪ੍ਰੇਸ਼ਾਨ ਕਰਨ ਵਾਲੇ ਹਨ। ਜੱਚਾ-ਬੱਚਾ ਸਰਵੇ ਨੇ ਖੁਲਾਸਾ ਕੀਤਾ ਹੈ ਕਿ 48 ਫ਼ੀਸਦੀ ਗਰਭਵਤੀ ਔਰਤਾਂ ਅਤੇ ਛੇ ਮਹੀਨੇ ਦੇ ਦੌਰਾਨ ਮਾਂ ਬਣੀਆਂ 39 ਫ਼ੀਸਦੀ ਔਰਤਾਂ ਨੂੰ ਇਸ ਗੱਲ ਦਾ ਅਹਿਸਾਸ ਹੀ ਨਹੀਂ ਹੈ ਕਿ ਗਰਭ ਅਵਸਥਾ ਵਿੱਚ ਉਹਨਾ ਦਾ ਭਾਰ ਵਧਿਆ ਕਿ ਘਟਿਆ। ਇਸ ਤਰ੍ਹਾਂ ਨਾਲ ਇਹ ਜਾਣਕਾਰੀ ਵੀ ਘੱਟ ਹੀ ਮਿਲਦੀ ਹੈ ਕਿ ਗਰਭਵਤੀ ਹਾਲਤ ਦੇ ਵਿੱਚ ਔਰਤਾਂ ਨੂੰ ਆਰਾਮ ਦੀ ਲੋੜ ਹੁੰਦੀ ਹੈ।**

ਭਾਰਤ ਵਿੱਚ ਮਾਂ ਦਾ ਆਦਰ-ਸਤਿਕਾਰ ਕਰਨ ਦੀ ਚਿਰ ਪੁਰਾਣੀ ਪਰੰਪਰਾ ਹੈ। ਇਥੋਂ ਤੱਕ ਕਿ ਸਿਨਮਾ ਜਗਤ ਵੀ ਭਾਰਤੀ ਮਾਵਾਂ ਨੂੰ ਯਾਦ ਕਰਨ ਵਿੱਚ ਕਦੇ ਵੀ ਪਿੱਛੇ ਨਹੀਂ ਰਹਿੰਦਾ ਰਿਹਾ। ਹਿੰਦੀ ਫਿਲਮ ਦੀਵਾਰ ਦੇ ਉਸ ਚਰਚਾ ਵਿੱਚ ਰਹੇ ਆਪਸੀ ਡਾਇਲਾਗ ਨੂੰ ਭਲਾ ਕੌਣ ਭੁੱਲ ਸਕਦਾ ਹੈ? ਫ਼ਿਲਮ ਦੇ ਇੱਕ ਦ੍ਰਿਸ਼ ਵਿੱਚ ਅਮਿਤਾਬ ਬਚਨ ਕਹਿੰਦਾ ਹੈ, ਅੱਜ ਮੇਰੇ ਕੋਲ ਇਮਾਰਤ ਹੈ, ਜਾਇਦਾਦ ਹੈ, ਬੈਂਕ ਬੈਲੈਂਸ ਹੈ, ਬੰਗਲਾ ਹੈ, ਗੱਡੀ ਹੈ- ਕੀ ਹੈ ਤੁਹਾਡੇ ਕੋਲ? ਇਸਦੇ ਜਵਾਬ ਵਿੱਚ ਸ਼ਸ਼ੀ ਕਪੂਰ ਕਹਿੰਦਾ ਹੈ, "ਮੇਰੇ ਕੋਲ ਮਾਂ ਹੈ"। ਪਰੰਤੂ ਅਸਲ ਜ਼ਿੰਦਗੀ ਵਿੱਚ ਭਾਰਤੀ ਮਾਵਾਂ ਅਤੇ ਉਹਨਾ ਦੇ ਬੱਚਿਆਂ ਦੇ ਹਾਲਾਤ ਕੋਈ ਚੰਗੇ ਨਹੀਂ ਹਨ, ਜਿਵੇਂ ਕਿ ਇਕ-ਇਕ ਕਰਕੇ ਆਏ ਸਰਵੇਖਣਾਂ ਵਿੱਚ ਖੁਲਾਸਾ ਹੋ ਰਿਹਾ ਹੈ।

ਪਹਿਲੇ ਸਰਵੇ ਵਿੱਚ, ਜੋ ਸੀ.ਐਨ.ਐਨ.ਐਸ. (ਰਾਸ਼ਟਰੀ ਪੋਸ਼ਣ ਸਰਵੇਖਣ) ਨੇ ਕੀਤਾ, ਮਾਂ ਅਤੇ ਬੱਚਿਆਂ ਦੋਹਾਂ ਦੀ ਪਾਲਣ-ਪੋਸ਼ਣ ਦੀ ਹਾਲਾਤ ਹੈਰਾਨ ਕਰਨ ਵਾਲੀ ਪੇਸ਼ ਕੀਤੀ ਗਈ ਹੈ। ਇਸ ਵਿੱਚ ਇਹ ਵੀ ਪਤਾ ਲੱਗਿਆ ਕਿ ਬੱਚਾ ਜੰਮਣ ਦੀ ਉਮਰ ਵਿੱਚ ਔਰਤਾਂ, ਜਿਹਨਾ ਵਿੱਚ ਕਈ ਤਾਂ ਗਰਭਵਤੀ ਵੀ ਹਨ, ਬਹੁਤ ਬੁਰੀ ਹਾਲਾਤ ਵਿੱਚ ਹਨ। ਬਹੁਤ ਸਾਰੀਆਂ ਮਾਵਾਂ, ਬਨਣ ਵਾਲੀਆਂ ਮਾਵਾਂ ਦੇ ਨਾਲ-ਨਾਲ ਬੱਚਿਆਂ ਦੀ ਪੂਰੇ ਭਾਰਤ ਵਿੱਚ ਹਾਲਾਤ ਵਿੱਚ ਬਰਾਬਰਤਾ ਨਹੀਂ ਹੈ। ਕੁਝ ਸੂਬਿਆਂ ਵਿੱਚ ਹਾਲਾਤ ਹੋਰ ਸੂਬਿਆਂ ਦੇ ਮੁਕਾਬਲੇ ਬੇਹੱਦ ਖਰਾਬ ਹੈ। ਸਰਵੇ ਦਿਖਾਉਂਦਾ ਹੈ ਕਿ ਪੰਜ ਸਾਲ ਦੇ 35 ਫ਼ੀਸਦੀ ਬੱਚੇ ਮੱਧਰੇ ਕੱਦ ਦੇ ਹਨ, 17 ਫ਼ੀਸਦੀ ਕਮਜ਼ੋਰ ਹਨ, 33 ਫ਼ੀਸਦੀ ਦਾ ਭਾਰ ਘੱਟ ਹੈ ਅਤੇ 11 ਫ਼ੀਸਦੀ ਬੁਰੀ ਤਰ੍ਹਾਂ ਕੁਪੋਸ਼ਿਤ ਹਨ। ਵਿਸ਼ਵ ਪੱਧਰ ਤੇ ਜਿਸ ਕਿਸਮ ਦਾ ਫ਼ਰਕ ਹੈ, ਉਸ ਤੋਂ ਅਸਲੀ ਕਹਾਣੀ ਪਤਾ ਲੱਗਦੀ ਹੈ। ਬਿਹਾਰ, ਉਤਰਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਵਿੱਚ ਲਗਭਗ 37 ਤੋਂ 42 ਫ਼ੀਸਦੀ ਬੱਚੇ ਮਧਰੇ ਹਨ ਅਤੇ ਇਹ ਰਾਸ਼ਟਰੀ ਔਸਤ ਜੋ ਕਿ 35 ਫ਼ੀਸਦੀ ਹੈ, ਉਸਤੋਂ ਜਿਆਦਾ ਹੈ।

ਸੀ.ਐਨ.ਐਨ. ਐਸ. ਦੇ ਸਰਵੇ ਵਿੱਚ ਦੋ ਚੀਜ਼ਾਂ ਸਪਸ਼ਟ ਤੌਰ 'ਤੇ ਬਾਹਰ ਆਉਂਦੀਆਂ ਹਨ। ਪਹਿਲੀ, ਬੱਚੇ ਦੀ ਪੋਸ਼ਣ ਦੀ ਹਾਲਤ ਅਤੇ ਮਾਂ ਦੀ ਪੋਸ਼ਣਤਾ ਅਤੇ ਸਿੱਖਿਆ ਪੱਧਰ ਵਿੱਚ ਆਪਸੀ ਸਬੰਧ। ਸਰਵੇ ਵਿੱਚ ਮਾਂ ਵਲੋਂ ਪ੍ਰਾਪਤ ਕੀਤੀ ਗਈ ਸਕੂਲੀ ਸਿੱਖਿਆ ਅਤੇ ਘਰੇਲੂ ਤਰੱਕੀ ਦੇ ਪੱਧਰ ਤੋਂ ਬੱਚੇ ਦੇ ਉਪਭੋਗ ਦੇ ਪੈਟਰਨ ਦਾ ਨਿਰਧਾਰਣ ਕੀਤਾ ਗਿਆ ਹੈ। ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਜਿਹਨਾ ਸੂਬਿਆਂ ਵਿੱਚ ਅਨਪੜ੍ਹਤਾ ਖ਼ਾਸ ਤੌਰ ਤੇ ਔਰਤਾਂ ਦੀ ਅਨਪੜ੍ਹਤਾ ਦਾ ਪੱਧਰ ਹੁਣ ਵੀ ਜਿਆਦਾ ਹੈ, ਉਹ ਬੱਚਿਆਂ ਅਤੇ ਮਾਵਾਂ ਨਾਲ ਸਬੰਧਤ ਸੰਕੇਤਕਾਂ ਵਿੱਚ ਕਾਫ਼ੀ ਪਿੱਛੇ ਹਨ।

ਸਾਖਰਤਾ ਅਤੇ ਘਰ ਦੀ ਜਾਇਦਾਦ ਤੋਂ ਬਿਨ੍ਹਾਂ ਮਾਂ ਅਤੇ ਬੱਚਿਆਂ ਦੀ ਸਿਹਤ ਅਤੇ ਪੋਸ਼ਣ ਪੱਧਰ ਤੇ ਜੋ ਚੀਜ਼ ਪ੍ਰਭਾਵ ਪਾਉਂਦੀ ਹੈ, ਉਹ ਹੈ ਔਰਤਾਂ ਦੀ ਹੈਸੀਅਤ।ਜਿਹਨਾ ਸੂਬਿਆਂ ਵਿੱਚ ਔਰਤਾਂ ਦੀ ਹੈਸੀਅਤ ਮੁਕਾਬਲਤਨ ਚੰਗੀ ਹੈ, ਉਹਨਾ ਦੇ ਹਾਲਤ ਇਸ ਮਾਮਲੇ ਤੇ ਬੇਹੱਤਰ ਹੈ।

ਇਸੇ ਹਫ਼ਤੇ ਇੱਕ ਹੋਰ ਮੁਕਾਬਲਤਨ ਛੋਟੇ ਸਰਵੇ ਨੇ ਜ਼ਮੀਨੀ ਹਕੀਕਤ ਦੀਆਂ ਹੈਰਾਨੀਜਨਕ ਝਲਕੀਆਂ ਪੇਸ਼ ਕੀਤੀਆਂ ਹਨ ਅਤੇ ਕਈ ਪ੍ਰੇਸ਼ਾਨ ਕਰਨ ਵਾਲੀਆਂ ਸਚਾਈਆਂ ਦੀ ਪੁਸ਼ਟੀ ਕੀਤੀ ਹੈ। ਵਿਦਿਆਰਥੀ ਵਲੰਟੀਅਰਾਂ ਨੇ ਜੂਨ 2019 ਵਿੱਚ ਛੇ ਸੂਬਿਆਂ ਛੱਤੀਸਗੜ੍ਹ, ਹਿਮਾਚਲ ਪ੍ਰਦੇਸ਼, ਝਾਰਖੰਡ, ਮੱਧ ਪ੍ਰਦੇਸ਼, ਉੜੀਸਾ ਅਤੇ ਉਤਰ ਪ੍ਰਦੇਸ਼ ਵਿੱਚ ਜੱਚਾ-ਬੱਚਾ ਸਰਵੇ (ਜੇ ਏ ਬੀ ਐਸ) ਕੀਤਾ, ਜਿਸ ਵਿੱਚ ਹੋਰ ਕਈ ਮਹੱਤਵਪੂਰਨ ਜਾਣਕਾਰੀਆਂ ਸਾਹਮਣੇ ਆਈਆਂ। ਇਸ ਦਸ ਤੋਂ ਬਾਰਾਂ ਆਂਗਨਵਾੜੀਆਂ ਵਿੱਚ ਅਚਾਨਕ ਸਰਵੇ ਲਈ ਪਹੁੰਚੇ ਅਤੇ ਉਹਨਾ ਨੇ ਉਥੇ ਜਿੰਨਾਂ ਸੰਭਵ ਹੋ ਸਕਿਆ ਗਰਭਵਤੀ ਔਰਤਾਂ ਅਤੇ ਛੇ ਮਹੀਨੇ ਪਹਿਲਾ ਮਾਂ ਬਣੀਆਂ ਔਰਤਾਂ ਨਾਲ ਗੱਲਬਾਤ ਕੀਤੀ। ਉਹਨਾ ਨੇ ਵੇਖਿਆ ਕਿ ਗਰਭਵਤੀ ਔਰਤਾਂ ਦੀਆਂ ਲੋੜਾਂ ਵੱਲ ਬਹੁਤ ਘੱਟ ਧਿਆਨ ਦਿੱਤਾ ਜਾ ਰਿਹਾ ਹੈ। ਇਸ ਵਿੱਚ ਜ਼ਰੂਰੀ ਪੌਸ਼ਟਕਿ ਭੋਜਨ, ਜਿਆਦਾ ਆਰਾਮ ਅਤੇ ਸਿਹਤ ਸੁਰੱਖਿਆ ਸ਼ਾਮਲ ਹਨ। ਨਾ ਤਾਂ ਪਰਿਵਾਰ ਦੇ ਮੈਂਬਰਾਂ ਨੂੰ, ਨਾ ਹੀ ਖੁਦ ਔਰਤਾਂ ਨੂੰ ਅਹਿਸਾਸ ਹੈ ਕਿ ਬਨਣ ਵਾਲੀਆਂ ਮਾਵਾਂ ਨੂੰ ਵਾਧੂ ਦੇਖਭਾਲ ਦੀ ਲੋੜ ਹੁੰਦੀ ਹੈ।


ਦੇਸ਼ ਦੀ ਸਭ ਤੋਂ ਵੱਧ ਆਬਾਦੀ ਵਾਲੇ ਅਤੇ ਸਿਆਸੀ ਰੂਪ ਨਾਲ ਮਹੱਤਵਪੂਰਨ ਸੂਬੇ ਉਤਰਪ੍ਰਦੇਸ਼ ਦੇ ਹਾਲਾਤ ਖ਼ਾਸ ਤੌਰ 'ਤੇ ਹੈਰਾਨ-ਪ੍ਰੇਸ਼ਾਨ ਕਰਨ ਵਾਲੇ ਹਨ। ਜੱਚਾ-ਬੱਚਾ ਸਰਵੇ ਨੇ ਖੁਲਾਸਾ ਕੀਤਾ ਹੈ ਕਿ 48 ਫ਼ੀਸਦੀ ਗਰਭਵਤੀ ਔਰਤਾਂ ਅਤੇ ਛੇ ਮਹੀਨੇ ਦੇ ਦੌਰਾਨ ਮਾਂ ਬਣੀਆਂ 39 ਫ਼ੀਸਦੀ ਔਰਤਾਂ ਨੂੰ ਇਸ ਗੱਲ ਦਾ ਅਹਿਸਾਸ ਹੀ ਨਹੀਂ ਹੈ ਕਿ ਗਰਭ ਅਵਸਥਾ ਵਿੱਚ ਉਹਨਾ ਦਾ ਭਾਰ ਵਧਿਆ ਕਿ ਘਟਿਆ। ਇਸ ਤਰ੍ਹਾਂ ਨਾਲ ਇਹ ਜਾਣਕਾਰੀ ਵੀ ਘੱਟ ਹੀ ਮਿਲਦੀ ਹੈ ਕਿ ਗਰਭਵਤੀ ਹਾਲਤ ਦੇ ਵਿੱਚ ਔਰਤਾਂ ਨੂੰ ਆਰਾਮ ਦੀ ਲੋੜ ਹੁੰਦੀ ਹੈ। ਸਰਵੇ ਤੋਂ ਪਤਾ ਲੱਗਾ ਕਿ ਤਾਕਤਵਰ ਭੋਜਨ ਦੀ ਕਮੀ ਦੇ ਕਾਰਨ ਗਰਭਵਤੀ ਹਾਲਾਤ ਦੇ ਦੌਰਾਨ ਅਸਲ ਵਿੱਚ ਭਾਰ ਵਿੱਚ ਘੱਟ ਵਾਧਾ ਹੋਇਆ, ਜਿਸਦਾ ਪ੍ਰਭਾਵ ਬੱਚੇ ਉਤੇ ਪਵੇਗਾ। ਕਮ ਬੌਡੀ ਮਾਸ ਇੰਡੈਕਸ 'ਬੀ ਐਮ ਆਈ' ਅਨੁਸਾਰ ਔਰਤਾਂ ਦਾ ਭਾਰ, ਗਰਭਵਤੀ ਹੋਣ ਦੇ ਦੌਰਾਨ 13 ਤੋਂ 18 ਕਿਲੋਗ੍ਰਾਮ ਤੱਕ ਵਧਣਾ ਚਾਹੀਦਾ ਹੈ, ਪਰ ਸਰਵੇ ਵਿੱਚ ਸ਼ਾਮਲ ਔਰਤਾਂ ਦਾ ਭਾਰ ਸਿਰਫ਼ ਸੱਤ ਕਿਲੋਗ੍ਰਾਮ ਤੱਕ ਵਧਿਆ। ਉਤਰ ਪ੍ਰਦੇਸ਼ ਵਿੱਚ ਹਾਲਾਤ ਹੋਰ ਵੀ ਮਾੜੇ ਹਨ, ਜਿਥੇ ਭਾਰ ਵਿੱਚ ਚਾਰ ਕਿਲੋਗ੍ਰਾਮ ਦਾ ਵਾਧਾ ਹੀ ਹੋਇਆ। ਇਹ ਨਹੀਂ ਕਿ ਇਸ ਹਾਲਤ ਨੂੰ ਸੁਧਾਰਨ ਲਈ ਕੁਝ ਵੀ ਕੀਤਾ ਨਹੀਂ ਜਾ ਰਿਹਾ। ਸਚਾਈ ਇਹ ਹੈ ਕਿ ਗਰਭਵਤੀ ਮਾਵਾਂ ਨਾਲ ਸਬੰਧਤ ਨੀਤੀਆਂ 'ਤੇ ਠੀਕ ਅਮਲ ਨਹੀਂ ਹੋ ਰਿਹਾ। ਜਿਸ ਨਾਲ ਸਬੰਧਤਾਂ ਨੂੰ ਸਹੀ ਲਾਭ ਨਹੀਂ ਮਿਲ ਰਿਹਾ। ਉਦਾਹਰਨ ਲਈ ਰਾਸ਼ਟਰੀ ਖ਼ੁਰਾਕ ਸੁਰੱਖਿਆ ਕਨੂੰਨ 2013 ਦੇ ਤਹਿਤ ਪੂਰੇ ਦੇਸ਼ ਵਿੱਚ ਗਰਭਵਤੀ ਔਰਤਾਂ ਮਾਂ ਬਨਣ ਦਾ ਲਾਭ ਪਾਉਣ ਦੀਆਂ ਹੱਕਦਾਰ ਹਨ, ਜਦ ਤਕ ਕਿ ਉਹਨਾ ਨੂੰ ਔਪਚਾਰਿਕ ਖੇਤਰ ਵਿੱਚ ਰੁਜ਼ਗਾਰ ਦੇ ਕਾਰਨ ਪਹਿਲਾਂ ਹੀ ਕੋਈ ਲਾਭ ਨਾ ਮਿਲ ਰਿਹਾ ਹੋਵੇ। ਪ੍ਰੰਤੂ ਖੋਜ਼ ਕਰਤਾਵਾਂ ਅਤੇ ਵਿਦਿਆਰਥੀਆਂ ਨੇ ਜ਼ਮੀਨੀ ਪੱਧਰ ਤੇ ਵੇਖਿਆ ਕਿ ਕੇਂਦਰ ਸਰਕਾਰ ਨੇ ਤਿੰਨ ਵਰ੍ਹਿਆਂ ਤੱਕ ਇਸ ਤੋਂ ਮੁੱਖ ਮੋੜੀ ਰੱਖਿਆ ਅਤੇ ਕੋਈ ਲਾਭ ਨਾ ਦਿੱਤਾ। 2017 ਵਿੱਚ ਕੇਂਦਰ ਸਰਕਾਰ ਨੇ ਪ੍ਰਧਾਨ ਮੰਤਰੀ ਮਾਤਰ ਬੰਧਨਾ ਯੋਜਨਾ (ਪੀ ਐਮ ਐਮ ਬੀ ਵਾਈ) ਦੀ ਸ਼ੁਰੂਆਤ ਕੀਤੀ ਪ੍ਰੰਤੂ ਇਸ ਯੋਜਨਾ ਦਾ ਲਾਭ ਪ੍ਰਤੀ ਔਰਤ, ਇੱਕ ਬੱਚੇ ਤੱਕ ਸੀਮਤ ਹੈ ਅਤੇ ਰਕਮ ਵੀ ਘਟਾਕੇ ਛੇ ਹਜ਼ਾਰ ਤੋਂ ਪੰਜ ਹਜ਼ਾਰ ਕਰ ਦਿੱਤੀ ਗਈ ਹੈ। ਖੋਜ਼ ਕਰਤਾ ਕਹਿੰਦੇ ਹਨ ਕਿ ਕੇਂਦਰ ਨੇ ਇਕ ਹੋਰ ਯੋਜਨਾ 'ਜਨਨੀ ਸੁਰੱਖਿਆ ਯੋਜਨਾ' ਦੇ ਲਾਭ ਨੂੰ ਸਹੀ ਢੰਗ ਨਾਲ ਲਾਗੂ ਕਰਨ ਲਈ ਇੰਜ ਕੀਤਾ ਹੈ।

ਬਿਨ੍ਹਾਂ ਸ਼ੱਕ ਕੁਝ ਸੂਬਿਆਂ ਨੇ ਸਕਾਰਾਤਮਕ ਸੰਕੇਤ ਦਿੱਤੇ ਹਨ। ਮਸਲਿਨ ਉੜੀਸਾ ਵਿੱਚ ਗਰਭਵਤੀ ਮਾਵਾਂ ਨੂੰ ਲਾਭ ਯੋਜਨਾ 'ਮਮਤਾ' ਕੰਮ ਕਰ ਰਹੀ ਹੈ। ਇਸ ਸੂਬੇ ਵਿੱਚ ਗਰਭਵਤੀ ਔਰਤਾਂ ਅਤੇ ਦੁੱਧ ਚੁੰਘਦੇ ਬੱਚਿਆਂ ਦੀਆਂ ਮਾਵਾਂ ਨੂੰ ਰਾਸ਼ਨ ਵਿੱਚ ਅੰਡੇ ਜਿਹੀਆਂ ਪੌਸ਼ਟਿਕ ਖਾਣ ਵਾਲੀਆਂ ਚੀਜ਼ਾਂ ਮੁਹੱਈਆ ਕੀਤੀਆਂ ਜਾ ਰਹੀਆਂ ਹਨ। ਹਿਮਾਚਲ ਪ੍ਰਦੇਸ਼ ਵਿੱਚ ਮਾਵਾਂ ਦੀ ਸੁਰੱਖਿਆ ਲਈ ਅੱਛੀ ਸਰਵਜਨਕ ਸੇਵਾ ਹੈ। ਛੱਤੀਸਗੜ੍ਹ ਅਤੇ ਉੜੀਸਾ ਵਿੱਚ ਆਂਗਨਵਾੜੀਆਂ ਵਿੱਚ ਬੱਚਿਆਂ ਲਈ ਪੌਸ਼ਟਿਕ ਨਾਸ਼ਤੇ, ਪ੍ਰੀ-ਸਕੂਲ ਪਾਠਕਰਮ ਦੇ ਨਾਲ-ਨਾਲ ਆਂਗਨਵਾੜੀ ਵਰਕਰਾਂ ਅਤੇ ਸਿਹਤ ਸੇਵਾਵਾਂ ਦੇ ਕਰਮਚਾਰੀਆਂ ਵਿੱਚ ਬੇਹਤਰ ਤਾਲਮੇਲ ਹੈ, ਜੋ ਗਰਭਵਤੀ ਮਾਵਾਂ ਅਤੇ ਦੁੱਧ ਮੂੰਹੇ ਬੱਚਿਆਂ ਦਾ ਧਿਆਨ ਰੱਖਦੇ ਹਨ। ਝਾਰਖੰਡ, ਮੱਧ ਪ੍ਰਦੇਸ਼ ਅਤੇ ਉਤਰ ਪ੍ਰਦੇਸ਼ ਜਿਹੇ ਸੂਬਿਆਂ ਨੂੰ ਮਾਵਾਂ ਬੱਚਿਆਂ ਅਤੇ ਮਾਂ ਬਨਣ ਵਾਲੀਆਂ ਔਰਤਾਂ ਉਤੇ ਬਹੁਤ ਜਿਆਦਾ ਖ਼ਰਚਾ ਕਰਨ ਦੀ ਲੋੜ ਹੈ।

**-ਲੇਖਕ: ਪਤਰ ਲੇਖਾ ਚਟਰਜੀ**
**-ਪੰਜਾਬੀ ਰੂਪ: ਗੁਰਮੀਤ ਸਿੰਘ ਪਲਾਹੀ**

## ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ’ਤੇ ਵਿਸ਼ੇਸ਼

# ‘ਹਿੰਦ ਦੀ ਚਾਦਰ’ ਗੁਰੂ ਤੇਗ ਬਹਾਦਰ ਜੀ



ਗੁਰੂ ਤੇਗ ਬਹਾਦਰ ਜੀ ਸਿੱਖ ਧਰਮ ਦੇ ਨੌਵੇਂ ਗੁਰੂ ਸਨ। ਸੰਸਾਰ ਦੇ ਇਤਿਹਾਸ ’ਚ ਧਰਮ ਤੇ ਮਾਨਵੀਯ ਕਦਰਾਂ-ਕੀਮਤਾਂ, ਆਦਰਸ਼ਾਂ ਤੇ ਸਿਧਾਂਤਾਂ ਦੀ ਰੱਖਿਆ ਲਈ ਆਪਣੇ ਪ੍ਰਾਣਾਂ ਦੀ ਆਹੂਤੀ ਦੇਣ ਵਾਲਿਆਂ ’ਚੋਂ ਗੁਰੂ ਤੇਗ ਬਹਾਦਰ ਜੀ ਦਾ ਸਥਾਨ ਸਿਰਮੌਰ ਹੈ।

ਇਹ ਗੱਲ ਵਿਸ਼ੇਸ਼ ਤੌਰ ’ਤੇ ਧਿਆਨ ਦੇਣ ਵਾਲੀ ਹੈ ਕਿ ਭਾਰਤ ਤੋਂ ਇਲਾਵਾ ਜਿੱਥੇ-ਜਿੱਥੇ ਵੀ ਇਸਲਾਮ ਧਰਮ ਗਿਆ, ਸੀਰੀਆ, ਇਰਾਨ, ਇਰਾਕ, ਮਿਸਰ ਆਦਿ ਦੇਸ਼ਾਂ ’ਚ ਉਥੋਂ ਦੇ ਪ੍ਰਸ਼ਾਸਕਾਂ ਦੇ ਇਸਲਾਮ ਧਰਮ ਗ੍ਰਹਿਣ ਕਰ ਲੈਣ ਤੋਂ ਬਾਅਦ ਉਥੋਂ ਦੀ ਸਾਰੀ ਦੀ ਸਾਰੀ ਪਰਜਾ ਨੇ ਬੜੇ ਥੋੜ੍ਹੇ ਹੀ ਸਮੇਂ ’ਚ ਇਸਲਾਮ ਧਰਮ ਗ੍ਰਹਿਣ ਕਰ ਲਿਆ ਪਰ ਇਸ ਦੇ ਬਾਵਜੂਦ ਵੀ ਭਾਰਤੀਯ ਧਰਮ, ਪੰਥ ਦੀ ਉਦਾਰਤਾ ਨੇ ਵੀ ਇਸਲਾਮ ਧਰਮ ਦੇ ਪ੍ਰਸਾਰ ਨੂੰ ਰੋਕਣ ਲਈ ਬੜਾ ਮਹੱਤਵਪੂਰਨ ਯੋਗਦਾਨ ਪਾਇਆ। ਅਕਬਰ ਤੋਂ ਬਾਅਦ ਜਹਾਂਗੀਰ ਤੇ ਸ਼ਾਹਜਹਾਨ ਨੇ ਵੀ ਉਸੇ ਨੀਤੀ ਨੂੰ ਅਪਣਾਇਆ, ਜਿਹੜੀ ਅਕਬਰ ਨੇ ਲਾਗੂ ਕੀਤੀ ਸੀ। ਸ਼ਾਹਜਹਾਨ ਦੇ ਉਤਰਾਧਿਕਾਰੀ ਔਰੰਗਜ਼ੇਬ ਨੇ ਆਪਣੇ ਪੂਰਵਜਾਂ ਦੀ ਚੱਲੀ ਆ ਰਹੀ ਨੀਤੀ ’ਤੇ ਰੀਤੀ ਨੂੰ ਛੱਡ ਕੇ ਉਹ ਮੁਗਲ ਸਾਮਰਾਜ ਨੂੰ ਇਸਲਾਮੀ ਰਾਜ ਬਣਾਉਣ ਦੀ ਕੋਸ਼ਿਸ਼ ਕਰਨ ਲੱਗ ਪਿਆ। ਉਸ ਨੇ ਆਪਣੀ ਇਸਲਾਮਿਕ ਨੀਤੀ ਦੇ ਅਨੁਸਾਰ ਰਾਜ ਪ੍ਰਬੰਧ ਚਲਾਉਣ ਲਈ ਹਿੰਦੂ ਜਾਤੀ ਦੇ ਲੋਕਾਂ ਤੇ ਜਜ਼ੀਆ (ਟੈਕਸ) ਲਗਾਇਆ ਤੇ ਕਾਸ਼ੀ ’ਚ ਵਿੱਦਿਆਨਾਥ, ਗੁਜਰਾਤ ’ਚ ਸੋਮਨਾਥ, ਮਥਰਾ ’ਚ ਕੇਸ਼ਵ ਰਾਏ ਆਦਿ ਪ੍ਰਸਿੱਧ ਮੰਦਰਾਂ ਨੂੰ ਤੋੜਨ ਦੇ ਆਦੇਸ਼ ਦੇ ਦਿੱਤੇ। ਇਸ ਤੋਂ ਇਲਾਵਾ ਉਸ ਨੇ ਹਿੰਦੂ ਤੇ ਸ਼ਿਵਪੰਥ ਨੂੰ, ਆਪਣੇ ਪੁਰਬਾਂ ਨੂੰ ਸਰਬਜਨਕ ਤੌਰ ’ਤੇ ਮਨਾਉਣ ’ਤੇ ਰੋਕ ਲਗਾ ਦਿੱਤੀ। ਇਸਲਾਮ ਧਰਮ ਅਪਣਾਉਣ ਵਾਲਿਆਂ ਨੂੰ ਪੁਰਸਕਾਰ ਦੇਣੇ ਆਰੰਭ ਕਰ ਦਿੱਤੇ ਤੇ ਇਸਲਾਮ ਧਰਮ ਦੀ ਇਸ ਨੀਤੀ ਦਾ ਵਿਰੋਧ ਕਰਨ ਵਾਲਿਆਂ ਨੂੰ ਸਰਕਾਰੀ ਉੱਚ ਅਹੁਦਿਆਂ ਤੋਂ ਹਟਾ ਦਿੱਤਾ ਜਾਣਾ ਸ਼ੁਰੂ ਕਰ ਦਿੱਤਾ ਤੇ ਜਿਹੜੇ ਲੋਕ ਇਸਲਾਮ ਧਰਮ ਕਬੂਲ ਕਰਦੇ ਉਹਨਾਂ ਨੂੰ, ਉਹ ਅਹੁਦੇ ਤੇ ਪਦਵੀਆਂ ਦਿੱਤੇ ਜਾਣੇ ਸ਼ੁਰੂ ਕਰ ਦਿੱਤੇ। ਉਸ ਦੀ ਇਸ ਸੰਪਰਦਾਇਕ ਕੱਟੜ ਨੀਤੀ ਦਾ ਮੁਗਲ ਰਾਜ ਦੀ ਸਥਿਰਤਾ ’ਤੇ ਬਹੁਤ ਬੁਰਾ ਅਸਰ ਪਿਆ। ਮਥਰਾ ’ਚ ਜਾਟਾਂ ਨੇ, ਪੰਜਾਬ ’ਚ ਸਿੱਖਾਂ ਨੇ, ਰਾਜਪੂਤਾਨੇ ’ਚ ਦੁਰਗਦਾਸ ਰਾਠੌਰ ਨੇ, ਦੱਖਣ ’ਚ ਮਰਾਠਿਆਂ ਨੇ ਔਰੰਗਜ਼ੇਬ ਦੇ ਖ਼ਿਲਾਫ਼, ਉਸ ਦੀ ਇਸ ਕੱਟੜ ਧਾਰਮਿਕ ਨੀਤੀ ਦੇ ਖ਼ਿਲਾਫ਼ ਵਿਦਰੋਹ ਆਰੰਭ ਕਰ ਦਿੱਤਾ। ਇਸ ਦਾ ਇਹ ਅਸਰ ਹੋਇਆ ਕਿ ਔਰੰਗਜ਼ੇਬ ਹਿੰਦੋਸਤਾਨ ’ਚ ਨਾ ਤਾਂ ਇਸਲਾਮੀ ਰਾਜ ਦੀ ਸਥਾਪਨਾ ਕਰਨ ’ਚ ਸਫਲ ਰਿਹਾ ਤੇ ਨਾ ਹੀ ਉਸ ਨੂੰ ਇਸਲਾਮਿਕ ਰਾਜ ਬਣਾਉਣ ’ਚ ਸਫਲ ਹੋਇਆ।



**ਪ੍ਰੋ: ਐਚ.ਐਲ.ਕਪੂਰ**

ਇਸ ਸਮੇਂ ਸਿੱਖ ਧਰਮ ਦੇ ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਜੀ ਆਪਣੇ ਇਸ ਧਰਮ ਦੀ ਅਗਵਾਈ ਕਰ ਰਹੇ ਸਨ। ਉਹਨਾਂ ਦੇ ਮਨ ’ਚ ਹਿੰਦੂ ਧਰਮ ਪ੍ਰਤੀ ਸਤਿਕਾਰ ਇਸ ਹੱਦ ਤੱਕ ਸੀ, ਇਸ ਗੱਲ ਦਾ ਅਨੁਮਾਨ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਦੋਂ ਔਰੰਗਜ਼ੇਬ ਨੇ ਉਹਨਾਂ ਸਾਹਮਣੇ ਆਪਣਾ ਧਰਮ ਪਰਿਵਰਤਨ ਕਰਨ ਲਈ ਤਿੰਨ ਸੁਆਲ ਰੱਖੇ: (1) ਕੋਈ ਚਮਤਕਾਰ ਦਿਖਾਓ, (2) ਇਸਲਾਮ ਧਰਮ ਕਬੂਲ ਕਰੋ, (3) ਜਾਂ ਫਿਰ ਆਪਣੇ ਪ੍ਰਾਣਾਂ ਦੀ ਕੁਰਬਾਨੀ ਕਰਨ ਲਈ ਤਿਆਰ ਰਹੋ। ਤਦ ਗੁਰੂ ਜੀ ਨੇ ਔਰੰਗਜ਼ੇਬ ਦੇ ਪ੍ਰਸਤਾਵਾਂ ਦਾ ਉੱਤਰ ਦਿੰਦੇ ਹੋਏ ਕਿਹਾ- ਤਿਨ ਤੇ ਸਨਿ ਸ੍ਰੀ ਤੇਗ ਬਹਾਦਰ। ਧਰਮ ਨਿਵਾਰਿਨ ਬਿਖੈ ਬਹਾਦਰ। ਉੱਤਰ ਭਨਯੋ, ਧਰਮ ਹਮ ਹਿੰਦੂ। ਅਤਿ ਪ੍ਰੀਯ ਕੋ ਕਿਮ ਕਰਹਿ ਨਿਕਨਦੂ।। ਲੋਕ ਪਰਲੋਕ ਉਭਯ ਸੁਖਦਾਨੀ ਆਨ ਨ ਪਾਇਆ ਜਾਹਿ ਸਮਾਨੀ। ਮਤਿ ਮਲੀਨ ਮੂਰਖ ਮਤਿ ਜੋਈ। ਇਸ ਕੋ ਤਿਆਗੇ ਪਾਮਰ ਸੋਈ। ਸਮਤਿਵੰਤ ਹਮ ਕਹੁ ਕਿਉ ਤਿਆਗਹਿ। ਧਰਮ ਰਾਖਿਵੇ ਨਿਤ ਅਨੁਰਾਗਹਿ।। ਤਰਿਤਏ ਪਰਾਣ ਹਾਵ ਕੀ ਬਾਤ ਸੋ ਹਮ ਸਹੈ, ਅਪਨੇ ਗਾਤ। ਹਿੰਦੂ ਧਰਮ ਰਖਹਿ ਜਗ ਮਾਂਹੀ। ਤੁਮਰੇ ਕਰੇ ਬਿਨਸ ਯਹ ਨਾਂਹੀ।। ਔਰੰਗਜ਼ੇਬ ਦੀਆਂ ਗੱਲਾਂ ਸੁਣ ਕੇ, ਸਭ ਧਰਮਾਂ ਨੂੰ ਪਿਆਰ ਤੇ ਸਤਿਕਾਰ ਦੀ ਨਜ਼ਰ ਨਾਲ ਦੇਖਣ ਵਾਲੇ ਵੀਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਉੱਤਰ ਦਿੱਤਾ ਕਿ ਅਸੀਂ ਸੰਸਾਰ ਦੇ ਸਭ ਧਰਮਾਂ ਦਾ ਸਤਿਕਾਰ ਕਰਨ ਵਾਲੇ ਹਾਂ ਤਾਂ ਅਸੀਂ ਆਪਣੇ ਬਹੁਤ ਹੀ ਪਿਆਰੇ ਹਿੰਦੂ ਧਰਮ ਨੂੰ ਕਿਸ ਤਰ੍ਹਾਂ ਛੱਡ ਸਕਦੇ ਹਾਂ? ਸਾਡਾ ਇਹ ਧਰਮ ਲੋਕ ਤੇ ਪ੍ਰਲੋਕ ਦੋਨਾਂ ਨੂੰ ਸੁੱਖ ਦੇਣ ਵਾਲਾ ਹੈ। ਦੂਸਰਾ ਕੋਈ ਹੋਰ ਧਰਮ ਇਸ ਦੀ ਸਮਾਨਤਾ ਨੂੰ ਪ੍ਰਾਪਤ ਨਹੀਂ ਕਰ ਸਕਦਾ। ਜਿਹੜਾ ਮੂਰਖ ਹੈ ਉਹ ਹੀ ਇਸ ਨੂੰ ਤਿਆਗਣ ਦੀ ਗੱਲ ਸੋਚ ਸਕਦਾ ਹੈ। ਉਹ ਨਿਸ਼ਚਿਤ ਤੌਰ ’ਤੇ ਪਾਪੀ ਹੈ। ਇਸ ਤਰ੍ਹਾਂ ਦਾ ਵਿਅੱਕਤੀ ਨਿਸ਼ਚਿਤ ਤੌਰ ’ਤੇ ਹੀ ਇਸ ਲੋਕ ’ਚ ਅਤਿਅੰਤ ਦੁੱਖ ਪਾਉਂਦਾ ਹੈ। ਤੇ ਯਮਰਾਜ ਵੀ ਉਸ ਨੂੰ ਦੰਡ ਦਿੰਦਾ ਹੈ। ਇਹ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਧਰਮ ਦੀ ਰੱਖਿਆ ਕਰੀਏ। ਪ੍ਰਾਣ ਦੇਣ ਦੀ ਜੋ ਤੁਸੀਂ ਤੀਜੀ ਗੱਲ ਕਹੀ ਹੈ ਉਹ ਸਾਨੂੰ ਮਨਜ਼ੂਰ ਹੈ। ਅਸੀਂ ਆਪਣੇ ਸਰੀਰ ’ਤੇ ਅੱਤਿਆਚਾਰ ਝੱਲ ਕੇ ਤੇ ਆਪਣੇ ਪ੍ਰਾਣਾਂ ਦੀ ਅਹੂਤੀ ਦੇ ਕੇ ਆਪਣੇ ਧਰਮ ਦੀ ਰੱਖਿਆ ਕਰ ਲਵਾਂਗੇ। ਇਹ ਧਰਮ ਤੁਹਾਡੇ ਯਤਨਾਂ ਨਾਲ ਖਤਮ ਹੋਣ ਵਾਲਾ ਨਹੀਂ ਹੈ।

ਇਸ ਉਕਤ ਵਾਰਤਾ ਤੋਂ ਪਹਿਲਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਆਗਰੇ ਤੋਂ ਮੁਗਲ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਸੀ, ਜਦੋਂ ਉਹ ਆਪਣੇ ਸਿੱਖ ਮਿਸ਼ਨਰੀ ਪ੍ਰਚਾਰ ਲਈ ਉਥੋਂ ਪਹੁੰਚੇ ਹੋਏ ਸਨ। ਗ੍ਰਿਫ਼ਤਾਰੀ ਸਮੇਂ ਉਨ੍ਹਾਂ ’ਤੇ ਬਹੁਤ ਅੱਤਿਆਚਾਰ ਕੀਤੇ ਗਏ। ਉਨ੍ਹਾਂ ਨੂੰ ਲੋਹੇ ਦੇ ਇਕ ਤੰਗ ਪਿੰਜਰੇ ‘ਚ ਕਈ ਦਿਨਾਂ ਤੱਕ ਬੰਦ ਰੱਖਿਆ ਗਿਆ। ਉਨ੍ਹਾਂ ਦੀਆਂ ਨਜ਼ਰਾਂ ਦੇ ਸਾਹਮਣੇ ਉਨ੍ਹਾਂ ਦੇ ਬਹੁਤ ਹੀ ਪਿਆਰੇ ਸ਼ਰਧਾਲੂ ਸਿੱਖ ਭਾਈ ਮਤੀ ਦਾਸ ਜੀ ਨੂੰ ਦੋ ਥੰਮਾਂ ਦੇ ਵਿਚਕਾਰ ਬੰਨ੍ਹਿਆ ਗਿਆ ਤੇ ਤਸ਼ੱਦਦ ਕਰਨ ਉਪਰੰਤ ਉਨ੍ਹਾਂ ਨੂੰ ਜਿਉਂਦਿਆਂ ਆਰੇ ਨਾਲ ਚੀਰ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਦਿਆਲਾ ਜੀ ਨੂੰ ਵੀ ਬਹੁਤ ਤਸੀਹੇ ਦੇਣ ਉਪਰੰਤ ਜਿਉਂਦਿਆਂ ਨੂੰ ਉਬਲਦੀ ਦੇਗ ’ਚ ਉਬਾਲ ਕੇ ਸ਼ਹੀਦ ਕੀਤਾ ਗਿਆ ਤੇ ਭਾਈ ਸਤੀ ਦਾਸ ’ਤੇ ਤਸ਼ੱਦਦ ਕਰਨ ਉਪਰੰਤ ਉਨ੍ਹਾਂ ਦੇ ਸਰੀਰ ਨੂੰ ਸੂਤੀ ਰੂੰ ’ਚ ਲਪੇਟ ਕੇ ਅੱਗ ਲਗਾ ਦਿੱਤੀ ਗਈ ਤੇ ਸ਼ਹੀਦ ਕਰ ਦਿੱਤਾ।

ਗੁਰੂ ਤੇਗ ਬਹਾਦਰ ਜੀ ਨੇ ਕਈ ਦਿਨਾਂ ਤੱਕ ਆਪਣੇ ਸਰੀਰ ’ਤੇ ਸ਼ਾਂਤ-ਚਿੱਤ ਰਹਿ ਕੇ ਤਸ਼ੱਦਦ ਝੱਲੇ। ਅਖੀਰ ਨਵੰਬਰ 11, 1675 ਈਸਵੀ ਨੂੰ ਆਮ ਜਨਤਾ ਦੀ ਲੱਗੀ ਭੀੜ ’ਚ ਜਲਾਦ ਨੇ ਆਪਣੀ ਤਲਵਾਰ ਨਾਲ ਜਦੋਂ ਗੁਰੂ ਜੀ ਇਕਾਂਤ ਚਿੱਤ ਹੋ ਕੇ ਪਾਠ ਕਰ ਰਹੇ ਸਨ, ਉਨ੍ਹਾਂ ਦਾ ਸੀਸ ਧੜ ਤੋਂ ਅਲੱਗ ਕਰਕੇ ਸ਼ਹੀਦ ਕਰ ਦਿੱਤਾ। ਗੁਰੂ ਜੀ ਦਾ ਸੀਸ ਤੇ ਧੜ, ਧੂੜ ‘ਚ ਪਿਆ ਸੀ ਤੇ ਬਾਹਰ ਖੜ੍ਹੀ ਲੋਕਾਈ ’ਚੋਂ ਕਿਸੇ ਨੇ ਵੀ ਬਾਦਸ਼ਾਹ ਤੋਂ ਡਰਦਿਆਂ ਗੁਰੂ ਜੀ ਦੇ ਸਰੀਰ ਤੇ ਸੀਸ ਨੂੰ ਚੁੱਕਣ ਦਾ ਹੌਸਲਾ ਨਹੀਂ ਕੀਤਾ। ਥੋੜ੍ਹੇ ਸਮੇਂ ਬਾਅਦ ਸ਼ਹਿਰ ’ਚ ਬਹੁਤ ਤੇਜ਼ ਤੂਫਾਨ ਆਇਆ ਤੇ ਰਾਤ ਦੇ ਹਨੇਰੇ ’ਚ ਇਕ ਸਿੱਖ ਸ਼ਰਧਾਲੂ ਜਿਸ ਦਾ ਨਾਮ ਭਾਈ ਜੈਤਾ ਜੀ ਸੀ, ਨੇ ਗੁਰੂ ਜੀ ਦਾ ਪਵਿੱਤਰ ਸੀਸ ਨੂੰ ਉਠਾਇਆ ਤੇ ਆਪਣੇ ਨਾਲ ਲੈ ਕੇ ਆਨੰਦਪੁਰ ਸਾਹਿਬ ਨੂੰ ਚਾਲੇ ਪਾ ਦਿੱਤੇ ਤੇ ਉਹਨਾਂ ਦੇ ਗੁਰੂ ਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਵਾਲੇ ਕਰ ਦਿੱਤਾ। ਇਕ ਹੋਰ ਗੁਰੂ ਜੀ ਦਾ ਸਿੱਖ ਜਿਸ ਦਾ ਨਾਂ ਸੀ ਭਾਈ ਲੱਖੀ ਸ਼ਾਹ, ਉਸ ਪਾਸ ਇਕ ਗੱਡਾ ਸੀ, ਉਸ ਨੇ ਗੁਰੂ ਜੀ ਦੇ ਧੜ ਨੂੰ ਉਸ ਗੱਡੇ ’ਤੇ ਰੱਖਿਆ ਤੇ ਆਪਣੇ ਘਰ ਲੈ ਗਿਆ। ਉਸ ਲਈ ਜਨਤਕ ਤੌਰ ’ਤੇ ਗੁਰੂ ਜੀ ਦੇ ਸਰੀਰ ਦਾ ਅੰਤਿਮ ਸੰਸਕਾਰ ਕਰਨਾ ਬੜਾ ਖ਼ਤਰਨਾਕ ਸੀ ਤੇ ਉਸ ਨੇ ਆਪਣੇ ਘਰ ਨੂੰ ਅੱਗ ਲਗਾ ਦਿੱਤੀ ਤੇ ਇਸ ਤਰੀਕੇ ਨਾਲ ਗੁਰੂ ਜੀ ਦੇ ਸਰੀਰ ਦਾ ਅੰਤਿਮ ਸੰਸਕਾਰ ਕਰ ਦਿੱਤਾ। ਇਸੇ ਤਰ੍ਹਾਂ ਗੁਰੂ ਜੀ ਦਾ ਸੀਸ ਵੀ ਆਨੰਦਪੁਰ ਸਾਹਿਬ ਉਨ੍ਹਾਂ ਦੇ ਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਉਨ੍ਹਾਂ ਦੀ ਵਿਧਵਾ ਪਤਨੀ ਮਾਤਾ ਗੁਜਰੀ ਜੀ ਦੇ ਪਾਸ ਪਹੁੰਚਾਇਆ ਗਿਆ ਤੇ ਮਿਤੀ ਨਵੰਬਰ 16, 1675 ਈਸਵੀ ਨੂੰ ਆਨੰਦਪੁਰ ਸਾਹਿਬ ਵਿਖੇ ਹੀ ਚੰਦਨ ਦੀ ਲੱਕੜੀ ਦੀ ਚਿਤਾ ਚਿਣ ਕੇ ਤੇ ਗੁਲਾਬ ਦੇ ਫੁੱਲਾਂ ਦੀ ਵਰਖਾ ਕਰਕੇ ਉਨ੍ਹਾਂ ਦੇ ਸਪੁੱਤਰ ਗੁਰੂ ਗੋਬਿੰਦ ਸਿੰਘ ਜੀ ਨੇ ਅਗਨ ਭੇਟ ਕਰਕੇ ਅੰਤਿਮ ਸੰਸਕਾਰ ਕਰ ਦਿੱਤਾ। ਇਸ ਤਰ੍ਹਾਂ ਸਿੱਖ ਧਰਮ ਦੇ ‘ਨੌਵੇਂ ਨਾਨਕ’ ਜੀ ਇਸ ਧਰਤੀ ’ਤੇ ਜੋਤੀ-ਜੋਤ ਸਮਾਅ ਗਏ। ਸੰਸਾਰ ਦੇ ਇਤਿਹਾਸ ’ਚ ਇਹ ਇਕੱਲੀ ਅਜਿਹੀ ਮਿਸਾਲ ਮਿਲਦੀ ਹੈ ਕਿ ਗੁਰੂ ਤੇਗ ਬਹਾਦਰ ਜੀ ਵਰਗੇ ਕਿਸੇ ਧਾਰਮਿਕ ਗੁਰੂ ਨੇ ਕਿਸੇ ਦੂਸਰੇ ਧਰਮ ਦੀ ਰੱਖਿਆ ਤੇ ਆਜ਼ਾਦੀ ਲਈ ਲਾਸਾਨੀ ਸ਼ਹਾਦਤ ਦਿੱਤੀ ਹੋਵੇ।

ਸਿੱਖ ਧਰਮ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਧਰਮ ਦੀ ਰਾਖੀ ਲਈ ਦਿੱਤੀ ਗਈ ਕੁਰਬਾਨੀ ਸਮੇਂ ਕਿਹਾ ਸੀ- ‘ਤਿਲਕ ਜੰਞੂ ਰਾਖਾ ਪ੍ਰਭ ਤਾਕਾ, ਕੀਨੋ ਬਡੈ ਕਲੂਮਹਿ ਸਾਕਾ। ਸਾਧਨਿ ਹੇਤਿ ਇਤੀ ਜਿਨੀ ਕਰੀ, ਸੀਸ ਦੀਆ ਪਰ ਸੀ ਨਾ ਰੀ। ਧਰਮ ਹੇਤ ਸਾਕਾ ਜਿਨਿ ਕੀਆ, ਸੀਸ ਦੀਆ ਪਰ ਸਿਰਰ ਨਾ ਦੀਆ। ਮਤਲਬ ਪ੍ਰਭੂ ਨੇ ਉਹਨਾਂ ਦੇ ਤਿਲਕ ਤੇ ਜੰਞੂ ਲਈ ਦਿੱਤੀ ਕੁਰਬਾਨੀ ਦੀ ਲਾਜ ਰੱਖੀ ...। ਉਨ੍ਹਾਂ ਨੇ ਕਲਯੁਗ ’ਚ ਬੜੀ ਵੱਡੀ ਕੁਰਬਾਨੀ ਦਿੱਤੀ। ਧਰਮ ਦੀ ਰਾਖੀ ਲਈ ਉਨ੍ਹਾਂ ਨੇ ਆਪਣਾ ਸੀਸ ਕਟਵਾ ਦਿੱਤਾ ਪਰ ਸੀ ਨਹੀਂ ਕੀਤੀ ਤੇ ਆਪਣੇ ਧਰਮ ’ਚ ਵਿਸ਼ਵਾਸ ਨੂੰ ਲਾਜ ਨਹੀਂ ਲੱਗਣ ਦਿੱਤੀ :

“ਧਰਮ ਹੇਤ ਸਾਕਾ ਜਿਨਿ ਕੀਆ,
ਸੀਸ ਦੀਆ ਪਰ ਸਿਰੜ ਨ ਦੀਆ।”

ਇਸ ਮਹਾਂਵਾਕ ਅਨੁਸਾਰ ਗੁਰੂ ਜੀ ਦਾ ਬਲੀਦਾਨ ਨਾ ਕੇਵਲ ਧਰਮ ਦੀ ਰਾਖੀ ਲਈ ਹੀ ਸੀ ਪਰ ਇਹ ਬਲੀਦਾਨ ਸਾਰੀ ਮਾਨਵੀ ਸੰਸਕ੍ਰਿਤਕ ਵਿਰਾਸਤ ਦੀ ਰਾਖੀ ਲਈ ਬਲੀਦਾਨ ਸੀ। ਧਰਮ ਉਨ੍ਹਾਂ ਲਈ ਸੰਸਕ੍ਰਿਤਕ ਮੁੱਲਾਂ ’ਤੇ ਜੀਵਨ ਦਾ ਨਾਮ ਸੀ। ਇਸ ਲਈ ਧਰਮ ਦੇ ਸੱਚੇ ਅਸੂਲਾਂ ਲਈ ਉਨ੍ਹਾਂ ਦਾ ਕੁਰਬਾਨੀ ਦੇਣਾ ਇਕ : ਸੰਸਕ੍ਰਿਤਕ ਵਿਰਾਸਤ ਤੇ ਇੱਛਤ ਜੀਵਨ ਵਿਧਾਨ ਦੇ ਹੱਕ ’ਚ ਇਕ ਬਹੁਤ ਵੱਡਾ ਸਾਹਿਸਕ ਅਭਿਆਨ ਸੀ।

ਅੱਤਿਆਚਾਰੀ ਸ਼ਾਸਕ ਦੀ ਧਰਮ ਵਿਰੋਧੀ ਤੇ ਵਿਚਾਰਾਂ ਦੀ ਸੁਤੰਤਰਤਾ ਦਾ ਦਮਨ ਕਰਨ ਵਾਲੀਆਂ ਨੀਤੀਆਂ ਦੇ ਵਿਰੁੱਧ ਗੁਰੂ ਤੇਗ ਬਹਾਦਰ ਜੀ ਦਾ ਬਲੀਦਾਨ ਸਾਡੇ ਪੂਰਵਜ ਇਤਿਹਾਸ ਦੀ ਇਕ ਬਹੁਤ ਵੱਡੀ ਘਟਨਾ ਹੈ। ਇਹ ਗੁਰੂ ਜੀ ਦੇ ਨਿਰਭੈ ਆਚਰਣ, ਧਾਰਮਿਕ ਵਿਸ਼ਵਾਸ ਤੇ ਨੈਤਿਕ ਉਦਾਰਤਾ ਦੀ ਉੱਚਤਮ ਮਿਸਾਲ ਸੀ। ਗੁਰੂ ਜੀ ਮਾਨਵੀਯ ਧਰਮ ਤੇ ਵਿਚਾਰਕ ਸੁਤੰਤਰਤਾ ਦੇ ਲਈ ਆਪਣੀ ਸ਼ਹਾਦਤ ਦੇਣ ਵਾਲੇ ਇਕ ਕ੍ਰਾਂਤੀਕਾਰੀ ਯੁੱਗ ਪੁਰਸ਼ ਸਨ। ਇਸੇ ਲਈ ਹੀ ਉਨ੍ਹਾਂ ਨੂੰ ਭਾਰਤ ਦੇ ਇਤਿਹਾਸ ’ਚ ਹਿੰਦੂ ਧਰਮ ਦੀ ਰੱਖਿਆ ਕਰਨ ਵਾਸਤੇ ਦਿੱਤੀ ਗਈ ਕੁਰਬਾਨੀ ਤੇ ਮਨੁੱਖੀ ਕਦਰਾਂ-ਕੀਮਤਾਂ ਨੂੰ ਬਹਾਲ ਰੱਖਣ ਕਰਕੇ ’ਹਿੰਦ ਦੀ ਚਾਦਰ’ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।

**ਧਰਮ ਪ੍ਰਚਾਰ :-** ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਤੇ ਲੋਕ ਕਲਿਆਣ ਕਰਨ ਲਈ ਕਈ ਸਥਾਨਾਂ ਦੀ ਯਾਤਰਾ ਕੀਤੀ। ਆਨੰਦਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ, ਰੋਪੜ, ਸੈਫਾਵਾਦ ਦੇ ਲੋਕਾਂ ਨੂੰ ਸੰਜਮ ਤੇ ਸਹਿਜ ਮਾਰਗ ਦਾ ਪਾਠ ਪੜ੍ਹਾਉਂਦੇ ਹੋਏ ਉਹ ਖਿਆਲਾਂ (ਖਦਲ) ਪਹੁੰਚੇ। ਇੱਥੇ ਗੁਰੂ ਜੀ ਧਰਮ ਦੇ ਸੱਚੇ ਮਾਰਗ ਦਾ ਉਪਦੇਸ਼ ਦਿੰਦੇ ਹੋਏ ਦਮਦਮਾ ਸਾਹਿਬ ਤੋਂ ਹੁੰਦੇ ਹੋਏ ਕੁਰੂਕਸ਼ੇਤਰ ਪਹੁੰਚੇ। ਕੁਰੂਕਸ਼ੇਤਰ ਤੋਂ ਜਮਨਾ ਕਿਨਾਰੇ ਹੁੰਦੇ ਹੋਏ ਕੜਾਮਾਨਪੁਰ ਪਹੁੰਚੇ ਤੇ ਉਥੇ ਸਾਧੂ ਭਾਈ ਮਲੂਕ ਦਾਸ ਨੂੰ ਧਰਮ ਦੇ ਸੱਚੇ ਮਾਰਗ ਦਾ ਪਾਠ ਪੜ੍ਹਾਇਆ।

ਇੱਥੋਂ ਹੁੰਦੇ ਹੋਏ ਗੁਰੂ ਜੀ ਪ੍ਰਯਾਗ, ਬਨਾਰਸ, ਪਟਨਾ, ਅਸਾਮ ਆਦਿ ਦੇ ਖੇਤਰਾਂ ’ਚ ਗਏ, ਇੱਥੇ ਉਹਨਾਂ ਨੇ ਮਾਨਵਤਾ ਲਈ ਅਧਿਆਤਮਕ, ਸਮਾਜਿਕ, ਆਰਥਿਕ ਪੱਖ ਦੇ ਕਈ ਰਚਨਾਤਮਕ ਕੰਮ ਕੀਤੇ।

ਲੋਕਾਂ ਨੂੰ ਅਧਿਆਤਮਕ ਮਾਰਗ ਦਾ ਸੱਚਾ ਗਿਆਨ ਦਿੱਤਾ। ਸਮਾਜਿਕ ਪੱਧਰ ’ਤੇ ਚੱਲੀਆਂ ਆ ਰਹੀਆਂ ਕਈ ਰੂੜ੍ਹੀਵਾਦੀ, ਅੰਧ-ਵਿਸ਼ਵਾਸੀ, ਭਰਮਾਂ-ਵਹਿਮਾਂ ਦੀ, ਬੜੇ ਕੜੇ ਸ਼ਬਦਾਂ ’ਚ ਆਲੋਚਨਾ ਕੀਤੀ ਤੇ ਨਵੇਂ ਸਹਿਜ ਜਨ-ਕਲਿਆਣਕਾਰੀ ਆਦਰਸ਼ ਸਥਾਪਿਤ ਕੀਤੇ। ਉਨ੍ਹਾਂ ਨੇ ਮਾਨਵ ਸੇਵਾ ਲਈ ਪਾਣੀ ਦੀ ਸਹੂਲਤ ਵਾਸਤੇ ਖੂਹ ਖੁਦਵਾਏ, ਧਰਮਸਾਲਾਵਾਂ ਬਣਵਾਈਆਂ ਤੇ ਹੋਰ ਕਈ ਪਰਉਪਕਾਰੀ ਕੰਮ ਕਰਵਾਏ। ਇਨ੍ਹਾਂ ਹੀ ਯਾਤਰਾਵਾਂ ਦੇ ਦੌਰਾਨ ਸੰਨ 1666 ਈਸਵੀ ’ਚ ਪਟਨਾ ਸਾਹਿਬ ਵਿਖੇ ਉਨ੍ਹਾਂ ਦੇ ਘਰ ਪੁੱਤਰ ਨੇ ਜਨਮ ਲਿਆ, ਜਿਹੜੇ ਸਿੱਖ ਧਰਮ ਦੇ ਦਸਵੇਂ ਗੁਰੂ ਬਣੇ।

ਗੁਰੂ ਜੀ ਰੋਜ਼ ਆਨੰਦਪੁਰ ਸਾਹਿਬ ’ਚ ਅਧਿਆਤਮਕ ਗਿਆਨ ਦਾ ਸੰਗਤਾਂ ’ਚ ਪ੍ਰਚਾਰ ਕਰਦੇ, ਸੰਗਤਾਂ ਨੂੰ ਨੈਤਿਕਤਾ, ਨਿਡਰਤਾ ਤੇ ਅਧਿਆਤਮਕ ਜਾਗ੍ਰਿਤੀ ਦਾ ਸੰਦੇਸ਼ ਦਿੰਦੇ ਸਨ। ਉਸ ਸਮੇਂ ਆਨੰਦਪੁਰ ਸਾਹਿਬ ਸਿੱਖ ਧਰਮ ਦਾ- ‘ਇਕ ਆਨੰਦ ਧਾਮ’ ਹੀ ਸੀ। ਇੱਥੇ ਸਭ ਲੋਕ ਧਰਮ, ਜਾਤੀ, ਰੰਗ, ਸੰਪਰਦਾਏ ਆਦਿ ਦੇ ਭੇਦਭਾਵ ਤੋਂ ਬਿਨਾਂ ਸਮਾਜਿਕ ਬਰਾਬਰਤਾ ਦੇ ਆਧਾਰ ’ਤੇ ਅਧਿਆਤਮਕ ਅਲੌਕਿਕਤਾ ਦਾ ਗਿਆਨ ਪ੍ਰਾਪਤ ਕਰਦੇ ਸਨ। ਗੁਰੂ ਜੀ ਆਪ ਖੁਦ ਸ਼ਾਂਤੀ, ਖਿਮਾ ਤੇ ਸਹਿਣਸ਼ੀਲਤਾ ਦੀ ਅਦੁੱਤੀ ਮੂਰਤ ਸਨ।

ਉਨ੍ਹਾਂ ਨੇ ਸਦਾ ਮਾਨਵਤਾ ਨੂੰ ਪ੍ਰੇਮ, ਏਕਤਾ ਤੇ ਸਰਬ ਸਾਂਝੇ ਭਾਈਚਾਰੇ ਦਾ ਸੰਦੇਸ਼ ਦਿੱਤਾ। ਅਗਰ ਕਿਸੇ ਨੇ ਹਉਮੈ ’ਚ ਆ ਕੇ ਗੁਰੂ ਜੀ ਨਾਲ ਬੁਰਾ ਵਿਵਹਾਰ ਵੀ ਕੀਤਾ ਤਾਂ ਉਨ੍ਹਾਂ ਨੇ ਆਪਣੀ ਸਹਿਣਸ਼ੀਲਤਾ, ਮਧੁਰਤਾ ਤੇ ਲਿਆਕਤ ਨਾਲ ਸਮਝਾ ਕੇ ਉਸ ਨੂੰ ਸਿੱਧੇ ਰਸਤੇ ਪਾ ਦਿੱਤਾ। ਗੁਰੂ ਜੀ ’ਚ ਇੰਨੀ ਸਹਿਣਸ਼ੀਲਤਾ ਸੀ ਕਿ ਕਿਸੇ ਨੂੰ ਡਰਾਉਣ ਦੀ ਥਾਂ, ਸਮਝਾਉਣ ਦੀ ਸਿੱਖਿਆ ਦਿੰਦੇ ਸਨ ਤੇ ਆਪ ਕਿਸੇ ਤੋਂ ਡਰਦੇ ਵੀ ਨਹੀਂ ਸਨ। ਉਹ ਗੁਰਬਾਣੀ ’ਓ ਉਪਦੇਸ਼ ਦਿੰਦੇ ਹਨ- ‘ਮੈ ਕਾਹੂ ਕੋ ਦੇਤ ਨਾਹੀ। ਨਹਿ ਭੈ ਮਾਨਤ ਆਨ।’ ਉਹ ਬਚਪਨ ਤੋਂ ਹੀ ਬੜੇ ਸਰਲ, ਸਹਜ ਤੇ ਭਗਤੀ ਭਾਵ ਵਾਲੇ ਕਰਮਯੋਗੀ ਇਨਸਾਨ ਸਨ। ਉਨ੍ਹਾਂ ਦੀ ਬਾਣੀ ’ਚ ਮਧੁਰਤਾ, ਸਾਦਗੀ, ਸੱਜਣਤਾ ਤੇ ਵੈਰਾਗ ਦੀ ਭਾਵਨਾ ਕੁੱਟ-ਕੁੱਟ ਕੇ ਭਰੀ ਹੋਈ ਸੀ। ਉਨ੍ਹਾਂ ਦੇ ਜੀਵਨ ਦਾ ਪਹਿਲਾ ਸਿਧਾਂਤ ਹੀ ਇਹ ਸੀ ਕਿ ਧਰਮ ਦਾ ਸੱਚਾ ਮਾਰਗ ਹੀ ਜੀਵਨ ਦਾ ਸੱਚ ਹੈ ਤੇ ਸੱਚ ਦੀ ਹਮੇਸ਼ਾ ਜਿੱਤ ਹੁੰਦੀ ਹੈ।

---

# ਨਾਰਾਜ ਹੋਈ ਸਾਡੀ ਪ੍ਰਕਿਰਤੀ

ਇੱਕ ਸੰਮਾ ਸੀ ਜੱਦ ਸਾਡੀ ਪ੍ਰਕਿਰਤੀ ਬੇਹਦ ਖੂਬਸੂਰਤ ਹੁੰਦੀ ਸੀ ਨਾ ਹੀ ਹਵਾ ਗੰਦੀ ਹੁੰਦੀ ਸੀ ਤੇ ਨਾ ਹੀ ਪਾਣੀ, ਜੱਦਕਿ ਸਾਡੇ ਵੇਲੇ ਮਾਹੋਲ ਤਾਂ ਇਹ ਸੀ ਕਿ ਬਾਹਰ ਖੁੱਲ੍ਹੀ ਹਵਾ ਵਿੱਚ ਬੈਠਣਾ, ਸੋਨਾ ਤੇ ਉਸ ਪ੍ਰਕਿਰਤੀ ਦੀ ਸ਼ਾਂਤੀ ਵਿੱਚ ਸਮਾਂ ਬਿਤਾਉਣਾ ਜਿਆਦਾ ਚੰਗਾ ਲੱਗਦਾ ਸੀ। ਘਰ ਦੇ ਵਿਹੜੇ ਵਿੱਚ ਹਰ ਸਮਾਂ ਇੱਕ ਮੰਝੀ ਜਰੂਰ ਹੁੰਦੀ ਸੀ ਜਿੱਥੇ ਦਿਨ ਰਾਤ ਉੱਥੇ ਬੈਠ ਕੇ ਤਾਜੀ ਹਵਾ ਦਾ ਆਨੰਦ ਮਾਣਦੇ ਸੀ।

ਪਿੰਡ ਦੀ ਇੱਕ ਥਾਂ ਅਜਿਹੀ ਵੀ ਹੁੰਦੀ ਸੀ ਜਿੱਥੇ ਸਾਰੀਆਂ ਔਰਤਾਂ ਜਾਂ ਤਾਂ ਸਵੇਰੇ ਇੱਕਠੀਆਂ ਹੁੰਦੀਆ ਜਾਂ ਫੇਰ ਸ਼ਾਮ ਵੇਲੇ ਪਾਣੀ ਭਰਨ ਨੂੰ ਇੱਕਠੀਆਂ ਹੁੰਦੀਆਂ ਸੀ। ਉਸ ਵੇਲੇ ਆਹ ਆਰਓ ਵਰਗੇ ਚੋਚਲੇ ਨਹੀ ਹੁੰਦੇ ਸੀ ਪਰ ਅੱਜ ਕਲ ਤਾਂ ਪਾਣੀ ਵੀ ਕਈ ਹਿੱਸਿਆਂ ਵਿੱਚ ਵੰਡ ਗਿਆ ਹੈ ਪੀਣ ਵਾਲਾ ਪਾਣੀ ਵੱਖਰਾ, ਰੋਟੀ ਬਨਾਣ ਵਾਲਾ ਵੱਖਰਾ ਤੇ ਨਹਾਉਣ ਵਾਲਾ ਵੱਖਰਾ ਤਾਂ ਹੀ ਤਾਂ 21 ਵੀਂ ਸੱਦੀ ਤੱਕ ਆਉਦੇ ਆਉਦੇ ਪਾਣੀ ਹੀ ਬਹੁਤ ਘੱਟ ਰਹਿ ਗਿਆ ਹੈ।ਪੰਜਾਬ ਨੂੰ ਖੇਤੀਬਾੜੀ ਵਿੱਚ ਸਬ ਤੋਂ ਪਹਿਲੇ ਸਥਾਣ ਤੇ ਰੱਖਣ ਵਾਲੀ ਸਾਡੀ ਧਰਤੀ ਵੀ ਕਿਸੇ ਤੋਂ ਘੱਟ ਨਹੀ ਸੀ ਜਿਸ ਨੇ ਨਾ ਜਾਨੇ ਕਿੰਨੀਆ ਬੇਰੁਜ਼ਗਾਰਾਂ ਨੂੰ ਰੁਜਗਾਰ ਦਿੱਤਾ ਤੇ ਕਿੰਨੀਆਂ ਦਾ ਪੇਟ ਪਾਲਿਆ।

ਪਰ ਅੱਜ ਸਾਡੀ ਪ੍ਰਕਿਰਤੀ... ਸਾਡੀ ਇਹ ਧਰਤੀ, ਆਕਾਸ਼, ਪਾਣੀ, ਹਵਾ ਸੱਬ ਰੁੱਸੇ ਰੁੱਸੇ ਜਿਹੇ ਪ੍ਰਤੀਤ ਹੁੰਦੇ ਹਨ। ਇੰਝ ਲੱਗ ਰਿਹਾ ਹੈ ਜਿਵੇਂ ਪ੍ਰਕਿਤੀ ਮਨੁੱਖ ਜਾਤਿ ਤੋਂ ਬਦਲਾ ਲੈ ਰਹੀ ਹੋਵੇ ਤਾਂ ਹੀ ਤਾਂ ਅੱਜ ਪ੍ਰਕਿਰਤੀ ਦਾ ਹਰ ਇੱਕ ਸ੍ਰੋਤ ਜੋ ਕਦੇ ਸਾਨੂੰ ਸੁੱਖ, ਸ਼ਾਂਤੀ ਦਿੰਦਾ ਸੀ ਉਹ ਹੀ ਸਾਨੂੰ ਅੱਜ ਪੀੜਾਂ ਤੇ ਬੀਮਾਰੀਆਂ ਦੇ ਰੰਗ ਵਿੱਚ ਰੰਗ ਰਿਹਾ ਹੈ।

ਨਾਲੇ ਨਾਰਾਜਗੀ ਹੋਵੇ ਵੀ ਕਿਉ ਨਾਂ? ਅਸਾਂ ਮਨੁੱਖ ਜਾਤਿ ਨੇ ਆਪਣੇ ਸਵਾਰਥ ਲਈ ਕੁਦਰਤ ਦਾ ਹਰ ਰੰਗ ਬੇਰੰਗ ਕਰ ਦਿੱਤਾ, ਹਰ ਸ੍ਰੋਤ ਤਬਾਹ ਜੋ ਕਰ ਦਿੱਤਾ। ਪਹਿਲਾਂ ਤਾ ਮਨੁੱਖ ਜਾਤਿ ਨੇ ਵੱਧਦੀ ਆਬਾਦੀ ਨੂੰ ਹੱਥਿਆਰ ਬਣਾ ਕੇ ਪ੍ਰਕਿਰਤੀ ਦੇ ਸਬ ਤੋਂ ਤਾਕਤਵਰ ਸ੍ਰੋਤ ਧਰਤੀ ਤੇ ਹਮਲਾ ਕੀਤਾ, ਫੇਰ ਜਿੰਦਗੀ ਨੂੰ ਗੁਜਾਰਣ ਲਈ ਤੇ ਰੋਜਗਾਰ ਲਈ ਫੈਕਟਰੀਆਂ ਆ ਗਈਆਂ ਜਿਸ ਦੇ ਧੂੰਏਂ ਨੇ, ਕਾਰਾਂ ਦੇ ਧੂੰਏ ਨੇ ਮਿਲ ਕੇ ਸ਼ੁੱਧ ਹਵਾ ਦੇ ਅਸਤਿਤਵ ਨੂੰ ਖਤਮ ਕਰ ਦਿੱਤਾ। ਫੇਰ ਇਸ ਮਾਡਰਨ ਜਮਾਨੇ ਦਿਆ ਤਕਨੀਕਾਂ ਨੇ ਕੀਟ-ਨਾਸ਼ਕ ਦਾ ਇਸਤੇਮਾਲ ਕਰਕੇ ਸਾਡੀ ਧਰਤੀ ਨੂੰ ਵੀ ਬਹੁਤ ਤੜਫਾਇਆ ਜਿਸ ਨਾਲ ਉਹ ਪਲ ਪਲ ਕਮਜੋਰ ਹੁੰਦੀ ਗਈ। ਫੇਰ ਵੱਧਦੀ ਆਬਾਦੀ ਨੇ ਆਪਣੇ ਸਵਾਰਥ ਲਈ ਪਾਣੀ ਦੇ ਕਈ ਸ੍ਰੋਤਾਂ ਨੂੰ ਗੰਦਾ ਕੀਤਾ ਤੇ ਉਸ ਦੀ ਮਾਤਰਾ ਨੂੰ ਵੀ ਘੱਟ ਕਰ ਦਿੱਤਾ।

ਸਾਡੇ ਮਨੁੱਖ ਜਾਤਿ ਦੇ ਇੰਨੇ ਅੱਤਿਆਚਾਰਾਂ ਤੋਂ ਬਾਅਦ ਜਾ ਕੇ ਸਾਡੀ ਪ੍ਰਕਿਰਤੀ ਸਾਡੇ ਤੋਂ ਨਾਰਾਜ ਹੋਈ ਹੈ ਜੋ ਕਿ ਜਾਇਜ਼ ਹੈ ਕਿਉਂਕਿ ਅਸਾਂ ਮਨੁੱਖ ਜਾਤਿ ਆਪਣੇ ਸਵਾਰਥ ਲਈ ਕਿਸੇ ਨੂੰ ਖਤਮ ਕਰਨ ਲਈ ਤਿਆਰ ਹੋ ਜਾਂਦੇ ਹਨ। ਸਾਨੂੰ ਵੀ ਸਮਝਣਾ ਚਾਹੀਦਾ ਹੈ ਕਿ ਜੇ ਪ੍ਰਕਿਰਤੀ ਨੇ ਸਾਨੂੰ ਇੰਨੀਆਂ ਚੀਜਾਂ ਦਿੱਤੀਆਂ ਹਨ ਤਾਂ ਫੇਰ ਸਾਡਾ ਵੀ ਇੱਹ ਹੱਕ ਬਣਦਾ ਹੈ ਕਿ ਅਸੀ ਵੀ ਉਸ ਪ੍ਰਕਿਰਤੀ ਨੂੰ ਖੁਸ਼ ਰੱਖਿਏ ਪਰ ਸ਼ਾਇਦ ਹੁਣ ਬਹੁਤ ਦੇਰ ਹੋ ਚੁੱਕੀ ਹੈ ਹੁਣ ਪ੍ਰਕਿਰਤੀ ਨੂੰ ਮਨਾਉਣ ਤੇ ਇਸ ਲਈ ਕੁਝ ਕਰਨ ਦਾ ਸਮਾਂ ਲੰਘ ਗਿਆ ਹੈ। ਪਰ ਜੇਕਰ ਅਸੀ ਹੁਣ ਵੀ ਇੱਕ ਨਿੱਕੇ ਜਿਹੇ ਤਿਣਕੇ ਤੋਂ ਸ਼ੁਰਵਾਤ ਕਰਿਏ ਤਾਂ ਮੁੜ ਸਾਡੀ ਪ੍ਰਕਿਰਤੀ ਸਾਡੇ ਕੋਲ ਵਾਪਿਸ ਆ ਸਕਦੀ ਹੈ ਤੇ ਇਸ ਦੇ ਨਾਲ ਅਸੀ ਆਪਣੀ ਆਉਣ ਵਾਲੀ ਪੀੜੀ ਲਈ ਵੀ ਉਹ ਨਜਾਰੇ ਵਾਪਿਸ ਲਿਆ ਸਕਦੇ ਹਨ ਜੋ ਨਜਾਰੇ ਅਸੀ ਕਿਸੇ ਟਾਈਮ ਪ੍ਰਕਿਰਤੀ ਦੇ ਲਏ ਸੀ।

**- ਜਾਨਵੀ ਬਿੱਠਲ**
**91-97819-29714**

# ਸਿੱਖ ਸਮਾਜ ਦੇ ਸਿਰ ਇੱਕ ਹੋਰ ਕਲੰਕ ਚੰਗਾਲ਼ੀਵਾਲ਼ਾ ਕਾਂਡ

ਹੁਣੇ ਜਿਹੇ ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਹਲਕਾ ਲਹਿਰੇ ਦੇ ਪਿੰਡ ਚੰਗਾਲ਼ੀਵਾਲ਼ਾ ਵਿਖੇ ਦਲਿਤ ਅੱਤਿਆਚਾਰ ਦੀ ਇੱਕ ਹਿਰਦੇਵੇਧਕ ਘਟਨਾ ਵਾਪਰੀ ਹੈ। ਪੂਰੀ ਘਟਨਾ ਇਉਂ ਹੈ ਕਿ 37 ਸਾਲਾ ਜਗਮੇਲ ਸਿੰਘ ਉਰਫ ਜੱਗਾ ਨੂੰ ਪਿੰਡ ਦੇ ਹੀ ਧਨਾਡ ਅਤੇ ਉੱਚ ਜਾਤੀ ਨਾ਼ਲ ਸੰਬੰਧਤ ਪਰਿਵਾਰ ਵੱਲੋਂ ਲੰਘੇ 7 ਨਵੰਬਰ ਨੂੰ ਆਪਣੇ ਘਰ ਲਿਜਾ ਕੇ ਥਮ੍ਹਲੇ ਨਾ਼ਲ ਬੰਨ੍ਹ ਕੇ ਬੇਰਹਿਮੀ ਨਾ਼ਲ ਸਿਰਫ਼ ਕੁੱਟਿਆ ਹੀ ਨਹੀਂ ਗਿਆ ਸਗੋਂ ਗੈਰ ਮਾਨਵੀ ਕਾਰੇ ਵਜੋਂ ਪਲਾਸ ਨਾਲ ਉਸਦੇ ਪੱਟਾਂ ਦਾ ਮਾਸ ਵੀ ਨੋਚਿਆ ਗਿਆ। ਜਦੋਂ ਜਗਮੇਲ ਸਿੰਘ ਨੇ ਪਾਣੀ ਮੰਗਿਆ ਤਾਂ ਉਸਨੂੰ ਮਨੁੱਖੀ ਪਿਸ਼ਾਬ ਵੀ ਪਿਆਇਆ ਗਿਆ। ਬਾਅਦ ਵਿੱਚ ਉਸਨੂੰ ਕੁੱਟਮਾਰ ਕਰਕੇ ਬਾਹਰ ਸੜਕ 'ਤੇ ਸੁੱਟ ਦਿੱਤਾ ਗਿਆ। ਪਰਿਵਾਰ ਨੇ ਉਸਨੂੰ ਲਹਿਰਾ ਦੇ ਹਸਪਤਾਲ ਵਿੱਚ ਦਾਖਲ ਕਰਵਾਇਆ। ਫਿਰ ਉਸਨੂੰ ਸਿਵਲ ਹਸਪਤਾਲ ਸੰਗਰੂਰ ਭੇਜ ਦਿੱਤਾ ਗਿਆ। ਇੱਥੇ ਵੀ ਉਸ ਦੇ ਇਲਾਜ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ ਅਤੇ ਕੁੱਝ ਦਿਨ ਰੱਖਕੇ ਪਟਿਆਲਾ ਦੇ ਰਜਿੰਦਰਾ ਹਸਪਤਾਲ ਰੈਫਰ ਕਰ ਦਿੱਤਾ ਗਿਆ। ਹਾਲਤ ਜ਼ਿਆਦਾ ਨਾਜ਼ਕ ਹੋਣ ਕਾਰਨ ਇੱਥੋਂ ਉਸਨੂੰ ਪੀ.ਜੀ.ਆਈ. ਚੰਡੀਗੜ੍ਹ ਭੇਜ ਦਿੱਤਾ ਗਿਆ। ਇੱਥੇ ਉਸਦੀਆਂ ਦੋਵੇਂ ਲੱਤਾਂ ਕੱਟ ਦਿੱਤੀਆਂ ਗਈਆਂ ਪਰ ਫਿਰ ਵੀ ਉਸਨੂੰ ਬਚਾਇਆ ਨਾ ਜਾ ਸਕਿਆ।

ਇਹ ਉਸ ਬਦਨਸੀਬ ਜਗਮੇਲ ਸਿੰਘ ਦੀ ਕਹਾਣੀ ਸੀ ਜੋ ਇੱਥੇ ਹੀ ਖਤਮ ਨਹੀਂ ਹੁੰਦੀ। ਅੱਤਿਆਚਾਰ ਸਹਿਣ ਪਿੱਛੋਂ ਅਗਲੇ ਦਿਨ 8 ਨਵੰਬਰ ਨੂੰ ਉਹ ਲਹਿਰੇ ਹਸਪਤਾਲ ਵਿੱਚ ਇਲਾਜ ਕਰਾਉਣ ਗਿਆ। ਇੱਥੇ ਉਸਨੂੰ ਪੱਟੀ ਤੱਕ ਨਹੀਂ ਕੀਤੀ ਗਈ ਅਤੇ ਸੰਗਰੂਰ ਭੇਜ ਦਿੱਤਾ। ਇੱਥੇ ਉਹ 9 ਨਵੰਬਰ ਤੱਕ ਰਿਹਾ। ਪਰ ਇੱਥੇ ਵੀ ਇਲਾਜ ਕਰਨ ਦੀ ਬਜਾਏ ਉਸਨੂੰ ਪੱਟੀ ਕਰਕੇ 10 ਨਵੰਬਰ ਨੂੰ ਵਾਪਸ ਲਹਿਰੇ ਭੇਜ ਦਿੱਤਾ ਗਿਆ। ਪਰਿਵਾਰਕ ਮੈਂਬਰ ਉਸਨੂੰ ਲਹਿਰੇ ਹਸਪਤਾਲ ਵਿੱਚ ਉਡੀਕਦੇ ਰਹੇ। ਉਹ ਰੇਲ ਰਾਹੀਂ ਜਦੋਂ ਲਹਿਰੇ ਉੱਤਰਿਆ ਤਾਂ ਸਟੇਸ਼ਨ ਕੋ਼ਲ ਗਿਰ ਗਿਆ। ਇੱਥੋਂ ਉਸਨੂੰ ਐਂਬੂਲੈਂਸ ਰਾਹੀਂ ਲਹਿਰਾ ਹਸਪਤਾਲ ਵਿੱਚ ਲਿਆਂਦਾ ਗਿਆ। ਲਹਿਰੇ ਹਸਪਤਾ਼ਲ ਵਾ਼ਲਿਆਂ ਨੇ ਮੁੜ ਉਸਨੂੰ ਐਂਬੂਲੈਂਸ ਰਾਹੀਂ 11 ਨਵੰਬਰ ਨੂੰ ਸੰਗਰੂਰ ਭੇਜ ਦਿੱਤਾ ਗਿਆ। ਪਰ ਫਿਰ ਵੀ ਡਾਕਟਰਾਂ ਵੱਲੋਂ ਉਸ ਦੇ ਇਲਾਜ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਜਦੋਂ ਮਾਮਲਾ ਬਸਪਾ ਆਗੂਆਂ ਦੇ ਧਿਆਨ ਵਿੱਚ ਆਇਆ ਤਾਂ 13 ਨਵੰਬਰ ਨੂੰ ਡਾ: ਮੱਖਣ ਸਿੰਘ ਸੰਗਰੂਰ ਦੇ ਸਿਵਲ ਹਸਪਤਾਲ ਵਿੱਚ ਉਸਦਾ ਹਾਲਚਾਲ ਪੁੱਛਣ ਗਏ। ਇੱਕ ਡਾਕਟਰ ਹੋਣ ਕਰਕੇ ਦੇਖਣ ਸਾਰ ਹੀ ਉਹਨਾਂ ਨੂੰ ਮਹਿਸੂਸ ਹੋਇਆ ਕਿ ਮਰੀਜ਼ ਦੀ ਹਾਲਤ ਲੋੜ ਤੋਂ ਵੱਧ ਖਰਾਬ ਹੋ ਚੁੱਕੀ ਹੈ ਅਤੇ ਜੇਕਰ ਲੱਤਾਂ ਨੂੰ ਤੁਰੰਤ ਨਾ ਕੱਟਿਆ ਗਿਆ ਤਾਂ ਇਸਦੇ ਜਿੰਦਾ ਬਚਣ ਦੀ ਸੰਭਾਵਨਾ ਘਟ ਜਾਵੇਗੀ। ਉਹਨਾਂ ਸਬੰਧਤ ਡਾਕਟਰਾਂ ਨੂੰ ਇਲਾਜ ਵਿੱਚ ਅਣਗਹਿਲੀ ਕਾਰਨ ਝਿੜਕਿਆ ਤਾਂ ਡਾਕਟਰਾਂ ਵੱਲੋਂ ਉਸਨੂੰ ਪਟਿਆਲਾ ਦੇ ਰਜਿੰਦਰਾ ਹਸਪਤਾਲ ਰੈਫਰ ਕਰ ਦਿੱਤਾ ਗਿਆ। ਉਦੋਂ ਤੱਕ ਉਸਦੀ ਹਾਲਤ ਬਹੁਤ ਜ਼ਿਆਦਾ ਖਰਾਬ ਹੋ ਚੁੱਕੀ ਸੀ ਜਿਸ ਕਰਕੇ ਅਗਲੇ ਦਿਨ 14 ੨ਨਵੰਬਰ ਨੂੰ ਉਸਨੂੰ ਪੀ.ਜੀ.ਆਈ. ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ। ਇੱਥੇ ਹੀ 16 ਨਵੰਬਰ ਨੂੰ ਉਸ ਦੀ ਮੌਤ ਹੋਈ। ਧਿਆਨ ਦੇਣ ਯੋਗ ਹੈ ਕਿ ਜੇਕਰ ਸਿਵਲ ਹਸਪਤਾਲ ਸੰਗਰੂਰ ਵਿੱਚ ਹੀ ਉਸਦੇ ਇਲਾਜ ਵੱਲ ਡਾਕਟਰਾਂ ਵੱਲੋਂ ਧਿਆਨ ਦਿੱਤਾ ਗਿਆ ਹੁੰਦਾ ਤਾਂ ਉਸਨੂੰ ਸ਼ਾਇਦ ਬਚਾਇਆ ਜਾ ਸਕਦਾ ਸੀ।

ਹੁਣ ਗੱਲ ਕਰੀਏ ਪੁਲਿਸ ਪ੍ਰਸ਼ਾਸਨ ਦੀ। ਕਿਸੇ ਹਸਪਤਾ਼ਲ ਨੇ ਪੁਲਿਸ ਨੂੰ ਐਮ.ਐਲ.ਆਰ. ਨਹੀਂ ਭੇਜੀ। ਪਿੰਡ ਮੰਗਵਾਲ ਤੋਂ ਜਗਮੇਲ ਸਿੰਘ ਦੇ ਰਿਸ਼ਤੇਦਾਰ ਅਵਤਾਰ ਸਿੰਘ ਰਾਹੀਂ ਬਸਪਾ ਆਗੂਆਂ ਨੂੰ ਇਸਦੀ ਜਾਣਕਾਰੀ ਮਿਲੀ। ਬਸਪਾ ਆਗੂਆਂ ਦੁਆਰਾ ਪੁਲਿਸ ਨੂੰ 12 ਨਵੰਬਰ ਨੂੰ ਸੂਚਨਾ ਦਿੱਤੀ ਗਈ ਪਰ ਉਸਨੇ ਤੁਰੰਤ ਕੋਈ ਕਾਰਵਾਈ ਕਰਨੀ ਮੁਨਾਸਬ ਨਹੀਂ ਸਮਝੀ। ਬਸਪਾ ਆਗੂਆਂ ਨੇ ਦਬਾਅ ਪਾਇਆ ਤਾਂ 13 ਨਵੰਬਰ ਨੂੰ ਐਫ.ਆਈ.ਆਰ. ਤਾਂ ਦਰਜ ਹੋ ਗਈ ਪਰ ਕੋਈ ਗ੍ਰਿਫਤਾਰੀ ਨਹੀਂ ਕੀਤੀ ਗਈ। ਇਸ ਸੰਬੰਧੀ 15 ਨਵੰਬਰ ਨੂੰ ਬਸਪਾ ਆਗੂਆਂ ਦਾ ਇੱਕ ਵਫ਼ਦ ਡਾ: ਮੱਖਣ ਸਿੰਘ, ਚਮਕੌਰ ਸਿੰਘ ਵੀਰ ਅਤੇ ਮੋਤੀ ਲਾਲ ਛਾਜ਼ੀਆ ਦੀ ਅਗਵਾਈ ਹੇਠ ਐਸ.ਐਸ.ਪੀ. ਸੰਗਰੂਰ ਨੂੰ ਮਿਲਣ ਗਿਆ। ਐਸ.ਐਸ.ਪੀ. ਸੰਗਰੂਰ ਕਿਤੇ ਬਾਹਰ ਗਏ ਹੋਣ ਕਾਰਨ ਐਸ.ਪੀ. (ਐਚ) ਸ਼ਰਨਜੀਤ ਸਿੰਘ ਨੂੰ ਵਫਦ ਮਿਲਿਆ ਅਤੇ ਤੁਰਤ ਕਾਰਵਾਈ ਕਰਕੇ ਦੋਸ਼ੀਆਂ ਦੀ ਗ੍ਰਿਫਤਾਰੀ ਦੀ ਮੰਗ ਕੀਤੀ। ਉਹਨਾਂ ਉਸੇ ਸਮੇਂ ਹੀ ਲਹਿਰਾ ਥਾਣੇ ਨੂੰ ਅਰੋਪੀਆਂ ਨੂੰ ਗ੍ਰਿਫਤਾਰ ਕਰਨ ਦੇ ਹੁਕਮ ਦਿੱਤੇ ਅਤੇ ਡੀ.ਐਸ.ਪੀ. ਬੂਟਾ ਸਿੰਘ ਨੂੰ ਐਸ.ਸੀ. ਐਕਟ ਦੀ ਇਨਕੁਆਰੀ ਸੰਬੰਧੀ ਦਿਸ਼ਾ ਨਿਰਦੇਸ਼ ਦਿੱਤੇ। ਇਸ ਦੇ ਨਾ਼ਲ ਹੀ ਬਸਪਾ ਆਗੂਆਂ ਵੱਲੋਂ ਜਗਮੇਲ ਸਿੰਘ ਦੇ ਸਹੀ ਇਲਾਜ ਲਈ ਉਸ ਦੀ ਭੈਣ ਤੇਜ ਕੌਰ ਨੂੰ ਅਮਰੀਕਾ ਨਿਵਾਸੀ ਸ਼੍ਰੀ ਅਮਰ ਦਰੋਚ ਦੁਆਰਾ ਭੇਜੇ 25,000 ਰੁਪਏ ਆਰਥਿਕ ਸਹਾਇਤਾ ਵਜੋਂ ਦਿੱਤੇ ਗਏ।

15 ਨਵੰਬਰ ਨੂੰ ਹੀ ਸ਼ਾਮ ਨੂੰ ਜਗਮੇਲ ਸਿੰਘ ਦੀਆਂ ਦੋਵੇਂ ਲੱਤਾਂ ਡਾਕਟਰਾਂ ਵੱਲੋਂ ਕੱਟ ਦਿੱਤੀਆਂ ਗਈਆਂ ਪਰ ਫਿਰ ਵੀ ਉਸ ਨੂੰ ਬਚਾਇਆ ਨਾ ਜਾ ਸਕਿਆ। 16 ਨਵੰਬਰ ਨੂੰ ਸਵੇਰੇ ਚਾਰ ਵਜੇ ਹੀ ਉਸ ਦੀ ਮੌਤ ਦੀ ਖਬਰ ਆ ਗਈ। ਜਗਮੇਲ ਸਿੰਘ ਦੀ ਮੌਤ ਤੋਂ ਪਿੱਛੋਂ ਪੋਸਟ ਮਾਰਟਮ ਸਮੇਂ ਪਰਿਵਾਰ ਵੱਲੋਂ ਇਹ ਮੰਗ ਹੋਈ ਕਿ ਉਹਨਾਂ ਨੂੰ 25 ਲੱਖ ਰੁਪਏ ਆਰਥਿਕ ਸਹਾਇਤਾ ਅਤੇ ਪਰਿਵਾਰ ਦੇ ਇੱਕ ਜੀਅ ਨੂੰ ਸਰਕਾਰੀ ਨੌਕਰੀ ਦੇ ਵਾਅਦੇ ਪਿੱਛੋਂ ਹੀ ਉਹ ਲਾਸ਼ ਦਾ ਪੋਸਟ ਮਾਰਟਮ ਕਰਨ ਦੇਣਗੇ। ਆਖਰ 18 ਨਵੰਬਰ ਨੂੰ ਸਰਕਾਰ ਦੇ ਨੁਮਾਇੰਦਿਆਂ ਨਾਲ ਪਰਿਵਾਰਕ ਮੈਂਬਰਾਂ ਅਤੇ ਹਮਾਇਤੀ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਗੱਲਬਾਤ ਪਿੱਛੋਂ ਸਰਕਾਰ 20 ਲੱਖ ਰੁਪਏ ਅਤੇ ਸਰਕਾਰੀ ਨੌਕਰੀ ਦੇਣ ਲਈ ਸਹਿਮਤ ਹੋ ਗਈ। ਬਸਪਾ ਦੇ ਆਗੂਆਂ ਨੇ 50 ਲੱਖ ਰੁਪਏ ਦੀ ਸਹਾਇਤਾ ਦੀ ਮੰਗ ਕੀਤੀ ਸੀ ਪਰ ਸਮਝੌਤੇ ਉੱਪਰ ਹਸਤਾਖਰ ਕਰਨ ਸਮੇਂ ਉਹਨਾਂ ਨੂੰ ਚਲਾਕੀ ਨਾਲ ਪਾਸੇ ਕਰਕੇ ਇੱਕ ਜਥੇਬੰਦੀ ਦੇ ਆਗੂਆਂ ਤੋਂ ਹਸਤਾਖਰ ਕਰਵਾ ਲਏ ਗਏ।

ਇਸ ਕਹਾਣੀ ਦਾ ਇੱਥੇ ਹੀ ਅੰਤ ਨਹੀਂ ਹੁੰਦਾ। ਇਹ ਮੁੱਖ ਸਵਾਲ ਹੈ ਕਿ ਇਸ ਘਟਨਾ ਪਿੱਛੇ ਅਜਿਹੇ ਕਿਹੜੇ ਕਾਰਨ ਸਨ ਜਿੰਨ੍ਹਾਂ ਕਰਕੇ ਦੋਸ਼ੀਆਂ ਨੇ ਅਜਿਹੇ ਭੈੜੇ ਕਾਰਨਾਮੇ ਨੂੰ ਅੰਜਾਮ ਦੇ ਦਿੱਤਾ? ਇਹਨਾਂ ਦੀ ਤਹਿ ਤੱਕ ਨਹੀਂ ਜਾਇਆ ਜਾ ਸਕਿਆ। ਪਰਿਵਾਰਕ ਮੈਂਬਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਕੁਛ ਦਿਨ ਪਹਿਲਾਂ ਜਗਮੇਲ ਸਿੰਘ ਦਾ ਪਿੰਡ ਦੇ ਕੁੱਝ ਨੌਜਵਾਨਾਂ ਨਾ਼ਲ ਕਿਸੇ ਗੱਲ ਨੂੰ ਲੈ ਕੇ ਕੋਈ ਵਿਵਾਦ ਹੋਇਆ ਸੀ ਜਿਸ ਨੂੰ ਪੰਚਾਇਤ ਨੇ 21 ਅਕਤੂਬਰ ਨੂੰ ਬੈਠਕੇ ਸੁਲ਼ਝਾ ਦਿੱਤਾ ਸੀ। 7 ਨਵੰਬਰ ਨੂੰ ਜਗਮੇਲ ਸਿੰਘ ਪਿੰਡ ਦੇ ਸਾਬਕਾ ਪੰਚ ਗੁਰਦਿਆਲ ਸਿੰਘ ਦੇ ਘਰ ਬੈਠਾ ਸੀ ਕਿ ਉੱਥੇ ਰਿੰਕੂ, ਗੋਲੀ, ਬਿੱਟਾ ਅਤੇ ਲੱਕੀ ਨਾਂਅ ਦੇ ਨੌਜਵਾਨ ਆਏ ਅਤੇ ਦਵਾਈ ਦਿਵਾਉਣ ਬਾਰੇ ਕਹਿ ਕੇ ਜਗਮੇਲ ਸਿੰਘ ਨੂੰ ਆਪਣੇ ਨਾ਼ਲ ਲੈ ਗਏ। ਉਹ ਲਾਡੀ ਦਾ ਨਾਂਅ ਲੈ ਰਹੇ ਸਨ। ਜਗਮੇਲ ਸਿੰਘ, ਲਾਡੀ ਦਾ ਕਹਿਣਾ ਮੰਨਦਾ ਸੀ। ਉਸਨੂੰ ਰਿੰਕੂ ਦੇ ਘਰ ਲਿਜਾ ਕੇ ਅਣਮਨੁੱਖੀ ਕਾਰੇ ਨੂੰ ਅੰਜਾਮ ਦੇ ਦਿੱਤਾ। ਇਹ ਵੀ ਪਤਾ ਚੱਲਿਆ ਹੈ ਕਿ ਰਿੰਕੂ ਨੇ ਹੀ ਦੋ ਸਾਲ ਪਹਿਲਾਂ ਜਗਮੇਲ ਸਿੰਘ ਦੇ ਵੱਡੇ ਭਰਾ ਦੀਆਂ ਦੋਵੇਂ ਬਾਹਾਂ ਤੋੜ ਦਿੱਤੀਆਂ ਸਨ ਅਤੇ ਸਰਕਾਰ ਵੱਲੋਂ ਬਣਾਈ ਲੈਟਰੀਨ ਦੇ ਖੱਡੇ ਵਿੱਚ ਸੁੱਟ ਦਿੱਤਾ ਸੀ। ਰਾਤ ਦੇ 11-12 ਵਜੇ ਉਸਨੂੰ ਖੱਡੇ ਵਿੱਚੋਂ ਬਾਹਰ ਕੱਢਿਆ ਗਿਆ। ਰਿੰਕੂ ਨੇ ਉਸਨੂੰ ਦਵਾਈ ਦਿਵਾ ਦਿੱਤੀ ਅਤੇ ਕੱਚਾ ਜਿਹਾ ਪਲਸਤਰ ਵੀ ਕਰਵਾ ਦਿੱਤਾ। ਪਰਿਵਾਰ ਨੇ ਪੁਲਿਸ ਕੋਲ ਪਹੁੰਚ ਨਹੀਂ ਕੀਤੀ ਅਤੇ ਭਾਣਾ ਮੰਨ ਕੇ ਚੁੱਪ ਕਰਕੇ ਬੈਠ ਗਿਆ। ਉਸ 'ਤੇ ਦੋਸ਼ ਇਹ ਲਾਇਆ ਸੀ ਕਿ ਇਹ ਗਾਲ੍ਹਾਂ ਕੱਢਦਾ ਹੈ ਜਿੰਨ੍ਹਾਂ ਨੂੰ ਸੁਣਨਾ ਉਹਨਾਂ ਲਈ ਔਖਾ ਹੈ ਜਦਕਿ ਉਸਦਾ ਘਰ ਰਿੰਕੂ ਕੇ ਘਰ ਤੋਂ 400 ਮੀਟਰ ਦੂਰ ਹੈ। ਉਸ ਦੀਆਂ ਬਾਹਾਂ ਕਿਉਂ ਤੋੜੀਆਂ ਗਈਆਂ ਸਨ ਅਤੇ ਹੁਣ ਇਹ ਕਾਰਾ ਕਿਉਂ ਕੀਤਾ ਗਿਆ ਇਹ ਬਹੁਤ ਵੱਡੇ ਸਵਾਲ ਹਨ।



ਲਹਿਰਾ ਹਲਕਾ ਪੰਜਾਬ ਦੀ ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਦਾ ਹਲਕਾ ਹੈ ਅਤੇ ਚੰਗਾ਼ਲੀਵਾ਼ਲਾ ਪਿੰਡ ਉਸਦਾ ਸਹੁਰਾ ਪਿੰਡ ਹੈ। ਦੂਜੀ ਵੱਡੀ ਗੱਲ ਕਿ ਜਗਮੇਲ ਸਿੰਘ 7-8 ਸਾਲ ਪਹਿਲਾਂ ਬੀਬੀ ਰਜਿੰਦਰ ਕੌਰ ਦੇ ਡਰਾਇਵਰ ਵਜੋਂ ਸੇਵਾ ਵੀ ਨਿਭਾ ਚੁੱਕਿਆ ਹੈ। ਦੂਜਾ ਭਰਾ ਵੀ ਬੀਬੀ ਭੱਠਲ ਦੀ ਗੱਡੀ ਚਲਾਉਂਦਾ ਰਿਹਾ ਹੈ। ਇਸ ਕਰਕੇ ਜਗਮੇਲ ਸਿੰਘ ਦੀ ਮਦਦ ਕਰਨੀ ਬੀਬੀ ਰਜਿੰਦਰ ਕੌਰ ਦਾ ਜ਼ਰੂਰੀ ਫਰਜ਼ ਬਣਦਾ ਸੀ। ਪਰ ਇੰਨਾ ਵੱਡਾ ਕਾਂਡ ਵਾਪਰਨ 'ਤੇ ਵੀ ਪੁਲਿਸ ਥਾਣੇ ਵਿੱਚ ਕਈ ਦਿਨਾਂ ਤੱਕ ਜਗਮੇਲ ਸਿੰਘ ਦੀ ਸੁਣਵਾਈ ਨਾ ਹੋਣਾ ਇਸ ਗੱਲ ਦਾ ਸੰਕੇਤ ਹੈ ਕਿ ਅਰੋਪੀ ਬੀਬੀ ਭੱਠਲ ਦੇ ਸਮਰਥਕ ਸਨ। ਬੀਬੀ ਨੇ ਆਪਣੇ ਵੱਡੇ ਸਮਰਥਕਾਂ ਦੀ ਹੀ ਸੁਣਨੀ ਸੀ ਅਤੇ ਆਪਣਾ ਜਾਤੀ ਪੱਖ ਵੀ ਪੂਰਨਾ ਸੀ। ਇਸ ਕਰਕੇ ਮੀਡੀਆ ਵਿੱਚ ਇਹ ਮੁੱਦਾ ਛਾ ਜਾਣ ਤੱਕ ਬੀਬੀ ਭੱਠਲ ਵੱਲੋਂ ਕਿਸੇ ਤਰ੍ਹਾਂ ਦੀ ਵੀ ਕੋਈ ਸਹਾਇਤਾ ਕੀਤਾ ਜਾਣ ਦੀ ਖਬਰ ਨਹੀਂ ਸੁਣੀ।

ਦੋਸ਼ੀਆਂ ਵਿੱਚੋਂ ਇੱਕ ਅਮਰਜੀਤ ਸਿੰਘ ਨੇ ਉਸਨੂੰ ਮਾਰਨ ਦਾ ਕਾਰਨ ਦੱਸਦਿਆਂ ਟੀ.ਵੀ. ਚੈਨਲ ਵਾਲ਼ਿਆਂ ਨੂੰ ਕਿਹਾ ਕਿ ਮ੍ਰਿਤਕ ਸ਼ਰਾਬ ਪੀ ਕੇ ਲਲਕਾਰੇ ਮਾਰਦਾ ਸੀ ਜੋ ਉਹਨਾਂ ਤੋਂ ਜਰ ਨਹੀਂ ਹੋਇਆ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਅੱਜ ਪਿੰਡ ਪਿੰਡ ਸ਼ਰਾਬ ਦੇ ਠੇਕੇ ਖੁੱਲ੍ਹੇ ਹੋਏ ਹਨ। ਸਰਕਾਰੀ ਠੇਕਿਆਂ ਤੋਂ ਬਿਨਾਂ ਵੀ ਸ਼ਰਾਬ ਖੁੱਲ੍ਹੇਆਮ ਵਿਕ ਰਹੀ ਹੈ। ਇਸ ਕਰਕੇ ਸ਼ਾਮ ਸਮੇਂ ਬਹੁਤੇ ਲੋਕ ਸ਼ਰਾਬੀ ਦੇਖੇ ਜਾ ਸਕਦੇ ਹਨ। ਕੁੱਝ ਲੋਕ ਲਲਕਾਰੇ ਵੀ ਮਾਰਦੇ ਦਿਖਾਈ ਦਿੰਦੇ ਹਨ। ਦਾਰੂ ਪੀ ਕੇ ਲਲਕਾਰੇ ਮਾਰਨਾ ਪੰਜਾਬੀਆਂ ਲਈ ਕੋਈ ਨਵੀਂ ਗੱਲ ਨਹੀਂ ਹੈ। ਲਲਕਾਰੇ ਤਾਂ ਲੰਬੇ ਸਮੇਂ ਤੋਂ ਵੱਜਦੇ ਆਏ ਹਨ। ਪਰ ਕਿਸੇ ਨੂੰ ਸਿਰਫ਼ ਲਲਕਾਰੇ ਮਾਰੇ ਜਾਣ 'ਤੇ ਹੀ ਇੰਨੀ ਬੇਰਹਿਮੀ ਨਾ਼ਲ ਕਤਲ ਕਰ ਕੇ ਸੁੱਟ ਦੇਣਾ, ਪਲਾਸ ਨਾ਼ਲ ਮਾਸ ਨੋਚਣਾ ਅਤੇ ਮਨੁੱਖੀ ਪਿਸ਼ਾਬ ਤੱਕ ਪਿਲਾਉਣਾ ਕਦੇ ਵੀ ਨਹੀਂ ਸੁਣਿਆ। ਅਸਲ ਵਿੱਚ ਇਸ ਘ੍ਰਿਣਤ ਕਾਰੇ ਪਿੱਛੇ ਜਾਂ ਤਾਂ ਕੋਈ ਹੋਰ ਪੁਰ-ਾਣੀ ਖੁੰਧਕ ਹੈ ਜਾਂ ਫਿਰ ਇੱਕ ਦਲਿਤ ਨੂੰ ਲਲਕਾਰੇ ਮਾਰਦਾ ਦੇਖ ਕੇ ਉੱਚੀ ਜਾਤੀ ਦੇ ਹੰਕਾਰ ਤੋਂ ਜਰਿਆ ਨਹੀਂ ਗਿਆ।

ਜਗਮੇਲ ਸਿੰਘ ਦੀ ਭੈਣ ਬਲਜੀਤ ਕੌਰ ਅਨੁਸਾਰ ਪਿੰਡ ਦਾ ਮਾਹੌਲ ਖਰਾਬ ਹੈ ਅਤੇ ਉੱਚੀਆਂ ਜਾਤੀਆਂ ਦੇ ਲੋਕ ਕਹਿੰਦੇ ਹਨ ਕਿ ਤੁਸੀਂ ਸਾਨੂੰ ਸਹੀ ਤਰੀਕੇ ਨਾ਼ਲ ਨਹੀਂ ਬੁਲਾਉਂਦੇੁਚ ਜਾਤੀ ਔਰਤਾਂ ਕਹਿੰਦੀਆਂ ਹਨ ਕਿ ਸਾਨੂੰ ਸਰਦ-ਾਰਨੀ ਕਹਿ ਕੇ ਬੁਲਾਇਆ ਕਰੋ। ਇਸ ਦਾ ਮਤਲਬ ਹੈ ਕਿ ਪੰਜਾਬ ਵਿੱਚ ਜਾਤੀਵਾਦ ਦੁਬਾਰਾ ਸਥਾਪਤ ਹੋ ਰਿਹਾ ਹੈ। ਕਿਸੇ ਦਲਿਤ ਨੂੰ ਅੱਤਿਆਚਾਰ ਦਾ ਸ਼ਿਕਾਰ ਬਣਾਉਣ ਪਿੱਛੇ ਇਹ ਵੀ ਕਾਰਨ ਹੈ ਕਿ ਉਹ ਹੁਣ ਆਪਣੀ ਆਰਥਿਕ ਹਾਲਤ ਥੋੜ੍ਹੀ ਸੁਧਰਨ ਕਰਕੇ ਉੱਚਿਆਂ ਅੱਗੇ ਸਿਰ ਝੁਕਾਉਣਾ ਛੱਡ ਕੇ ਬਰਾਬਰੀ ਕਰਨ ਲੱਗੇ ਹਨ।

ਜਦੋਂ ਅਸੀਂ ਸਮੁੱਚੇ ਭਾਰਤ ਦੀ ਕ੍ਰਾਈਮ ਰਿਪੋਰਟ ਦੇਖਦੇ ਹਾਂ ਤਾਂ ਅਕਸਰ ਹੀ ਦਲਿਤਾਂ ਉੱਪਰ ਅੱਤਿਆਚਾਰ ਦੀਆਂ ਘਟਨਾਵਾਂ ਪੜ੍ਹਦੇ ਹਾਂ। ਪਰ ਪਿੰਡ ਚੰਗਾ਼ਲੀਵਾ਼ਲਾ ਵਿਖੇ ਜੋ ਘਟਨਾ ਵਾਪਰੀ ਹੈ ਇਸ ਨੇ ਕਾਫ਼ੀ ਡੂੰਘੇ ਸਵਾਲ ਖੜ੍ਹੇ ਕਰ ਦਿੱਤੇ ਹਨ। ਹੁਣ ਅਗਲਾ ਸਵਾਲ ਹੈ ਕਿ ਪੰਜਾਬ ਜੋ ਸਿੱਖ ਧਰਮ ਦਾ ਗੜ੍ਹ ਮੰਨਿਆ ਜਾਣ ਵਾ਼ਲਾ ਸੂਬਾ ਹੈ, ਵਿੱਚ ਵੀ ਜੇਕਰ ਅਜਿਹੇ ਰੌਂਗਟੇ ਖੜ੍ਹੇ ਕਰ ਦੇਣ ਵਾ਼ਲੀਆਂ ਕਾਰਵਾਈਆਂ ਹੋ ਸਕਦੀਆਂ ਹਨ ਤਾਂ ਇਸ ਦਾ ਮਤਲਬ ਹੈ ਕਿ ਭਾਰਤ ਵਿੱਚ ਕੋਈ ਵੀ ਅਜਿਹਾ ਖਿੱਤਾ ਨਹੀਂ ਹੈ ਜਿੱਥੇ ਦਲਿਤ ਸੁਰੱਖਿਅਤ ਮਹਿਸੂਸ ਕਰਨ। ਪੰਜਾਬ ਵਿੱਚ ਇੱਕ ਤਾਂ ਸਿੱਖ ਧਰਮ ਦਾ ਪਸਾਰ ਹੈ ਦੂਸਰਾ ਇੱਥੋਂ ਦੇ ਲੋਕ ਵੀ ਦੂਸਰੇ ਸੂਬਿਆਂ ਨਾਲੋਂ ਆਰਥਿਕ ਤੌਰ 'ਤੇ ਕੁੱਝ ਮਜ਼ਬੂਤ ਮੰਨੇ ਗਏ ਹਨ। ਫਿਰ ਵੀ ਇੱਥੇ ਜਾਤੀਵਾਦ ਹਾਵੀ ਹੈ। ਇਹ ਵੀ ਉਦੋਂ ਹੋਇਆ ਜਦੋਂ ਅਸੀਂ ਇੱਕੀਵੀਂ ਸਦੀ ਵਿੱਚ ਪਹੁੰਚਣ ਦੀਆਂ ਟਾਹਰਾਂ ਮਾਰਦੇ ਹਾਂ ਅਤੇ ਹੁਣੇ ਹੀ ਅਸੀਂ ਗੁਰੂ ਨਾਨਕ ਸਾਹਿਬ ਦਾ 550 ਸਾਲਾ ਜਨਮ ਦਿਹਾੜਾ ਮਨਾ ਕੇ ਹਟੇ ਹਾਂ। ਵੱਡੇ ਵੱਡੇ ਨਗਰ ਕੀਰਤਨ ਕੱਢੇ ਗਏ। ਅਰਬਾਂ ਰੁਪਿਆ ਫੂਕ ਦਿੱਤਾ ਗਿਆ ਪਰ ਸਿੱਟਾ ਜੋ ਨਿੱਕਲ਼ਿਆ ਹੈ ਉਹ ਸਾਡੇ ਸਾਹਮਣੇ ਹੀ ਹੈ।

ਸਿੱਖ ਆਗੂਆਂ ਵੱਲੋਂ ਥੋੜ੍ਹਾ ਗਿਲਾ ਵੀ ਕੀਤਾ ਜਾਂਦਾ ਹੈ ਕਿ ਦਲਿਤ ਵਰਗ ਦੇ ਲੋਕ ਸਿੱਖੀ ਤੋਂ ਦੂਰ ਹੋ ਰਹੇ ਹਨ। ਪਰ ਇਸ ਦੇ ਪਿੱਛੇ ਜੋ ਕਾਰਨ ਹੁੰਦੇ ਹਨ ਉਹਨਾਂ ਬਾਰੇ ਉਹ ਘੱਟ ਹੀ ਗੱਲ ਕਰਦੇ ਹਨ। ਹਰਿਆਣਾ ਦੇ ਹੋਂਦ ਚਿੱਲੜ ਕਾਂਡ ਦੇ ਘੱਲੂਘਾਰੇ ਵਿੱਚ ਜਾਨਾਂ ਗਵਾਉਣ ਵਾ਼ਲੇ ਸਿੱਖਾਂ ਨੂੰ ਇਨਸਾਫ਼ ਦਿਵਾਉਣ ਲਈ ਆਪਣੀ ਵਧੀਆ ਨੌਕਰੀ ਦਾਅ 'ਤੇ ਲਾਉਣ ਵਾਲੇ ਮਨਜਿੰਦਰ ਸਿੰਘ ਗਿਆਸਪੁਰਾ ਨੇ 1 ਮਾਰਚ 2018 ਤੋਂ 15 ਮਾਰਚ 2018 ਤੱਕ ਸ਼੍ਰੋਮਣੀ ਕਮੇਟੀ ਅਧੀਨ ਚੱਲਦੇ ਪੂਰੇ ਪੰਜਾਬ ਦੇ ਗੁਰੂ ਘਰਾਂ ਵਿੱਚ ਕੰਮ ਕਰਦੇ ਮੈਨੇਜਰਾਂ ਦੀ ਸੂਚੀ ਉਹਨਾਂ ਦੀ ਜਾਤ ਦੇ ਅਧਾਰ 'ਤੇ ਤਿਆਰ ਕੀਤੀ ਸੀ। ਇਸ ਛਾਣਬੀਣ ਦੌਰਾਨ ਪੰਜਾਬ ਅਤੇ ਪੰਜਾਬ ਤੋਂ ਬਾਹਰ ਸ਼੍ਰੋਮਣੀ ਕਮੇਟੀ ਅਧੀਨ ਚੱਲਦੇ 55 ਗੁਰੂ ਘਰਾਂ ਦੀ ਸੂਚੀ ਬਣਾਈ ਗਈ ਅਤੇ ਨੋਟ ਕੀਤਾ ਗਿਆ ਕਿ 55 ਮੈਨੇਜਰਾਂ ਵਿੱਚੋਂ 53 ਮੈਨੇਜਰ ਜੱਟ ਜਾਂ ਹੋਰ ਉੱਚ ਜਾਤੀ ਦੇ ਹਨ ਜਿੰਨ੍ਹਾਂ ਦਾ ਅਨੁਪਾਤ 96.37ਗ ਬਣਦਾ ਹੈ। ਇਨਾਂ 53 ਵਿੱਚੋਂ 47 ਸਿਰਫ਼ ਜੱਟ ਸਨ। ਦੂਸਰੀਆਂ ਨਿਮਨ ਜਾਤੀਆਂ ਵਿੱਚੋਂ ਸਿਰਫ਼ 2 ਵਿਅਕਤੀ ਹੀ ਮੈਨੇਜਰ ਸਨ। ਉਹਨਾਂ ਨੇ ਇਹ ਵੀ ਨੋਟ ਕੀਤਾ ਕਿ 15 ਦੇ ਕਰੀਬ ਮੈਨੇਜਰ ਆਪਣੀ ਉੱਚ ਜਾਤੀ ਦਾ ਰੋਹਬ ਪਾਉਣ ਲਈ ਆਪਣੇ ਨਾਵਾਂ ਨਾ਼ਲ ਜਾਤ/ਗੋਤ ਬੜੀ ਸ਼ਾਨ ਨਾ਼ਲ ਲਾਉਂਦੇ ਹਨ। ਸ਼੍ਰੋਮਣੀ ਕਮੇਟੀ ਵਿੱਚ ਅਜਿਹਾ ਵਰਤਾਰਾ ਹੋਣਾ ਇਹ ਸਾਬਤ ਕਰਦਾ ਹੈ ਕਿ ਸਿੱਖ ਧਰਮ ਅਤੇ ਇਸ ਨਾ਼ਲ ਸੰਬੰਧਤ ਸੰਸਥਾਵਾਂ 'ਤੇ ਇਸ ਸਮੇਂ ਪੂਰੀ ਤਰ੍ਹਾਂ ਜਾਤੀਵਾਦ ਹਾਵੀ ਹੋ ਚੁੱਕਿਆ ਹੈ। ਅਗਲੇ ਸਮੇਂ ਵਿੱਚ ਇਸ ਵਿੱਚ ਕੋਈ ਸੁਧਾਰ ਆਵੇਗਾ ਇਸ ਗੱਲ ਦੀ ਭੋਰਾ ਭਰ ਵੀ ਸੰਭਾਵਨਾ ਨਹੀਂ ਹੈ ਕਿਉਂਕਿ ਹੁਣ ਤਾਂ ਆਰ.ਐਸ. ਐਸ. ਸਿੱਧੇ ਤੌਰ 'ਤੇ ਤੈਅ ਕਰਨ ਲੱਗ ਪਈ ਹੈ ਕਿ ਗੁਰੂ ਘਰਾਂ ਵਿੱਚ ਕਿਹੋ ਜਿਹੇ ਪ੍ਰਬੰਧ ਹੋਣ।

ਇਹ ਪੰਜਾਬ ਦੀ ਕੋਈ ਪਹਿਲੀ ਘਟਨਾ ਨਹੀਂ ਕਿ ਵਿਵਾਦ ਖੜ੍ਹਾ ਹੋ ਗਿਆ। ਇਸ ਤੋਂ ਪਹਿਲਾਂ ਵੀ ਇਸ ਤਰ੍ਹਾਂ ਦੀਆਂ ਘਟਨਾਵਾਂ ਵਾਪਰਦੀਆਂ ਰਹੀਆਂ ਹਨ। ਅਕਾਲੀ ਦਲ ਦੀ ਸਰਕਾਰ ਦੌਰਾਨ ਇਸੇ ਹਲਕੇ ਦੇ ਪਿੰਡ ਲੇਹਲ ਖੁਰਦ ਵਿੱਚ ਇੱਕ ਦਲਿਤ ਨੌਜਵਾਨ ਮਾਨ ਸਿੰਘ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ ਗਿਆ ਸੀ। 2015 ਵਿੱਚ ਅਬੋਹਰ ਵਿੱਚ ਇੱਕ ਸ਼ਰਾਬ ਕਾਰੋਬਾਰੀ ਸ਼ਿਵ ਲਾਲ ਡੋਡਾ ਦੇ ਗੁੰਡਿਆਂ ਵੱਲੋਂ ਇਲੈਕਟ੍ਰਿਕ ਆਰੀ ਨਾ਼ਲ ਇੱਕ ਦਲਿਤ ਨੌਜਵਾਨ ਭੀਮ ਟਾਂਕ ਦੀਆਂ ਦੋਵੇਂ ਲੱਤਾਂ ਕੱਟ ਦਿੱਤੀਆਂ ਗਈਆਂ ਸਨ। ਉਸ ਦੀ ਮੌਤ ਪਿੱਛੋਂ ਜਦੋਂ ਪੁਲਿਸ ਦੁਆਰਾ ਸ਼ਿਵ ਲਾਲ ਡੋਡਾ ਨੂੰ ਗ੍ਰਿਫਤਾਰ ਕੀਤਾ ਗਿਆ ਤਾਂ ਅਕਾਲੀ ਦਲ ਦੇ ਨੇਤਾਵਾਂ ਦੁਆਰਾ ਉਸਦੀ ਗ੍ਰਿਫਤਾਰੀ ਦੇ ਵਿਰੁੱਧ ਰੋਸ ਪ੍ਰਦਰਸ਼ਨ ਕੀਤੇ ਗਏ। ਇੱਥੇ ਹੀ ਵਸ ਨਹੀਂ ਅਕਾਲੀ ਨੇਤਾ ਉਸ ਦੋਸ਼ੀ ਨੂੰ ਜੇਲ੍ਹ ਅੰਦਰ ਵੀ ਮਿਲਣ ਗਏ। ਮਤਲਬ ਪੂਰੀ ਸਰਕਾਰ ਦੋਸ਼ੀ ਧਿਰ ਨਾ਼ਲ ਖੜ੍ਹੀ ਸੀ। ਦੋਸ਼ੀ ਖਿਲਾਫ ਕਾਰਵਾਈ ਤਾਂ ਇੱਕ ਖਾਨਾਪੂਰਤੀ ਸੀ। ਇਸੇ ਤਰ੍ਹਾਂ ਥੋੜ੍ਹਾ ਸਮਾਂ ਪਹਿਲਾਂ ਹੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਸਰਪੰਚ ਤੇ ਉਸਦੇ ਹਮਾਇਤੀਆਂ ਵੱਲੋਂ ਮਨਰੇਗਾ ਵਿੱਚ ਕੰਮ ਕਰਦੇ ਮਜ਼ਦੂਰਾਂ 'ਤੇ ਗੋ਼ਲੀਆਂ ਚਲਾ ਕੇ ਦੋ ਵਿਅਕਤੀਆਂ ਨੂੰ ਮਾਰ ਦਿੱਤਾ ਗਿਆ ਸੀ। ਸੰਨ 2006 ਵਿੱਚ ਮਾਨਸਾ ਜ਼ਿਲ੍ਹੇ ਵਿੱਚ ਬਲਾਤਕਾਰ ਦੀ ਸ਼ਿਕਾਰ ਆਪਣੀ ਬੇਟੀ ਨੂੰ ਇਨਸਾਫ਼ ਦਿਵਾਉਣ ਲਈ ਚਾਰਾਜੋਈ ਕਰ ਰਹੇ ਬੰਤ ਸਿੰਘ ਝੱਬਰ ਉੱਪਰ ਅਮੀਰਾਂ ਦੇ ਬਲਾਤਕਾਰੀ ਕਾਕਿਆਂ ਦੁਆਰਾ ਗੱਡੀ ਚਾੜ੍ਹ ਦਿੱਤੀ ਗਈ ਸੀ। ਬਾਅਦ ਵਿੱਚ ਡਾਕਟਰਾਂ ਦੀ ਅਣਗਹਿਲੀ ਕਾਰਨ ਉਸਦੀ ਇੱਕ ਲੱਤ ਅਤੇ ਦੋਵੇਂ ਬਾਹਵਾਂ ਕੱਟਣੀਆਂ ਪਈਆਂ ਸਨ।



ਦਰਸ਼ਨ ਸਿੰਘ ਬਾਜਵਾ
91-98783-83053

ਕਾਂਗਰਸ ਨੂੰ ਆਮ ਕਰਕੇ ਦਲਿਤ ਵਰਗ ਦੇ ਲੋਕ ਆਪਣੀ ਮਾਂ ਪਾਰਟੀ ਸਮਝਦੇ ਆਏ ਹਨ। ਦਲਿਤਾਂ ਦੀ ਸਹਾਇਤਾ ਨਾ਼ਲ ਹੀ ਕਾਂਗਰਸ ਦੀਆਂ ਸਰਕਾਰਾਂ ਬਣਦੀਆਂ ਰਹੀਆਂ ਹਨ। ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਹੋਣ ਕਰਕੇ ਕੁੱਝ ਦਲਿਤਾਂ ਨੂੰ ਆਸ ਸੀ ਕਿ ਉਹਨਾਂ ਨਾ਼ਲ ਪਹਿਲਾਂ ਵਾਂਗ ਅਨਿਆਂ ਨਹੀਂ ਹੋਵੇਗਾ। ਪਰ ਸਮਾਜਿਕ ਦਾਬੇ ਵਾ਼ਲੇ ਲੋਕਾਂ ਨੂੰ ਇਸ ਗੱਲ ਨਾ਼ਲ ਕੋਈ ਫ਼ਰਕ ਨਹੀਂ ਪੈਂਦਾ ਕਿ ਕਿਸ ਪਾਰਟੀ ਦੀ ਸਰਕਾਰ ਹੈ। ਇਸ ਕਰਕੇ ਸਮੁੱਚੇ ਦੇਸ਼ ਵਿੱਚ ਕਾਂਗਰਸ ਸ਼ਾਸਿਤ ਸੂਬਿਆਂ ਵਿੱਚ ਵੀ ਲਗਾਤਾਰ ਪਹਿਲਾਂ ਵਾਂਗ ਹੀ ਦਲਿਤਾਂ ਉੱਪਰ ਅੱਤਿਆਚਾਰ ਦੇ ਮਾਮਲੇ ਸਾਹਮਣੇ ਆ ਰਹੇ ਹਨ। ਮੱਧ ਪ੍ਰਦੇਸ਼ ਵਿੱਚ ਵਾਲਮੀਕੀ ਸਮਾਜ ਦੇ ਦੋ ਬੱਚਿਆਂ ਨੂੰ ਖੁੱਲ੍ਹੇ ਮੈਦਾਨ ਵਿੱਚ ਜੰਗਲ ਪਾਣੀ ਜਾਣ 'ਤੇ ਕੁੱਟ ਕੁੱਟ ਕੇ ਮਾਰ ਦਿੱਤਾ ਗਿਆ। ਦੋਸ਼ੀਆਂ ਵਿੱਚੋਂ ਇੱਕ ਨੇ ਪੁਲਿਸ ਨੂੰ ਦੱਸਿਆ ਕਿ ਉਸਨੂੰ ਪ੍ਰਮਾਤਮਾ ਦਾ ਅਦੇਸ਼ ਸੀ ਕਿ ਰਾਖਸ਼ਾਂ ਦਾ ਨਾਸ਼ ਕਰੋ।

ਜਦੋਂ ਇਹ ਮੁੱਦਾ ਮੀਡੀਆ ਵਿੱਚ ਉੱਛਲਿਆ ਤਾਂ ਮੀਡੀਆ ਦੇ ਕੁਛ ਹਿੱਸੇ ਵੱਲੋਂ ਵੀ ਇਸਨੂੰ ਦਲਿਤਾਂ ਉੱਪਰ ਅੱਤਿਆਚਾਰ ਦੀ ਬਜਾਏ ਸਿਰਫ਼ ਅੱਤਿਆਚਾਰ ਦੀ ਘਟਨਾ ਕਿਹਾ ਗਿਆ। ਜਦੋਂ ਉਹਨਾਂ ਨੂੰ ਸਵਾਲ ਕੀਤਾ ਗਿਆ ਕਿ ਕੋਈ ਇੱਕ ਵੀ ਉਦਾਹਰਨ ਅਜਿਹੀ ਦਿਖਾ ਦਿਓ ਜਿੱਥੇ ਕਿਸੇ ਦਲਿਤ ਨੇ ਕਿਸੇ ਉੱਚ ਜਾਤੀ ਦੇ ਵਿਅਕਤੀ ਨਾ਼ਲ ਅਜਿਹਾ ਘਿਨਾਉਣਾ ਕਾਰਾ ਕੀਤਾ ਹੋਵੇ। ਫਿਰ ਹੀ ਮੀਡੀਆ ਵੱਲੋਂ ਦਲਿਤਾਂ ਦੀ ਗੱਲ ਕੀਤੀ ਗਈ। ਜੇਕਰ ਅਸੀਂ ਇਸ ਘਟਨਾ ਨੂੰ ਇੱਕ ਗੈਰ ਇਨਸਾਨੀ ਕਾਰੇ ਵਜੋਂ ਹੀ ਦੇਖੀਏ ਤਾਂ ਵੀ ਡਾਕਟਰਾਂ ਅਤੇ ਪੁਲਿਸ ਨੂੰ ਇਸ 'ਤੇ ਫੌਰੀ ਅਮਲ ਕਰਨਾ ਚਾਹੀਦਾ ਸੀ। ਪਰ ਉਹਨਾਂ ਨੇ ਆਪਣਾ ਬਣਦਾ ਫਰਜ਼ ਨਹੀਂ ਨਿਭਾਇਆ ਅਤੇ ਭਾਰੀ ਅਣਗਹਿ਼ਲੀ ਕੀਤੀ ਜਿਸ ਕਾਰਨ ਇੱਕ ਵਿਅਕਤੀ ਦੀ ਜਾਨ ਚਲੀ ਗਈ। ਇਸ ਲਈ ਦੋਸ਼ੀਆਂ ਨੂੰ ਸਜ਼ਾ ਦੇਣ ਦੇ ਨਾਲ-ਨਾ਼ਲ ਆਪਣੇ ਫਰਜ਼ਾਂ ਤੋਂ ਕੁਤਾਹੀ ਕਰਨ ਵਾ਼ਲੇ ਡਾਕਟਰਾਂ ਅਤੇ ਸਬੰਧਤ ਪੁਲਿਸ ਅਧਿਕਾਰੀਆਂ 'ਤੇ ਵੀ ਸ਼ਿਕੰਜਾ ਕਸਿਆ ਜਾਣਾ ਚਾਹੀਦਾ ਹੈ।

ਇੱਕ ਗੱਲ ਜੋ ਵਿਸ਼ੇਸ਼ ਤੌਰ 'ਤੇ ਕਰਨ ਵਾ਼ਲੀ ਹੈ ਉਹ ਇਹ ਹੈ ਕਿ ਸਿੱਖ ਧਰਮ ਹਰ ਵਰਗ ਦੇ ਲੋਕਾਂ ਨੂੰ ਆਪਣੇ ਕਲਾਵੇ ਵਿੱਚ ਲੈਣ ਦੀ ਤਾਕਤ ਰੱਖਦਾ ਹੈ। ਪਰ ਇਹ ਵੀ ਇੱਕ ਕੌੜੀ ਸਚਾਈ ਹੈ ਕਿ ਦਲਿਤਾਂ ਵੱਲੋਂ ਸਿੱਖ ਧਰਮ ਨੂੰ ਅਪਨਾਉਣ ਅਤੇ ਸਿੱਖ ਧਰਮ ਦੀ ਉਸਾਰੀ ਲਈ ਸਭ ਤੋਂ ਵੱਧ ਕੁਰਬਾਨੀਆਂ ਕਰਨ ਦੇ ਬਾਵਜੂਦ ਦਲਿਤਾਂ ਨੂੰ ਪੂਰਾ ਮਾਣ ਸਨਮਾਨ ਨਹੀਂ ਮਿਲਿਆ। ਸਿੱਖ ਧਰਮ 'ਤੇ ਕਾਬਜ਼ ਹੋ ਚੁੱਕੇ ਇੱਕ ਖ਼ਾਸ ਵਰਗ ਦੇ ਕੁੱਝ ਲੋਕਾਂ ਵੱਲੋਂ ਦਲਿਤਾਂ ਨੂੰ ਜ਼ਲੀਲ ਕਰਨ ਦੀਆਂ ਘਟਨਾਵਾਂ ਅਕਸਰ ਵਾਪਰਦੀਆਂ ਰਹਿੰਦੀਆਂ ਹਨ। ਪਰ ਇਹ ਘਟਨਾ ਤਾਂ ਸਿੱਖ ਸਮਾਜ 'ਤੇ ਇੱਕ ਵੱਡਾ ਧੱਬਾ ਹੈ।

---

## ਗੁਰੂ ਨਾਨਕ -ਕਿਰਤ ਦੇ ਪੋਟਿਆਂ ਤੇ ਲਿਖਿਆ ਨੇਕੀ ਦਾ ਗੀਤ

**(ਸਫਾ 18 ਦੀ ਬਾਕੀ)**

ਯਾਤਰਾਵਾਂ ਚਲਦੀਆਂ-ਫਿਰਦੀਆਂ ਪਾਠਸ਼ਾਲਾਵਾਂ ਗਿਆਨ ਦਾ ਮੀਂਹ ਮਹਿਕਦੀ ਪਵਨ।ਸਮੇਂ ਦੇ ਸ਼ਾਸਕਾਂ ਨੂੰ ਸੁਤੰਤਰ ਵਿਚਾਰਾਂ ਨਾਲ ਕੈਦ ਕਰਨ ਵਾਲਾ। ਦੋਸ਼ੀਆਂ ਕੋਲੋਂ ਦੋਸ਼ ਦਾ ਦਲੀਲ ਨਾਲ ਇਕਬਾਲ ਕਰਵਾਉਣ ਵਾਲਾ ਨਿਆਰਾ ਜੱਜ। ਰਾਜਨੀਤਕ ਹਲਚਲ ਤੇ ਅਰ-ਾਜਕਤਾ ਸਮੇਂ ਬਿਆਨਣ ਵਾਲਾ "ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ। ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ" ਖੂਨ ਦੀਆਂ ਨਦੀਆਂ ਵਹਿੰਦੀਆਂ ਦੇਖ ਬਾਬਰ ਨੂੰ ਜਾਬਰ ਕਹਿਣ ਵਾਲਾ ਸਮੇਂ ਦਾ ਬਾਗ਼ੀ "ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥ ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥"ਧਾਰਮਿਕ ਪਰਪੰਚਾਂ ਅਤੇ ਫੋਕੇ ਰੀਤੀ-ਰਿਵਾਜਾਂ ਨੂੰ ਖੋਰਨ ਵਾਲਾ ਦਰਿਆ ਰਾਜੇ, ਧਨਵਾਨ ਅਤੇ ਸ਼ਾਸਕਾਂ ਨੂੰ ਪੁਕਾਰਨ ਵਾਲੀ ਉੱਚੀ ਸੁੱਚੀ ਨਿਡਰ ਆਵਾਜ਼।ਰਾਜ ਸਭਾਵਾਂ ਨਰਿਤਕਾਵਾਂ ਤੇ ਜਾਦੂਗਰਾਂ ਦੇ ਕੇਂਦਰਾਂ ਨੂੰ ਢਾਉਣ ਵਾਲਾ ਸੂਰਬੀਰ ਬਲਵਾਨ। ਰਾਜਿਆਂ ਦੇ ਕਾਮਵਾਸ਼ਨਾ ਵਾਲੇ ਹਰਮਾਂ ਸਤੀ ਹੋਣ ਦੇ ਆਮ ਰਿਵਾਜਾਂ ਨੂੰ ਰੋਕ ਲਾਉਣ ਵਾਲਾ ਪਰਬਤ। ਨਾਰੀ ਦੇ ਹੱਕ ਵਿਚ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ਕਹਿਣ ਵਾਲੀ ਕੁਰੀਤੀਆਂ ਵਿਰੁੱਧ ਬੁਲੰਦ ਹਾਉਕਾ ਅੰਬਰੀ ਆਵਾਜ਼ ਹੈ ਨਾਨਕ। ਲੋਕਾਂ ਦੀ ਸੇਵਾ ਚੰਗੇ ਸਮਾਜ ਦਾ ਨਿਰਮਾਣ ਕਿਰਤ ਕਰਨ, ਨਾਮ ਜਪਣ, ਤੇ ਵੰਡ ਛਕਣ ਦਾ ਇਲਾਹੀ ਪ੍ਰਤੀਕ ਮਧੁਰ ਨਗ਼ਮਾ ਸਾਂਝੀਵਾਲਤਾ, ਭਾਈਚਾਰੇ ਅਤੇ ਰਾਸ਼ਟਰੀ ਏਕਤਾ ਦਾ ਸਾਂਝਾ ਉਪਦੇਸ਼। ਹਰ ਦੇਸ਼ ਕੌਮ ਪ੍ਰਾਣੀ ਲਈ ਸੇਧ ਮਾਰਗ ਜੀਵਨ ਫ਼ਲਸਫ਼ਾ।

**ਸੱਚ ਦਾ ਪਾਂਧੀ ਸ਼ਾਂਤੀ ਤੇ ਮਾਨਵ ਏਕਤਾ ਦਾ ਚਹੇਤਾ**

ਸ੍ਰਿਸ਼ਟੀ ਦਾ ਕਲਿਆਣ ਕਰਨਹਾਰਾ ਚਾਹਵਾਨ ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥ ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥ ਰਾਗ ਸ਼ਬਦ ਰਚਣਹਾਰਾ ਲੋਕਾਈ ਨੂੰ ਇੱਕ ਰੱਬ ਦਾ ਸੁਨੇਹਾ ਆਪਣੀ ਬਣਾਈ ਖ਼ਲਕਤ ਵਿੱਚ ਹਾਦਰ ਅਤੇ ਦਾਇਮ ਸਚਾਈ ਦੀ ਹਕ਼ੀਕਤ ਹੈ ਨਾਨਕ। ਬਰਾਬਰਤਾ, ਬਰਾਦਰਾਨਾ ਪਿਆਰ, ਇਤਫ਼ਾਕ, ਚੰਗਿਆਈ ਅਤੇ ਗੁਣ ਅਨੋਖਾ ਰੂਹਾਨੀ, ਸਮ-ਾਜਿਕ ਤੇ ਸਿਆਸੀ ਰਾਹ ਕਹੋ। ਜਪੁਜੀ ਸਾਹਿਬ, ਆਸਾ ਦੀ ਵਾਰ ਅਤੇ ਸਿੱਧ-ਗੋਸਟ ਦੀ ਸੱਚੀ ਕਲਮ। ਸਿੱਖ ਮਜ਼੍ਹਬੀ ਯਕੀਨ ਹੁਰਮਤ, ਦਿੱਵਤਾ ਅਤੇ ਧਾਰਮਕ ਇਖਤਿਆਰ ਵਾ਼ਲੀ ਇਲਾਹੀ ਜੋਤ ਦਸ ਗੁ-ਰੂਆਂ ਵਿਚ ਬੈਠਾ ਲਿਸ਼ਕਦਾ ਸੂਰਜ ਸਿੱਖੀ ਦਾ ਆਗਾਜ਼ ਮੌਲਿਕ ਯਕੀਨ, ਮੁਕੱਦਸ ਗੁਰੂ ਗ੍ਰੰਥ ਸਾਹਿਬ ਦਾ ਰਚਣਹਾਰਾ।




## ਸੰਵਿਧਾਨ ਦੇ 70ਵੇਂ ਸਥਾਪਨਾ ਦਿਵਸ 'ਤੇ

# ਅਸੀਂ ਭਾਰਤ ਦੇ ਲੋਕ ...

ਭਾਰਤ ਦਾ ਸੰਵਿਧਾਨ ਸਰਵ ਉੱਤਮ ਭਾਰਤ ਦਾ ਕਾਨੂੰਨ ਹੈ। ਦੇਸ਼ ਦਾ ਸੰਵਿਧਾਨ ਧਰਮ ਨਿਰਪੱਖ, ਸਮਾਜਵਾਦ ਤੇ ਲੋਕਤੰਤਰੀ ਹੈ। ਦੁਨੀਆਂ ਵਿਚ ਭਾਰਤ ਦੀ ਅੱਜ ਪਹਿਚਾਣ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਅਤੇ ਸੰਵਿਧਾਨ ਕਰਕੇ ਹੈ। ਭਾਰਤ ਦਾ ਸੰਵਿਧਾਨ ਦੁਨੀਆਂ ਦਾ ਸਭ ਤੋਂ ਵੱਡਾ ਲਿਖਤੀ ਸੰਵਿਧਾਨ ਹੈ। ਭਾਰਤੀ ਸੰਵਿਧਾਨ 444 ਆਰਟੀਕਲ, 22 ਭਾਗ, 12 ਸੈਚੀਆਂ ਤੇ 1244 ਸ਼ਡਿਊਲ ਹਨ।

ਸੰਵਿਧਾਨ ਕਿਸੇ ਦੇਸ਼ ਦੇ ਰਾਜ ਪ੍ਰਬੰਧ ਲਈ ਇਕ ਕਾਨੂੰਨੀ ਦਸਤਾਵੇਜ਼ ਹੁੰਦਾ ਹੈ, ਜਿਸ ਨੂੰ ਅੱਗੇ ਚੱਲ ਕੇ ਕਾਰਜਪਾਲਿਕਾ, ਵਿਧਾਨਪਾਲਿਕਾ, ਨਿਆਂਪਾਲਿਕਾ ਨੇ ਦੇਸ਼ ਦੇ ਲੋਕਾਂ ਲਈ ਕਲਿਆਣਕਾਰੀ ਕੰਮ ਤੇ ਦੇਸ਼ ਨੂੰ ਮਜ਼ਬੂਤ ਤੇ ਖੁਸ਼ਹਾਲੀ ਦੇ ਰਾਹ ਤੋਰਨ ਹਿੱਤ ਜ਼ਿੰਮੇਵਾਰੀ ਹੁੰਦੀ ਹੈ।

9 ਅਗਸਤ 1946 ਨੂੰ ਸੰਵਿਧਾਨ ਬਣਾਉਣ ਲਈ 246 ਮੈਂਬਰਾਂ ਵਿਚੋਂ ਬਾਅਦ ਵਿਚ 7 ਮੈਂਬਰੀ ਖਰੜਾ ਕਮੇਟੀ ਬਣਾਈ ਗਈ, ਜਿਸ ਦੇ ਚੇਅਰਮੈਨ ਡਾ. ਭੀਮ ਰਾਓ ਅੰਬੇਡਕਰ ਨੂੰ ਚੁਣਿਆ ਗਿਆ। ਉਹਨਾਂ 2 ਸਾਲ 11 ਮਹੀਨੇ 18 ਦਿਨਾਂ ਵਿਚ ਸੰਵਿਧਾਨ ਤਿਆਰ ਕਰਕੇ 26 ਜਨਵਰੀ 1949 ਨੂੰ ਸੰਵਿਧਾਨ ਸਭਾ ਦੇ ਚੇਅਰਮੈਨ ਡਾ. ਰਾਜਿੰਦਰ ਪ੍ਰਸ਼ਾਦ ਨੂੰ ਭੇਂਟ ਕੀਤਾ, ਜਿਸ ਨੂੰ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ।

ਸੰਵਿਧਾਨ ਸਭਾ ਦੇ ਚੇਅਰਮੈਨ ਡਾ. ਰਜਿੰਦਰ ਪ੍ਰਸਾਦ ਨੇ ਕਿਹਾ ਕਿ ਡਾ. ਅੰਬੇਡਕਰ ਨੇ ਸੰਵਿਧਾਨ ਸਬੰਧੀ ਸਾਡੇ ਸੌਂਪੇ ਗਏ ਕੰਮ ਨੂੰ ਸਿਹਤ ਖਰਾਬ ਹੋਣ ਦੇ ਬਾਵਜੂਦ ਨਾ ਕੇਵਲ ਸ਼ਾਨਦਾਰ ਤਰੀਕੇ ਨਾਲ ਨੇਪਰੇ ਚਾੜ੍ਹਿਆ, ਸਗੋਂ ਉਸਨੇ ਸਾਡੀ ਆਸ ਤੋਂ ਵੀ ਵੱਧ ਚਾਰ ਚੰਨ ਲਗਾ ਦਿੱਤੇ।

ਅੱਜ ਦੁਨੀਆਂ ਵਿਚ ਭਾਰਤ ਸਭ ਤੋਂ ਵੱਡੇ ਲੋਕਤੰਤਰ ਅਤੇ ਸੰਵਿਧਾਨ ਕਰਕੇ ਜਾਣਿਆ ਜਾਂਦਾ ਹੈ। ਅੱਜ ਸੰਵਿਧਾਨ ਹੈ ਤਾਂ ਦੇਸ਼ ਹੈ। ਸੰਵਿਧਾਨ ਹੈ ਤਾਂ ਲੋਕਤੰਤਰ ਹੈ। ਸੰਵਿਧਾਨ ਹੈ ਤਾਂ ਡਾ. ਅੰਬੇਡਕਰ ਹੈ।

ਦੇਸ਼ ਦਾ ਨਾਮ ਸੰਵਿਧਾਨ ਮੁਤਾਬਕ ਭਾਰਤ ਹੈ ਅਤੇ ਅੰਗਰੇਜ਼ੀ ਵਿਚ ਇੰਡੀਆ ਹੈ। ਸੰਵਿਧਾਨ ਹਿੰਦੀ ਅਤੇ ਅੰਗਰੇਜ਼ੀ ਵਿਚ ਹੈ। ਸੰਵਿਧਾਨ ਦੀਆਂ ਮੂਲ ਕਾਪੀਆਂ ਦੇਸ਼ ਦੀ ਪਾਰਲੀਮੈਂਟ ਦੀ ਲਾਇਬ੍ਰੇਰੀ ਵਿਚ ਸੁਸ਼ੋਭਿਤ ਹਨ। ਸੰਵਿਧਾਨ 'ਅਸੀਂ ਭਾਰਤ ਦੇ ਲੋਕ ...' ਸ਼ਬਦਾਂ ਤੋਂ ਸ਼ੁਰੂ ਹੁੰਦਾ ਹੈ, ਜਿਸਦਾ ਭਾਵ ਸੰਵਿਧਾਨ ਸਮੁੱਚੇ ਭਾਰਤ ਦੇ ਲੋਕਾਂ ਨੂੰ ਸਮਰਪਿਤ ਕੀਤਾ ਗਿਆ ਹੈ।

ਸੰਵਿਧਾਨ ਨੇ ਭਾਰਤ ਦੇ ਹਰ ਨਾਗਰਿਕ ਨੇ ਅਧਿਕਾਰ ਦਿੱਤੇ ਹਨ, ਜਿਸ ਮੁਤਾਬਕ ਆਜ਼ਾਦੀ ਜਾਂ ਅਧਿਕਾਰ, ਸ਼ੋਸ਼ਣ ਵਿਰੁੱਧ ਅਧਿਕਾਰ, ਧਰਮ ਦੀ ਸੁਤੰਤਰਤਾ, ਪੜ੍ਹਨ ਲਿਖਣ ਦਾ ਅਧਿਕਾਰ, ਭਾਰਤ ਆਉਣ ਜਾਣ ਦਾ ਅਧਿਕਾਰ ਆਦਿ ਦਿੱਤੇ ਗਏ ਹਨ।

ਬਾਬਾ ਸਾਹਿਬ ਨੇ ਸੰਵਿਧਾਨ ਦੀ ਸਭ ਤੋਂ ਮਹੱਤਵਪੂਰਨ ਧਾਰਾ ਬਾਰੇ ਕਿਹਾ ਕਿ ਇਹ ਧਾਰਾ 32 ਹੈ, ਜਿਸ ਮੁਤਾਬਕ ਆਪਣੀ ਸ਼ਿਕਾਇਤ ਲਈ ਸੰਵਿਧਾਨ ਦੀ ਸ਼ਰਨ ਵਿਚ ਜਾਣਾ, ਜਿਸ ਦਾ ਭਾਵ ਹੈ ਕਿ ਤੁਸੀਂ ਇਨਸਾਫ ਲਈ ਥਾਣੇ-ਕਚਹਿਰੀ ਵਿਚ ਦਰਖਾਸਤ ਦੇ ਸਕਦੇ ਹੋ।

ਬਾਬਾ ਸਾਹਿਬ ਨੇ ਕਿਹਾ ਕਿ ਲੋਕਤੰਤਰ ਪੌਦੇ ਦੇ ਪੱਤਿਆਂ ਤੇ ਪਈ ਗੰਦਗੀ ਨੂੰ ਝਾੜਨ ਦੇ ਬਰਾਬਰ ਹੈ। ਇਹ ਸਮਝ ਬੰਦੇ ਦੇ ਨਾਲ ਆਪਣੇ ਆਪ ਪੈਦਾ ਨਹੀਂ ਹੁੰਦੀ, ਇਸ ਨੂੰ ਵਿਕਸਤ ਕਰਨਾ ਪੈਂਦਾ ਹੈ। ਸੰਵਿਧਾਨ ਹਰ ਹਿਸਾਬ ਨਾਲ ਲਚਕੀਲਾ ਵਿਵਹਾਰਿਕ ਅਤੇ ਪੂਰੀ ਤਰ੍ਹਾਂ ਸਮਰੱਥ ਹੈ ਜੋ ਅਮਨ ਅਤੇ ਜੰਗ ਵਾਲੀ ਹਾਲਤ ਵਿਚ ਕਾਮਯਾਬ ਸਿੱਧ ਹੋਣ ਵਾਲਾ ਹੈ।

ਦੇਸ਼ ਦੀ ਸਰਵਉੱਚ ਅਦਾਲਤ ਨੇ ਇਕ ਕੇਸ ਦੇ ਸਬੰਧ ਵਿਚ ਕਿਹਾ ਕਿ ਦੇਸ਼ ਦੇ ਸੰਵਿਧਾਨ ਦਾ ਮੂਲ ਢਾਂਚਾ ਕਦੇ ਨਹੀਂ ਬਦਲਿਆ ਜਾ ਸਕਦਾ।

ਭਾਰਤ ਵਿਚ ਜਿੱਥੇ ਗਣਰਾਜ ਦਿਵਸ ਮਨਾਇਆ ਜਾਂਦਾ ਰਿਹਾ, ਹੁਣ 26 ਜਨਵਰੀ ਨੂੰ ਸੰਵਿਧਾਨ ਦਿਵਸ ਮਨਾਇਆ ਜਾਣ ਲੱਗਾ ਅਤੇ ਹਰ ਰਾਜ 26 ਜਨਵਰੀ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾ ਕੇ ਸੰਵਿਧਾਨ ਬਾਰੇ ਚਰਚਾ ਕਰੇ। ਦੇਸ਼ ਦਾ ਸੰਵਿਧਾਨ ਕੀਮਤੀ, ਮਾਨਤਾਵਾਂ, ਪ੍ਰੰਪਰਾ ਦੀ ਇਕ ਪਵਿੱਤਰ ਕਿਤਾਬ ਹੈ, ਜਿਸ ਦਾ ਇਕ ਇਕ ਸ਼ਬਦ ਲੋਕਾਂ ਲਈ ਹੈ।

ਇਹ ਕਮਾਲ ਹੀ ਸੀ ਬੇਮਿਸਾਲ ਕਾਰਨਾਮਾ ਸੀ, ਕਿਉਂਕਿ ਦੇਸ਼ ਦਾ ਸੰਵਿਧਾਨ ਇਕ ਵਾਰ ਹੀ ਲਿਖਿਆ ਜਾਂਦਾ ਹੈ, ਜਿਸ ਨੂੰ ਲਿਖਣ ਵਾਲੇ ਡਾ. ਅੰਬੇਡਕਰ ਨੂੰ ਅੱਜ ਆਧੁਨਿਕ ਭਾਰਤ ਦੇ ਨਿਰਮਾਤਾ ਭਾਰਤ ਰਤਨ ਡਾ. ਬੀ. ਆਰ. ਅੰਬੇਡਕਰ ਵਜੋਂ ਯਾਦ ਕੀਤਾ ਜਾਂਦਾ ਹੈ, ਜਿਹਨਾਂ ਸੰਸਾਰ ਪੱਧਰ ਦਾ ਗਿਆਨ ਪ੍ਰਾਪਤ ਕਰਕੇ ਦੇਸ਼ ਨੂੰ ਰੰਗ, ਨਸਲ, ਜਾਤ, ਲਿੰਗ, ਧਰਮ, ਭਾਸ਼ਾ ਦੇ ਵਿਤਕਰੇ ਨੂੰ ਹਮੇਸ਼ਾ-ਹਮੇਸ਼ਾ ਲਈ ਸੰਵਿਧਾਨ ਦੀਆਂ ਵੱਖ-ਵੱਖ ਧਾਰਾਵਾਂ ਰਾਹੀਂ ਦੇਸ਼ ਨੂੰ ਆਜ਼ਾਦੀ ਬਰਾਬਰੀ ਤੇ ਭਾਈਚਾਰਾ ਮਜ਼ਬੂਤ ਕਰਨ ਲਈ ਕੰਮ ਕੀਤਾ, ਰਹਿੰਦੀ ਦੁਨੀਆਂ ਤੱਕ ਜਦੋਂ ਸੰਵਿਧਾਨ ਦੀ ਚਰਚਾ ਹੋਵੇਗੀ ਤਾਂ ਡਾ. ਅੰਬੇਡਕਰ ਦੀ ਮਾਨਤਾ ਸੂਰਜ ਵਾਂਗ ਚਮਕਦੀ ਰਹੇਗੀ।

ਆਓ ਦੇਸ਼ ਦੇ ਉਹਨਾਂ ਮਹਾਨ ਦੇਸ਼ ਭਗਤਾਂ, ਆਗੂਆਂ, ਜੁਝਾਰੂ ਨੌਜਵਾਨਾਂ, ਜਿਹਨਾਂ ਦੇਸ਼ ਲਈ ਤਿਆਗ ਅਤੇ ਬਲੀਦਾਨ ਦਿੱਤੇ, ਉਹਨਾਂ ਨੂੰ ਸ਼ਰਧਾ ਅਰਪਣ ਕਰੀਏ, ਜਿਹਨਾਂ ਦੀ ਬਦੌਲਤ ਦੇਸ਼ ਆਜ਼ਾਦੀ ਦਾ ਨਿੱਘ ਮਾਨਣ ਲੱਗਾ।

**– ਸੰਤੋਖ ਸਿੰਘ ਜੱਸੀ**
**91-70876-19800**

# ਮਹਾਰਾਸ਼ਟਰ 'ਚ ਭਾਜਪਾ ਨੂੰ ਪਈ ਮਾਤ

**ਨਵੀਂ ਦਿੱਲੀ–** ਮਹਾਰਾਸ਼ਟਰ ਵਿੱਚ ਪਿਛਲੇ ਇਕ ਮਹੀਨੇ ਤੋਂ ਸਰਕਾਰ ਦੇ ਗਠਨ ਤੇ ਖਾਸ ਕਰਕੇ ਬਹੁਮਤ ਦੇ ਅੰਕੜੇ ਨੂੰ ਲੈ ਕੇ ਚੱਲ ਰਹੀ ਸਿਆਸੀ ਸ਼ਹਿ-ਮਾਤ ਦੀ ਖੇਡ ਵਿੱਚ ਅੱਜ ਸੁਪਰੀਮ ਕੋਰਟ ਦੇ ਫੈਸਲੇ ਮਗਰੋਂ ਭਾਜਪਾ ਨੂੰ ਮੂੰਹ ਦੀ ਖਾਣੀ ਪਈ ਹੈ। ਭਾਜਪਾ ਨੇ ਸੰਵਿਧਾਨਕ ਕਦਰਾਂ ਕੀਮਤਾਂ ਨੂੰ ਕਥਿਤ ਛਿੱਕੇ ਟੰਗ ਕੇ ਪਹਿਲਾਂ ਸਰਕਾਰ ਬਣਾਉਣ ਤੇ ਮਗਰੋਂ ਬਚਾਉਣ ਦਾ ਹਰ ਹੀਲਾ ਕੀਤਾ, ਪਰ ਸ਼ਿਵ ਸੈਨਾ-ਐੱਨਸੀਪੀ-ਕਾਂਗਰਸ ਦੇ 'ਮਹਾ ਵਿਕਾਸ ਅਗਾੜੀ' ਗੱਠਜੋੜ ਵੱਲੋਂ ਵਿਖਾਏ '162 ਦੇ ਦਮ' ਕਰਕੇ ਭਾਜਪਾ ਨੂੰ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੇ ਅਸਤੀਫ਼ੇ ਨਾਲ ਹਥਿਆਰ ਸੁੱਟਣੇ ਪੈ ਗਏ। ਉਧਰ ਇਸ ਸਿਆਸੀ ਰੱਸਾਕਸ਼ੀ ਦਰਮਿਆਨ ਸ਼ਿਵ ਸੈਨਾ ਪ੍ਰਮੁੱਖ ਊਧਵ ਠਾਕਰੇ ਮੁੱਖ ਮੰਤਰੀ ਦੀ ਕੁਰਸੀ ਆਪਣੇ ਵੱਲ ਖਿੱਚਣ ਵਿੱਚ ਸਫ਼ਲ ਰਹੇ। ਗੱਠਜੋੜ ਨੇ ਅੱਜ ਸ਼ਾਮੀਂ ਊਧਵ ਨੂੰ ਆਪਣਾ ਆਗੂ ਚੁਣ ਲਿਆ। ਊਧਵ ਨੇ ਮਗਰੋਂ ਰਾਜਪਾਲ ਭਗਤ ਸਿੰਘ ਕੋਸ਼ਿਆਰੀ ਨਾਲ ਮੁਲਾਕਾਤ ਕੀਤੀ ਤੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ। ਇਸ ਮੌਕੇ ਉਨ੍ਹਾਂ ਨਾਲ ਤਿੰਨ ਪਾਰਟੀਆਂ ਦੇ ਵਿਧਾਇਕ ਦਲ ਦੇ ਆਗੂ ਮੌਜੂਦ ਸਨ। ਸ਼ਿਵ ਸੈਨਾ ਦੇ ਇਕ ਸੀਨੀਅਰ ਆਗੂ ਨੇ ਕਿਹਾ ਕਿ ਊਧਵ ਠਾਕਰੇ 28 ਨਵੰਬਰ ਨੂੰ ਮੁੱਖ ਮੰਤਰੀ ਵਜੋਂ ਹਲਫ਼ ਲੈਣਗੇ। ਕਾਂਗਰਸ ਵਿਧਾਇਕ ਦਲ ਦੇ ਆਗੂ ਬਾਲਾਸਾਹਿਬ ਥੋਰਾਟ ਨੇ ਵੀ ਇਸ ਦੀ ਪੁਸ਼ਟੀ ਕੀਤੀ ਹੈ। ਇਸ ਤੋਂ ਪਹਿਲਾਂ ਐੱਨਸੀਪੀ ਮੁਖੀ ਸ਼ਰਦ ਪਵਾਰ ਨੇ ਤਿੰਨੋਂ ਪਾਰਟੀਆਂ ਦੀ ਸਾਂਝੀ ਮੀਟਿੰਗ ਦੌਰਾਨ ਊਧਵ ਵੱਲੋਂ ਪਹਿਲੀ ਦਸੰਬਰ ਨੂੰ ਹਲਫ਼ ਲੈਣ ਦਾ ਐਲਾਨ ਕੀਤਾ ਸੀ।



ਇਸ ਤੋਂ ਪਹਿਲਾਂ ਸੁਪਰੀਮ ਕੋਰਟ ਦੇ ਹੁਕਮਾਂ ਮਗਰੋਂ ਮਹਾਰਾਸ਼ਟਰ ਦੀ ਸੱਤਾ ਵਿੱਚ ਸਾਰਾ ਦਿਨ ਬਦਲਦੇ ਸਮੀਕਰਨਾਂ ਦਰਮਿਆਨ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਤੇ ਉਪ ਮੁੱਖ ਮੰਤਰੀ ਅਜੀਤ ਪਵਾਰ ਨੇ ਆਪਣੇ ਅਹੁਦਿਆਂ ਤੋਂ ਅਸਤੀਫੇ ਦੇ ਦਿੱਤੇ। ਸੁਪਰੀਮ ਕੋਰਟ ਨੇ ਅੱਜ ਸਵੇਰੇ ਪੌਣੇ ਗਿਆਰਾਂ ਵਜੇ ਦੇ ਕਰੀਬ ਕੀਤੇ ਹੁਕਮਾਂ ਵਿੱਚ ਫੜਨਵੀਸ ਸਰਕਾਰ ਨੂੰ ਬੁੱਧਵਾਰ ਸ਼ਾਮ ਪੰਜ ਵਜੇ ਤਕ ਬਹੁਮੱਤ ਸਾਬਤ ਕਰਨ ਦੀ ਹਦਾਇਤ ਕਰਦਿਆਂ ਇਸ ਪੂਰੇ ਅਮਲ ਦੀ ਵੀਡੀਓਗ੍ਰਾਫ਼ੀ ਕਰਨ ਲਈ ਆਖਿਆ। ਇਸ ਮਗਰੋਂ ਦੁਪਹਿਰ ਤਿੰਨ ਵਜੇ ਦੇ ਕਰੀਬ ਦਿੱਲੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਜੇ.ਪੀ.ਨੱਢਾ ਨਾਲ ਮੀਟਿੰਗ ਕੀਤੀ। ਇਸ ਦੌਰਾਨ ਮੁੰਬਈ ਵਿੱਚ ਸ਼ਿਵ ਸੈਨਾ ਆਗੂ ਸੰਜੈ ਰਾਊਤ ਨੇ ਦਾਅਵਾ ਕੀਤਾ ਕਿ ਅਜੀਤ ਪਵਾਰ ਹੁਣ ਸ਼ਿਵ ਸੈਨਾ-ਐੱਨਸੀਪੀ-ਕਾਂਗਰਸ ਗੱਠਜੋੜ ਨਾਲ ਹੈ। ਸ਼ਾਮ ਚਾਰ ਵਜੇ ਦੇ ਕਰੀਬ ਦੇਵੇਂਦਰ ਫੜਨਵੀਸ ਨੇ ਆਪਣਾ ਅਸਤੀਫ਼ਾ ਰਾਜਪਾਲ ਭਗਤ ਸਿੰਘ ਕੋਸ਼ਿਆਰੀ ਨੂੰ ਸੌਂਪ ਦਿੱਤਾ। ਇਸ ਦੌਰਾਨ ਸ਼ਿਵ ਸੈਨਾ-ਐੱਨਸੀਪੀ-ਕਾਂਗਰਸ ਗੱਠਜੋੜ ਨੇ ਅੱਜ ਸ਼ਾਮੀਂ ਸ਼ਿਵ ਸੈਨਾ ਮੁਖੀ ਊਧਵ ਠਾਕਰੇ ਨੂੰ ਆਪਣਾ ਆਗੂ ਚੁਣ ਲਿਆ। 'ਮਹਾਰਾਸ਼ਟਰ ਵਿਕਾਸ ਅਗਾੜੀ' ਗੱਠਜੋੜ ਦੀ ਇਸ ਪੇਸ਼ਕਦਮੀ ਨਾਲ ਊਧਵ ਦੇ ਮਹਾਰਾਸ਼ਟਰ ਦਾ ਅਗਲਾ ਮੁੱਖ ਮੰਤਰੀ ਬਣਨ ਲਈ ਰਾਹ ਪੱਧਰਾ ਹੋ ਗਿਆ ਹੈ। ਇਹ ਫੈਸਲਾ ਅੱਜ ਇਥੇ ਸਥਾਨਕ ਹੋਟਲ ਵਿੱਚ ਤਿੰਨਾਂ ਪਾਰਟੀਆਂ ਦੀ ਸਾਂਝੀ ਮੀਟਿੰਗ ਵਿੱਚ ਲਿਆ ਗਿਆ। ਮਹਾਰਾਸ਼ਟਰ ਵਿੱਚ ਨੈਸ਼ਨਲਿਸਟ ਕਾਂਗਰਸ ਪਾਰਟੀ (ਐੱਨਸੀਪੀ) ਦੇ ਮੁਖੀ ਜੈਯੰਤ ਪਾਟਿਲ ਨੇ ਠਾਕਰੇ ਦੇ ਨਾਂ ਦੀ ਤਜਵੀਜ਼ ਰੱਖੀ ਜਦੋਂਕਿ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਬਾਲਾਸਾਹਿਬ ਥੋਰਾਟ ਨੇ ਇਸ ਦੀ ਤਾਈਦ ਕੀਤੀ।

ਮੀਟਿੰਗ ਵਿੱਚ ਐੱਨਸੀਪੀ ਮੁਖੀ ਸ਼ਰਦ ਪਵਾਰ, ਸੀਨੀਅਰ ਪਾਰਟੀ ਆਗੂ ਪ੍ਰਫੁੱਲ ਪਟੇਲ, ਕਾਂਗਰਸ ਆਗੂ ਅਸ਼ੋਕ ਚਵਾਨ, ਸਵਾਭਿਮਾਨੀ ਸ਼ੇਤਕਾਰੀ ਸੰਗਠਨਾਂ ਦੇ ਰਾਜੂ ਸ਼ੈਟੀ, ਸਮ-ਾਜਵਾਦੀ ਪਾਰਟੀ ਦੇ ਅਬੂ ਆਜ਼ਮੀ, ਤਿੰਨੋਂ ਪਾਰਟੀਆਂ ਦੇ ਵਿਧਾਇਕ ਤੇ ਹੋਰ ਹਾਜ਼ਰ ਸਨ। ਊਧਵ, ਸਰਕਾਰੀ ਅਹੁਦਾ ਸੰਭਾਲਣ ਵਾਲੇ ਠਾਕਰੇ ਪਰਿਵਾਰ ਦੇ ਪਹਿਲੇ ਮੈਂਬਰ ਹੋਣਗੇ। ਉਨ੍ਹਾਂ ਦੇ ਮਰਹੂਮ ਪਿਤਾ ਬਾਲ ਠਾਕਰੇ ਕੋਲ ਸਾਲ 1995-99 ਵਿੱਚ ਬਣੀ ਪਹਿਲੀ ਸੈਨਾ-ਭਾਜਪਾ ਗੱਠਜੋੜ ਸਰਕਾਰ ਦਾ 'ਰਿਮੋਟ ਕੰਟਰੋਲ' ਜ਼ਰੂਰ ਸੀ, ਪਰ ਉਨ੍ਹਾਂ ਸਰਕਾਰ ਵਿੱਚ ਕੋਈ ਅਹੁਦਾ ਨਹੀਂ ਲਿਆ। ਸੂਤਰਾਂ ਮੁਤਾਬਕ ਕਾਂਗਰਸ ਦੇ ਬਾਲਾਸਾਹਿਬ ਥੋਰਾਟ ਤੇ ਐੱਨਸੀਪੀ ਦੇ ਜਯੰਤ ਪਾਟਿਲ ਉਪ ਮੁੱਖ ਮੰਤਰੀਆਂ ਵਜੋਂ ਹਲਫ਼ ਲੈ ਸਕਦੇ ਹਨ।

## ਵਕੀਲ

ਪੰਪ, ਕੋਠੀਆਂ, ਕਾਰਾਂ ਲੈ ਕਰਦੇ ਐਸ਼ ਪ੍ਰਸਤੀ
ਭੋਲੇ ਭਾਲੇ ਜੱਟਾਂ ਦੇ ਸਿਰ ਤੇ ਹੁੰਦੀ ਮੌਜ ਤਾਂ ਮਸਤੀ
ਬਾਣੀਆਂ ਤੋਂ ਕੀ ਮਿਲਦਾ ਤੇ ਜਿਹੜੇ ਕਦੇ ਨਾ ਲੜਦੇ ਨੇ
ਤਾਹੀਉਂ ਕਾਲੇ ਕੋਟਾਂ ਵਾਲਿਆਂ ਨੂੰ ਜੱਟ ਪਿਆਰੇ ਲੱਗਦੇ ਨੇ।

ਸਦੀਆਂ ਤੋਂ ਜੱਟ ਲੜਦੇ ਆਏ ਭੇਤ ਵਕੀਲਾਂ ਪਾ ਲਿਆ
ਸਖਤ ਲੱਗੀ ਹੈ ਧਾਰਾ ਤੇ ਕਹਿ ਕੇ ਜੱਟ ਫਸਾ ਲਿਆ
ਫਿਰ ਦਿੰਦੇ ਵੇਚ ਜ਼ਮੀਨਾਂ ਤੇ ਕਈ ਗਹਿਣੇ ਧਰਦੇ ਨੇ
ਤਾਹੀਉਂ ਕਾਲੇ ਕੋਟਾਂ ਵਾਲਿਆਂ ਨੂੰ ਜੱਟ .....

ਸਜ ਧਜ ਕੇ ਫਿਰ ਆਉਣ ਕਚਹਿਰੀ ਫਾਈਲਾਂ ਹੱਥਾਂ ਫੜਕੇ
ਰਾਜੀਨਾਮਾ ਵੀ ਹੋਣ ਨਾ ਦਿੰਦੇ ਮੈਂ ਤਾਂ ਜੇਲ੍ਹ ਕਰਾ ਦਿਊਂ ਅੜ ਕੇ
ਫਿਰ ਥੋੜ੍ਹੇ ਬਹੁਤੇ ਲੈ ਕੇ ਪਹਿਲਾਂ ਬਾਕੀ ਕਿਸ਼ਤਾਂ ਕਰਦੇ ਨੇ
ਤਾਹੀਉਂ ਕਾਲੇ ਕੋਟਾਂ ਵਾਲਿਆਂ ਨੂੰ ਜੱਟ .....

ਭੁਗਤ ਲਓ ਮੈਂ ਆਪ ਤਰੀਕਾਂ ਕੀ ਲੈਣਾ ਇੱਥੇ ਆ ਕੇ
ਸਾਡੇ ਹੁੰਦਿਆਂ ਫਿਕਰ ਨਾ ਤੈਨੂੰ ਤੁਰ ਜਾ ਅੰਗੂਠਾ ਲਾ ਕੇ
ਅੰਦਰਖਾਤੇ ਗੱਲ ਚਲਾ ਕੇ ਮਹੀਨਾ ਜੱਜਾਂ ਲਈ ਭਰਦੇ ਨੇ
ਤਾਹੀਉਂ ਕਾਲੇ ਕੋਟਾਂ ਵਾਲਿਆਂ ਨੂੰ ਜੱਟ .....

ਦੁਨੀਆਂ ਚੰਦ ਤੇ ਚੜ੍ਹ ਗਈ ਤੇ ਜੱਟ ਤਿੱਖੇ ਹੀ ਕਰਨ ਗੰਡਾਸੇ
ਨਿੱਤ ਮਾਰ ਖੰਗੂਰਾ ਵੈਰ ਤਾਂ ਵਿੱਢਦੇ ਵੇਖਣ ਲੋਕ ਤਮਾਸ਼ੇ
ਪਿੱਛੋਂ 'ਦੇਵ ਘੋਲੀਏ' ਵਰਗੇ ਗੀਤ ਜੱਟਾਂ ਤੇ ਘੜਦੇ ਨੇ
ਤਾਹੀਉਂ ਕਾਲੇ ਕੋਟਾਂ ਵਾਲਿਆਂ ਨੂੰ ਜੱਟ ਪਿਆਰੇ ਲੱਗਦੇ ਨੇ।



**– ਦੇਵ ਘੋਲੀਆ ਖੁਰਦ**
**(ਫਰਿਜ਼ਨੋ)**
**559-232-7764**

## ਰਾਤ ਭਰ ਸੁੱਤੀ ਨਾ ਸਰਕਾਰ!

ਦੇਖ ਦੇਖ ਡਿੱਗਦਾ ਮਿਆਰ ਸਿਆਸੀ ਪਿੜਾਂ ਵਿਚ
ਚਿੰਤਾਵਾਨ ਹੋਇਆ ਸਾਰਾ ਦੇਸ ਹਉਕੇ ਭਰੀ ਜਾਵੇ।

ਗ਼ੈਰ-ਇਖਲਾਕੀ ਗੱਠਜੋੜ ਕਰ ਗੱਦੀ ਬਹਿੰਦੇ
ਜਨਤਾ ਵਿਚਾਰੀ ਵੋਟਾਂ ਪਾਇਕੇ ਵੀ ਹਰੀ ਜਾਵੇ।

ਦੁੱਧ-ਧੋਤਾ ਰਿਹਾ ਨਾ ਕੋਈ ਸਾਰਿਆਂ ਦਲਾਂ ਦੇ ਵਿਚ
ਸੱਚ ਜਾਣੋ ਆਸ ਵੀ ਸੁਧਾਰ ਵਾਲ਼ੀ ਮਰੀ ਜਾਵੇ।

ਰਿਹਾ ਨਾ ਭਰੋਸਾ ਵਫਾਦਾਰੀਆਂ ਦਾ ਕੋਈ ਯਾਰੋ
ਠਿੱਬੀਆਂ ਭਤੀਜੇ ਤੋਂ ਵੀ 'ਚਾਚਾ ਸ੍ਰੀ' ਜਰੀ ਜਾਵੇ।

ਕਰਦੇ ਅਰਥ 'ਗੌਰਮਿੰਟ' ਦਾ ਸੀ ਲੋਕ ਪਹਿਲਾਂ
'ਮਿੰਟ ਮਿੰਟ' ਦਾ ਜੋ ਸਰਕਾਰ 'ਗੌਰ' ਕਰੀ ਜਾਵੇ।

ਮਹਾਂਰਾਸ਼ਟਰ ਵਿਚ ਮਿੰਟਾਂ ਦਾ ਰਿਕਾਰਡ ਟੁੱਟਾ
ਸਾਰੀ ਰਾਤ ਸੁੱਤਿਆਂ ਬਿਨਾਂ ਹੀ ਉਹਦਾ ਸਰੀ ਜਾਵੇ!




**–ਤਰਲੋਚਨ ਸਿੰਘ 'ਦੁਪਾਲ ਪੁਰ'**
**001-408-915-1268**

# 2018 'ਚ ਰਿਕਾਰਡ ਪੱਧਰ 'ਤੇ ਪਹੁੰਚੀ ਗ੍ਰੀਨ ਹਾਊਸ ਗੈਸ : ਸੰਯੁਕਤ ਰਾਸ਼ਟਰ

ਜਨੇਵਾ– ਵਾਤਾਵਰਨ 'ਚ ਗ੍ਰੀਨ ਹਾਊਸ ਗੈਸਾਂ 2018 'ਚ ਇਕ ਨਵੇਂ ਰਿਕਾਰਡ ਪੱਧਰ ਤਕ ਪਹੁੰਚ ਗਈ। ਇਸ ਤੋਂ ਪਹਿਲਾਂ ਦੇ ਦਸ ਸਾਲਾਂ ਦੀ ਔਸਤ ਦਰ ਤੋਂ ਵੱਧ ਤੇਜ਼ੀ ਨਾਲ ਵਾਧਾ ਹੋਣ ਕਾਰਨ ਮੌਸਮ ਪੈਟਰਨ ਨੂੰ ਨੁਕਸਾਨ ਪਹੁੰਚਿਆ ਹੈ। ਵਿਸ਼ਵ ਮੌਸਮ ਸੰਗਠਨ (ਡਬਲਯੂਐੱਮਓ) ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ।

ਯੂਐੱਨ ਏਜੰਸੀ ਦੀ ਗ੍ਰੀਨ ਹਾਊਸ ਗੈਸ ਬੁਲੇਟਿਨ ਅਗਲੇ ਹਫ਼ਤੇ ਮੈਡ੍ਰਿਡ 'ਚ ਹੋਣ ਜਾ ਰਹੇ ਯੂਐੱਨ ਪੌਣ-ਪਾਣੀ ਬਦਲਾਅ ਸਮਿਟ ਤੋਂ ਪਹਿਲਾਂ ਪ੍ਰਕਾਸ਼ਿਤ ਹੋਣ ਵਾਲੇ ਅਧਿਐਨਾਂ ਦੀ ਲੜੀ 'ਚੋਂ ਇਕ ਹੈ। ਇਨ੍ਹਾਂ ਅਧਿਐਨਾਂ ਨਾਲ ਸਮਿਟ 'ਚ ਹੋਣ ਵਾਲੀ ਚਰਚਾ ਨੂੰ ਦਿਸ਼ਾ ਮਿਲ ਸਕਦੀ ਹੈ। ਇਹ ਅਧਿਐਨ ਵਾਤਾਵਰਨ 'ਚ ਉਨ੍ਹਾਂ ਗੈਸਾਂ ਦੀ ਸੰਘਣਤਾ ਦੀ ਪੈਮਾਇਸ਼ ਕਰਦਾ ਹੈ ਜਿਹੜੀਆਂ



ਗਲੋਬਲ ਵਾਰਮਿੰਗ ਲਈ ਜਵਾਬਦੇਹ ਮੰਨੀਆਂ ਜਾਂਦੀਆਂ ਹਨ। ਡਬਲਯੂਐੱਮਓ ਦੇ ਜਨਰਲ ਸਕੱਤਰ ਪੇਟੇਰੀ ਟਾਲਾਸ ਨੇ ਕਿਹਾ ਹੈ ਕਿ ਘੱਟ ਹੋਣ ਦਾ ਕੋਈ ਲੱਛਣ ਨਹੀਂ ਹੈ। ਪੌਣ-ਪਾਣੀ ਬਦਲਾਅ 'ਤੇ ਪੈਰਿਸ ਸਮਝੌਤੇ ਤਹਿਤ ਸਾਰੀਆਂ ਪ੍ਰਤੀਬੱਧਤਾਵਾਂ ਦੇ ਬਾਵਜੂਦ ਵਾਤਾਵਰਨ 'ਚ ਗ੍ਰੀਨ ਹਾਊਸ ਗੈਸਾਂ ਦੀ ਸੰਘਣਤਾ 'ਚ ਕੋਈ ਕਮੀ ਨਹੀਂ ਆਈ। ਲੰਬੇ ਸਮੇਂ ਦੇ ਇਸੇ ਰੁਝਾਨ ਦੇ ਜਾਰੀ ਰਹਿਣ ਦਾ ਅਰਥ ਇਹ ਹੈ ਕਿ ਅਗਲੀ ਪੀੜ੍ਹੀ ਨੂੰ ਪੌਣ-ਪਾਣੀ ਬਦਲਾਅ ਦੇ ਗੰਭੀਰ ਅਸਰਾਂ ਦਾ ਸਾਹਮਣਾ ਕਰਨਾ ਪਵੇਗਾ।

ਤਾਪਮਾਨ 'ਚ ਵਾਧਾ, ਮੌਸਮ ਦਾ ਹਮਲਾਵਰ ਰੁਖ, ਪਾਣੀ ਦੀ ਕਿੱਲਤ, ਸਮੁੰਦਰ ਤਲ 'ਚ ਵਾਧਾ ਤੇ ਸਮੁੰਦਰੀ ਤੇ ਜ਼ਮੀਨ ਦੀ ਸਥਿਤੀ 'ਚ ਬਦਲਾਅ ਅਗਲੀ ਪੀੜ੍ਹੀ ਲਈ ਚੁਣੌਤੀਆਂ ਹੋਣਗੀਆਂ।

# ਜੀਵਨੀ ਸਾਹਿਤ- 'ਪਿੰਨੀਆਂ ਵਾਲਾ ਬਾਬਾ'

**ਜੀਵਨੀਕਾਰ- ਪ੍ਰਮਿੰਦਰ ਸਿੰਘ ਪ੍ਰਵਾਨਾ**

ਸੰਸਾਰ ਪ੍ਰਸਿੱਧ ਗੁਰਦੁਆਰਾ ਸਾਹਿਬ ਫਰੀਮਾਂਟ (ਕੈਲੇਫੋਰਨੀਆ) ਵਿਚ ਇਕ ਪਿੰਨੀਆਂ ਵਾਲਾ ਬਾਬਾ ਬੜਾ ਮਸ਼ਹੂਰ ਹੈ। ਉਹ ਤੁਹਾਨੂੰ ਸੇਵਾ ਕਰਦਾ ਮਿਲ ਜਾਵੇਗਾ। ਉਹ ਦਰਬਾਰ ਵਿਚੋਂ ਰਸਦ ਲਿਆ ਲੰਗਰ ਵਿਚ ਪਹੁੰਚਾਉਂਦਾ। ਵਿਹਲੇ ਸਮੇਂ ਦਰਬਾਰ ਜਾ ਬਹਿੰਦਾ। ਲੋਕ ਉਸਨੂੰ ਲੱਭਦੇ ਰਹਿੰਦੇ। ਕਿਸੇ ਨੂੰ ਪੁੱਛਦੇ ਬਾਬਾ ਨਹੀਂ ਵੇਖਿਆ ਤਾਂ ਲੋਕ ਹੌਲੀ ਜਿਹੀ ਕਹਿੰਦੇ ਪਿੰਨੀਆਂ ਭਾਲਦਾ ਹੋਊ। ਬਾਬੇ ਨੂੰ ਕੌਣ ਸਿਆਣਦਾ।

ਉਹ ਅਕਸਰ ਪੁੱਛਦਾ ਫਿਰੂ ਓ ਜਵਾਨਾ ਪਿੰਨੀ ਖਾਣੀ ਐ, ਲਿਆਦਿਆਂ ਕਿੰਨੀਆਂ 2-4 ਖਾ ਲੈ ਤਗੜਾ ਹੋ ਜਾਊ। ਬੜੀਆਂ ਸ਼ੈਆਂ ਪੈਂਦੀਆਂ, ਨਾਲ ਹੀ ਕਹਿ ਛੱਡਦਾ, ਕਈ ਖਾਣ ਵਾਲੇ ਹੀ ਨੇ ਕਈ ਮਾਇਆ ਦਾ ਹਿੱਸਾ ਪਾਉਂਦੇ ਨੇ। ਮੈਨੂੰ 12 ਸਾਲ ਹੋ ਗਏ ਪਿੰਨੀਆਂ ਵਰਤਾਉਂਦੇ ਨੂੰ, ਇਹ ਨਾਮ ਸਿਮਰਨ ਜੋ ਰਾਤ 12-4 ਤੱਕ ਜਪਦੇ ਹਨ, ਲਈ ਬਣਦੀਆਂ ਹਨ। ਇਹ ਕੋਈ ਸੌਖਾ ਕੰਮ ਨਹੀਂ। ਮੇਰਾ ਕੰਮ ਰਸਦ ਲਿਆ ਦੇਣਾ। ਸੰਗਤ ਬਣਾਉਂਦੀ ਮੈਂ ਸਾਂਭ ਰੱਖਦਾ ਹਾਂ। ਮਹਾਰਾਜ ਦੀ ਕਿਰਪਾ ਨਾਲ ਕਦੇ ਕੰਮ ਰੁਕਿਆ ਨਹੀਂ। ਮੇਰੇ ਨਾਲ ਕਈ ਨਰਾਜ਼ ਹੋ ਜਾਂਦੇ ਨੇ, ਜੇ ਕਦੇ ਪਿੰਨੀ ਨਾ ਦੇ ਸਕਾਂ। ਮੈਂ ਕਈ ਵਾਰ ਕਹਿਨਾ ਕਿ ਕੁੰਜੀਆਂ ਲੈ ਲਓ, ਕੋਈ ਲਾਗੇ ਨਹੀਂ ਆਉਂਦਾ। ਮੈਂ ਉਸ੍ਹੂੰ ਕਹਿ ਦਿੰਦਾ ਬਾਬਾ ਕੁੰਜੀਆਂ ਦਰਬਾਰ ਵਿਚ ਮੱਥਾ ਟੇਕ ਆ ਆਪੇ ਕੋਈ ਸੰਭਾਲ ਲਊ। ਉਹ ਹੱਸ ਛੱਡਦਾ, ਉਹ ਇਹ ਸੇਵਾ ਛੱਡਣੀ ਨਹੀਂ ਚਾਹੁੰਦਾ।

ਬਾਬੇ ਨੂੰ ਕਲਗੀਆਂ ਵਾਲੇ, ਬਾਜਾਂ ਵਾਲੇ ਗੁਰੂ ਗੋਬਿੰਦ ਸਿੰਘ ਜੀ ਤੇ ਅਥਾਹ ਵਿਸ਼ਵਾਸ ਹੈ। ਕਹਿੰਦਾ ਕਿ ਮੈਂ ਗੱਡੀ ਚਲਾਉਂਦਾ ਨਹੀਂ। ਮੈਂ ਇਕ ਦਿਨ ਸੋਚਿਆ ਕਿ ਜੇ ਕੋਈ ਮੈਨੂੰ ਘਰ ਛੱਡ ਆਇਆ ਕਰੇ ਤਾਂ ਮੈਂ ਰਾਤ ਦੀ ਕਥਾ ਸੁਣ ਕੇ ਜਾਵਾਂ। ਯਕੀਨ ਮੰਨੀ ਸੰਗਤ ਵਿਚ 3-4 ਆ ਗਏ। ਮੈਂ ਉਹਨਾਂ ਨੂੰ ਜਾਣਾ ਨਾ ਕਹਿੰਦੇ, ਬਾਬਾ ਅਸੀਂ ਛੱਡ ਆਵਾਂਗੇ, ਉਸ ਦਿਨ ਤੋਂ ਮੈਨੂੰ ਸਵਾਰੀ ਦਾ ਕੋਈ ਫਿਕਰ ਨਾ ਰਿਹਾ। ਮਹਾਰਾਜ ਆਪੇ ਸਾਰੇ ਕੰਮ ਸੰਵਾਰਦਾ, ਜੇ ਉਸਦੇ ਰਾਹ 'ਤੇ ਜਾਈਏ। ਇਕ ਵਾਰ ਮੈਨੂੰ ਚੱਕਰ ਆ ਗਿਆ, ਇਕ ਹੋਰ ਨੂੰ ਵੀ ਆਇਆ ਸੀ। ਉਸਦਾ ਪਾਸਾ ਖਲੋਅ ਗਿਆ।

ਮੈਂ ਬਾਜਾਂ ਵਾਲਿਆਂ ਅੱਗੇ ਅਰਦਾਸ ਕੀਤੀ ਕਿ ਜੇ ਉਂਝ ਲਿਜਾਣਾ ਈ ਤਾਂ ਲੈ ਜਾ, ਮੈਨੂੰ ਮੰਜੇ ਤੇ ਨਾਂ ਪਾਵੀਂ। ਨਹੀਂ ਤਾਂ ਲੋਕ ਕਹਿਣਗੇ ਪਿੰਨੀਆਂ ਵਾਲਾ ਬਾਬਾ ਮੰਜੇ ਤੇ ਪੈ ਗਿਆ। ਮੇਰੇ ਗਰੀਬ ਦਾ ਕੁਝ ਨਹੀਂ ਜਾਣਾ ਧੱਕਾ ਲੱਗੂ ਤੇਰੇ ਨਾਮ ਨੂੰ। ਡਾਕਟਰਾਂ ਮੈਨੂੰ ਵੇਖਿਆ, ਕਹਿੰਦੇ ਘਰ ਲੈ ਜਾਓ। ਫਿਰ ਮੈਂ ਇਕ ਵਾਰ ਇਕ ਡਾਕਟਰ ਨੂੰ ਕਿਹਾ, ਮੇਰੇ ਗੋਡੇ ਪੀੜ ਕਰਦੇ ਨੇ। ਪੁੱਛਦਾ ਕਿੰਨੀ ਉਮਰ ਐ, ਮੈਂ ਕਿਹਾ ਜਦੋਂ ਪਾਕਿਸਤਾਨ ਬਣਿਆ 18 ਵਰ੍ਹਿਆ ਦਾ ਸੀ। ਕਹਿੰਦਾ ਹੁਣ ਕੋਈ ਗੋਲੀ ਨਾ ਖਾਈਂ।

ਬਾਬੇ ਦਾ ਨਾਂ ਮਾਨ ਸਿੰਘ ਵੜੈਚ ਹੈ। ਪਿੰਡ ਡਿਊਡੀ ਵੜੈਚਾਂ ਦੀ ਗੁਜਰਾਂਵਾਲੀ (ਪਾਕਿਸਤਾਨ) ਪਿਤਾ ਦਾ ਨਾਂ ਬੰਤ ਸਿੰਘ, ਮਾਤਾ ਦਾ ਨਾਂ ਇੰਦਰ ਕੌਰ। ਪਾਕਿਸਤਾਨ ਤੋਂ ਆਇਆ 18 ਕੁ ਸਾਲਾਂ ਦਾ ਸਾਂ।

ਭਾਰਤ ਵਿਚ ਪਿੰਡ ਨੀਸਿੰਘ (ਕਰਨਾਲ) ਹੈ। ਵਿਆਹ ਦੀਪ ਕੋਰ ਨਾਲ ਕਰਨਾਲ ਹੋਇਆ। ਤਿੰਨ ਪੁੱਤਰ ਤੇ ਤਿੰਨ ਧੀਆਂ ਹਨ। ਪਿੰਡ ਜ਼ਿੰਮੀਦਾਰਾ ਕਰਦੇ ਸਾਂ। ਘੁਲਦਾ ਵੀ ਸਾਂ, ਬੜੇ ਦਾਅ ਆਉਂਦੇ ਸਨ।

ਧੋਲੀ, ਕਲਾਜੰਗ, ਮੋੜਾ ਕਡਿੰਗੀ। ਪਾਕਿਸਤਾਨ ਤੋਂ ਆਇਆ ਚੰਗਾ ਗੱਭਰੂ ਜਵਾਨ ਸਾਂ। ਢਾਣੀ ਦੇ ਬਦਮਾਸ਼ਾਂ ਮੈਨੂੰ ਨਾਲ ਰਲਾਉਣਾ ਚਾਹਿਆ। ਪਰ ਮੇਰੇ ਕੋਲ ਬਾਪ ਦੀ ਸਾਢੇ 12 ਕਿਲੇ ਜ਼ਮੀਨ ਸੀ, ਮੈਂ ਕਿਹਾ ਕਿਉਂ ਨਾ ਆਪਣੀ ਮਿਹਨਤ ਕਰਾਂ ਤੇ ਜ਼ਮੀਨ ਵਧਾਵਾਂ ਤੇ ਮੈਂ ਵਧਾਈ ਵੀ।

27 ਸਾਲ ਹੋ ਗਏ ਅਮਰੀਕਾ ਆਪਣੇ ਪੁੱਤਰ ਕੋਲ ਰਹਿੰਦਿਆਂ, ਉਹ ਡਰਾਈਵਿੰਗ ਸਕੂਲ ਚਲਾਉਂਦਾ ਹੈ। ਘਰ ਵਿਚ ਬੜਾ ਇਤਫ਼ਾਕ ਹੈ, ਸਾਰੇ ਇਕੋ ਸਲਾਹ ਨਾਲ ਚਲਦੇ ਹਨ। ਕੋਈ ਵੱਖ ਨਹੀਂ ਹੋਇਆ, ਇਕੱਠੇ ਰਹਿੰਦੇ ਹਨ।

ਦੁਨੀਆਂਦਾਰੀ ਦੀ ਗੱਲ ਹੈ, ਇਤਫ਼ਾਕ ਨਹੀਂ ਰਿਹਾ। ਸਾਡੇ ਵੇਲੇ ਜੇ ਕੋਈ ਧੀ-ਪੁੱਤ ਚੰਗਾ ਹੁਸ਼ਿਆਰ ਨਿਕਲਦਾ ਤਾਂ ਖੁਸ਼ ਹੁੰਦੇ ਸਾਂ ਕਿ ਪਿੰਡ ਦਾ ਨਾਂ ਰੋਸ਼ਨ ਕਰੂ। ਜੇ ਕੋਈ ਵਿਹਲਾ ਜਾਂ ਸੁਸਤ ਹੁੰਦਾ ਤਾਂ ਉਸਨੂੰ ਕੰਮ ਕਰਨ ਨੂੰ ਕਹਿਣਾ ਤਗੜਾ ਹੋ ਜਾ, ਅੱਜਕਲ੍ਹ ਇਤਫ਼ਾਕ ਨਹੀਂ। ਲੋਕ ਇਕ-ਦੂਜੇ ਨੂੰ ਵੇਖ ਕੇ ਸੜਦੇ ਹਨ।

ਕਾਲੀਦਾਸ ਮੈਂ ਚਰਜ ਹੈਰਾਨ ਹੋਨਾ
ਖਾਣਾ ਆਪਣਾ ਤੇ ਸੜਦੇ ਲੋਕ ਕਿਉਂ ਨੇ
ਕਾਲੀਦਾਸ ਮਾਪੇ ਯਾਦ ਪੈਂਦੇ।
ਜਦੋਂ ਹੱਥੀਂ ਮੁਸੀਬਤਾਂ ਪੈਂਦੀਆਂ ਨੇ।

ਅਜਿਹੇ ਕਈ ਕਿਸੇ ਛੰਦ, ਦੋਹੇ, ਟੋਟਕੇ ਬਾਬੇ ਨੂੰ ਜਬਾਨੀ ਯਾਦ ਹਨ।

**ਅੰਤਿਕਾ:-** ਇਹ ਸਧਾਰਨ ਸੱਜਣ ਦੀ ਜੀਵਨੀ ਇਕ ਆਦਰਸ਼ ਮਹੱਤਵ ਰੱਖਦੀ ਹੈ ਕਿ ਉਸਨੇ ਸੇਵਾ ਦੇ ਇਕ ਨਿਯਮ ਵਿਚ ਬੱਝ ਕੇ ਪਿੰਨੀਆਂ ਵਰਤਾਉਣ ਦੀ ਸੇਵਾ ਕੀਤੀ ਹੈ। ਮੁਲਾਜ਼ੇ ਰੋਸੇ ਪਾਲਦਾ ਵੀ ਮਸਤ ਰਹਿੰਦਾ ਹੈ। ਜੋ ਉਸਦੀ ਸੇਵਾ ਦਾ ਰਸ ਹੈ। ਇਸ ਜੀਵਨੀ ਨੂੰ ਅਸੀਂ ਵਰਤਮਾਨ ਸੱਚ ਵਿਚ ਵੇਖ ਸਕਦੇ ਹਾਂ।



## ਗੁਰੂ ਨਾਨਕ ਜੀ

ਗੁਰੂ ਨਾਨਕ ਜੀ ਕੀ ਸਮਝਾਉਂਦੇ, ਕੁਝ ਤਾਂ ਕਰੇ ਧਿਆਨ ਜ਼ਮਾਨਾ ....
ਆਪਣਾ ਹੀ ਫਾਇਦਾ ਸੋਚਦਾ ਆਇਆ, ਇੱਥੇ ਬਹੁਤਾ ਬੇਈਮਾਨ ਜ਼ਮਾਨਾ ...

ਲਿਖਾਰੀ ਤਾਂ ਦੁਨੀਆਂ ਤੇ ਬਹੁਤ ਹੋਏ, ਗੁਰੂ ਨਾਨਕ ਨੂੰ ਜਾਣਿਆ ਕਿਸੇ ਕਿਸੇ
ਲਿਖਤਾਂ ਗੁਰੂ ਜੀ ਦੀਆਂ ਬਹੁਤ ਕੀਮਤੀ, ਇਹਨਾਂ ਨੂੰ ਪਛਾਣਿਆ ਕਿਸੇ ਕਿਸੇ
ਬੇਈਮਾਨੀ ਦੇ ਪੈਸੇ ਵਿਚੋਂ, ਬਹੁਤਾ ਦਿੰਦਾ ਹੈ ਦਾਨ ਜ਼ਮਾਨਾ
ਗੁਰੂ ਨਾਨਕ ਜੀ ਕੀ ਸਮਝਾਉਂਦੇ, ਕੁਝ ਤਾਂ ਕਰੇ ਧਿਆਨ ਜ਼ਮਾਨਾ।

ਅਸੀਂ ਤੁਸੀਂ ਝੂਠੇ ਹੋ ਸਕਦੇ ਹਾਂ, ਗੁਰਬਾਣੀ ਹੈ ਜੀ ਸੱਚੀ ਸਾਰੀ
ਸਮਝ ਕੇ ਬਾਣੀ ਤੇ ਅਸਰ ਨਹੀਂ ਕਰਦੇ, ਇਹੀ ਸਾਡੀ ਗਲਤੀ ਭਾਰੀ
ਬੱਸ ਆਪਣਾ ਹੀ ਨਾਮ ਚਮਕਾਈਏ, ਇਹੀ ਸਮਝਦਾ ਹੈ ਸ਼ਾਨ ਜ਼ਮਾਨਾ

ਆਪਣਾ ਹੀ ਫਾਇਦਾ ਸੋਚਦਾ ਆਇਆ .....

ਬਾਬੇ ਨਾਨਕ ਤੋਂ ਵੱਧ ਸਿਆਣਾ, ਦੁਨੀਆਂ ਤੇ ਕੋਈ ਨਹੀਂ ਆਇਆ
ਸਭ ਲਈ ਸਾਂਝਾ ਸਿੱਖ ਧਰਮ ਹੈ, ਕਿਸੇ ਗੱਲ ਦਾ ਫਰਕ ਨਹੀਂ ਪਾਇਆ
ਸਿਫ਼ਤ ਧੰਨ ਗੁਰੂ ਨਾਨਕ ਜੀ ਦੀ, ਨਹੀਂ ਕਰ ਸਕਦਾ ਬਿਆਨ ਜ਼ਮਾਨਾ
ਆਪਣਾ ਹੀ ਫਾਇਦਾ ਸੋਚਦਾ ਆਇਆ .....

ਪੰਡਤ ਮੁੱਲਾਂ ਵੀ ਹਾਰ ਗਏ ਸੀ, ਸਾਡੇ ਕੋਲ ਨਹੀਂ ਹੈ ਪੜ੍ਹਾਈ ਜੀ
ਸਭ ਦੁਨੀਆਂ ਤੇ ਚਾਰੇ ਪਾਸੇ, ਗੁਰੂ ਨਾਨਕ ਜੀ ਦੀ ਵਡਿਆਈ ਜੀ
ਗੁਰਬਾਣੀ ਤੇ ਚਾਰੇ ਪਾਸੇ, ਗੁਰੂ ਨਾਨਕ ਜੀ ਦੀ ਵਡਿਆਈ ਜੀ
ਗੁਰੂ ਨਾਨਕ ਜੀ ਕੀ ਸਮਝਾਉਂਦੇ, ਕੁਝ ਤਾਂ ਕਰੇ ਧਿਆਨ ਜ਼ਮਾਨਾ।

ਉਸੇ ਦਾਤੇ ਦਾ ਦਿੱਤਾ ਜਰੀਏ, ਮਿਹਰ ਕਰੇਗਾ ਰੱਬ ਹੈ ਨੇੜੇ ਜੀ
ਸੱਚੇ ਦਿਲੋਂ ਜੇ ਦਇਆ ਕਰੀਏ, ਪਾਰ ਹੋ ਜਾਂਦੇ ਹੈ ਬੇੜੇ ਜੀ
ਅਜੀਤ ਸਿੰਘ ਬਾਹੀਆ ਵੀ ਫਸਿਆ, ਫਸਿਆ ਦੋ ਚਿੱਤਾਂ ਦਰਮਿਆਨ ਜ਼ਮਾਨਾ
ਗੁਰੂ ਨਾਨਕ ਜੀ ਕੀ ਸਮਝਾਉਂਦੇ, ਕੁਝ ਤਾਂ ਕਰੇ ਧਿਆਨ ਜ਼ਮਾਨਾ।



**-ਅਜੀਤ ਸਿੰਘ ਬਾਹੀਆ**
410-314-2849






BUYING OR SELLING REAL ESTATE? WE CAN HELP!



Residential & Commercial
**John Singh Banga**
Your Honest & Experienced REALTOR
(916) 271-5404
Banga.Realtor@gmail.com
Visit My Website:
www.banga.bhhser.com
CALBRE #01397975

Residential Home Financing
**Akash Banga**
Loan Originator
(916) 705-7837
Abanga@rhloans.com
Visit My Website:
ResidentialHomeLoans.com/abanga
RHL RESIDENTIAL HOME LOANS
NMLS #1868842



# Buying or Selling any Business? Call Now 916-271-5404

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




Indian Restaurant
For Sale In Stockton
All Equipment & Fixtures Included
Listing Price: $149,900




2 Bedroom, 2 Bathroom
Sqft: 1280*, Lot Size: 3920*
Listing Price: $295,000
Sacramento, CA




Smoke Shop for Sale in Sacramento
Monthly Gross Sales: $50K
Listing Price: $89,000




Gas Station, Liquor Store,
Deli, & Laundromat!
In Contra Costa County, CA
Listing Price: $1,200,000




Auto Repair & Lube Shop
Lot Size: 2000, Rent is ONLY
$1500/mo.
Listing Price to $139,000
Sacramento, CA




Liquor Store for Sale in Santa Clara
Monthly Gross Sale: $90K
Listing Price: $649,000 plus Inventory




3 Bedroom, 3 Bathroom
Sqft: 1567*, Lot Size: 2448*
Listing Price: $325,000
Sacramento, CA




5 Bedroom, 4 Bathroom
Sqft: 3006, Lot Size: 8276*
Listing Price: $599,000
Sacramento, CA




Subway
for Sale in Sacramento
Listing Price: $224,900




Indian Restaurant
for Sale in Sacramento
Listing Price: $149,000




Liquor Store for Sale in Sacramento
Monthly Gross Sale: 80K
Down Payment: 350K (Seller will carry Rest)
Listing Price: $499,000 plus Inventory




Coffee Shop for Sale
Monthly Gross Sales: $25,000
Listing Price: $150,000




4 Bedroom, 3 Bathroom
Sqft: 2476*, Lot Size: 6617*
Listing Price: $549,900 Elk Grove, CA




5 Bedroom, 4 Bathroom
Sqft: 2725*, Lot Size: 5249*
Listing Price: $489,000 Elk Grove, CA




3 Bedroom, 2 Bathroom
Sqft: 1675*, Lot Size: 4792*
Listing Price: $398,000 Sacramento, CA




BERKSHIRE HATHAWAY
Home Services
Elite Real Estate

# OFFICE: 7412 ELSIE AVE., SACRAMENTO, CA 95828

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES
## WASH, LUBE, BRAKES

Call:
650-642-0697

## 3525 Highway 99, West Corning, CA 96021
Across the Street from TA Truck Stop



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

## ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust